ਸੋਮਵਾਰ, 29 ਦਸੰਬਰ, 2025
15 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 209

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 29 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸੇਂਗਰ ਦੀ ਸਜ਼ਾ ਮੁਅੱਤਲੀ ਵਿਰੁੱਧ ਸੁਣਵਾਈ ਅੱਜ

**ਨਵੀਂ ਦਿੱਲੀ** : ਸੁਪਰੀਮ ਕੋਰਟ 29 ਦਸੰਬਰ ਨੂੰ ਸੀ ਬੀ ਆਈ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਤਿਆਰ ਹੈ, ਜਿਸ ਵਿੱਚ ਦਿੱਲੀ ਹਾਈ ਕੋਰਟ ਵੱਲੋਂ ਉਨਾਓ ਬਲਾਤਕਾਰ ਮਾਮਲੇ ਦੇ ਮੁੱਖ ਦੋਸ਼ੀ ਅਤੇ ਸਾਬਕਾ ਭਾਜਪਾ ਆਗੂ ਕੁਲਦੀਪ ਸਿੰਘ ਸੇਂਗਰ ਦੀ ਉਮਰ ਕੈਦ ਦੀ ਸਜ਼ਾ ਮੁਅੱਤਲ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲਾ ਤਿੰਨ ਜੱਜਾਂ ਦਾ ਵਿਸ਼ੇਸ਼ ਬੈਂਚ ਇਸ ਮਾਮਲੇ ਦੀ ਸੁਣਵਾਈ ਕਰੇਗਾ। ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਹਾਲ ਹੀ ਵਿੱਚ ਸੇਂਗਰ ਦੀ ਸਜ਼ਾ ਮੁਅੱਤਲ ਕਰਦਿਆਂ ਉਸ ਨੂੰ ਜ਼ਮਾਨਤ ਦਿੱਤੀ ਸੀ, ਜਿਸ ਵਿਰੁੱਧ ਸੀ ਬੀ ਆਈ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਦੂਜੇ ਪਾਸੇ, ਪੀੜਤਾ ਅਤੇ ਉਸ ਦੀ ਮਾਂ ਨੇ ਦਿੱਲੀ ਵਿੱਚ ਸੀ ਬੀ ਆਈ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਜਾਂਚ ਅਧਿਕਾਰੀ 'ਤੇ ਮਿਲੀਭੁਗਤ ਦੇ ਗੰਭੀਰ ਦੋਸ਼ ਲਗਾਉਂਦਿਆਂ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਇਨਸਾਫ਼ ਲਈ ਸੁਪਰੀਮ ਕੋਰਟ 'ਤੇ ਭਰੋਸਾ ਜਤਾਇਆ ਹੈ। ਸੇਂਗਰ ਨੂੰ 2019 ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਹਾਲਾਂ ਕਿ ਜ਼ਮਾਨਤ ਮਿਲਣ ਦੇ ਬਾਵਜੂਦ ਉਹ ਕਤਲ ਦੇ ਇੱਕ ਹੋਰ ਮਾਮਲੇ ਵਿੱਚ 10 ਸਾਲ ਦੀ ਸਜ਼ਾ ਕੱਟਣ ਕਾਰਨ ਜੇਲ੍ਹ ਵਿੱਚ ਹੀ ਰਹੇਗਾ।

## ਸੇਂਗਰ ਦੇ ਵਿਰੋਧੀਆਂ ਤੇ ਸਮਰਥਕਾਂ 'ਚ ਝੜਪ

**ਨਵੀਂ ਦਿੱਲੀ** : 2017 ਦੇ ਉਨਾਵ ਜਬਰ-ਜ਼ਨਾਹ ਮਾਮਲੇ ਦੀ ਪੀੜਤਾ ਦਾ ਸਮਰਥਨ ਕਰਨ ਵਾਲੇ ਲੋਕਾਂ, ਜੋ ਦੋਸ਼ੀ ਕੁਲਦੀਪ ਸਿੰਘ ਸੇਂਗਰ ਦੀ ਉਮਰ ਕੈਦ ਦੀ ਸਜ਼ਾ ਨੂੰ ਮੁਅੱਤਲ ਕਰਨ ਦੇ ਦਿੱਲੀ ਹਾਈ ਕੋਰਟ ਦੇ ਆਦੇਸ਼ ਵਿਰੁੱਧ ਜੰਤਰ-ਮੰਤਰ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਸਨ ਅਤੇ ਸੇਂਗਰ ਦਾ ਸਮਰਥਨ ਕਰਨ ਵਾਲੇ 'ਪੁਰਸ਼ ਆਯੋਗ' ਦੇ ਮੈਂਬਰਾਂ ਵਿਚਕਾਰ ਝੜਪ ਹੋ ਗਈ। ਇਸ ਮੌਕੇ ਮਹਿਲਾ ਕਾਰਕੁਨ ਯੋਗਿਤਾ ਭਯਾਨਾ ਨੇ ਕਿਹਾ, 'ਸੇਂਗਰ ਦੇ ਹੱਕ ਵਿੱਚ ਸਿਰਫ਼ ਇਕ ਔਰਤ ਅੱਗੇ ਆਈ ਹੈ। ਮੈਨੂੰ ਲੱਗਦਾ ਹੈ ਕਿ ਉਹ ਮਾਨਸਕ ਤੌਰ 'ਤੇ ਅਸਥਿਰ ਹੈ। ਉਸ ਨੂੰ ਦਵਾਈ ਦੀ ਲੋੜ ਹੈ। ਉਹ ਕੁਲਦੀਪ ਸਿੰਘ ਸੇਂਗਰ ਦਾ ਸਮਰਥਨ ਕਰਨ ਵਾਲੀ ਪਹਿਲੀ ਅਤੇ ਆਖਰੀ ਔਰਤ ਹੋਵੇਗੀ। ਅਸੀਂ ਸਬੂਤਾਂ ਤੋਂ ਬਿਨਾਂ ਗੱਲ ਨਹੀਂ ਕਰ ਰਹੇ। ਉਹ ਇਕ ਦੋਸ਼ੀ ਹੈ। ਉਸ ਨੂੰ ਪਹਿਲਾਂ ਹੀ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਅਸੀਂ ਉਸ ਦੀ ਜ਼ਮਾਨਤ ਦਾ ਵਿਰੋਧ ਕਰ ਰਹੇ ਹਾਂ...ਕਲਪਨਾ ਕਰੋ ਕਿ ਇਹ ਪੀੜਤ ਲਈ ਕਿੰਨਾ ਨਿਰਾਸ਼ਾਜਨਕ ਹੋਵੇਗਾ...।'

## ਰੂਸ ਸਾਰੇ ਫੌਜੀ ਤਰੀਕਿਆਂ ਨਾਲ ਟੀਚੇ ਪ੍ਰਾਪਤ ਕਰੇਗਾ : ਪੁਤਿਨ

**ਮਾਸਕੋ** : ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਰੂਸੀ ਹਥਿਆਰਬੰਦ ਸੈਨਾਵਾਂ ਦੀ ਇਕ ਕਮਾਂਡ ਪੋਸਟ ਦਾ ਦੌਰਾ ਕੀਤਾ। ਉੱਥੇ ਉਨ੍ਹਾ ਕਿਹਾ ਕਿ ਜੇਕਰ ਯੂਕਰੇਨ ਸ਼ਾਂਤੀਪੂਰਨ ਢੰਗ ਨਾਲ ਚੀਜ਼ਾਂ ਨੂੰ ਖ਼ਤਮ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਰੂਸ ਤਾਕਤ ਨਾਲ ਚੁਣੌਤੀਆਂ ਦਾ ਸਾਹਮਣਾ ਕਰੇਗਾ। ਪੁਤਿਨ ਨੇ ਕਿਹਾ—ਜੇਕਰ ਕੀਵ ਸ਼ਾਂਤੀ ਨਹੀਂ ਚਾਹੁੰਦਾ ਤਾਂ ਰੂਸ ਫ਼ੌਜੀ ਤਰੀਕਿਆਂ ਨਾਲ ਸਾਰੇ ਵਿਸ਼ੇਸ਼ ਫ਼ੌਜੀ ਅਪ੍ਰੇਸ਼ਨ ਟੀਚਿਆਂ ਨੂੰ ਪ੍ਰਾਪਤ ਕਰੇਗਾ। ਪੁਤਿਨ ਨੇ ਕਿਹਾ ਕਿ ਰੂਸੀ ਫੌਜ ਯੂਕਰੇਨੀ ਸਰਹੱਦ 'ਤੇ ਇਕ ਬਫਰ ਜ਼ੋਨ ਦੀ ਸਥਾਪਨਾ ਲਈ ਚੰਗੀ ਤਰ੍ਹਾਂ ਅੱਗੇ ਵਧ ਰਹੀ ਹੈ ਤੇ ਰੂਸੀ ਹਥਿਆਰਬੰਦ ਸੈਨਾਵਾਂ ਡੋਨਬਾਸ ਅਤੇ ਜ਼ਾਪੋਰੋਜ਼ਯ ਖੇਤਰ ਵਿਚ ਪੂਰੀ ਲੜਾਈ ਲਾਈਨ ਦੇ ਨਾਲ ਅੱਗੇ ਵਧ ਰਹੀਆਂ ਹਨ।

## ਫਾਇਰਿੰਗ ਰੇਂਜ 'ਚ ਧਮਾਕੇ ਦੌਰਾਨ 4 ਜਵਾਨ ਜ਼ਖ਼ਮੀ

**ਸਹਾਰਨਪੁਰ** : ਉਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਵਿੱਚ ਰਾਖਵੀਂ ਬਡਕਲਾ ਫਾਇਰਿੰਗ ਰੇਂਜ ਵਿੱਚ ਗੋਲੀਬਾਰੀ ਦੇ ਅਭਿਆਸ ਦੌਰਾਨ ਹੋਏ ਇੱਕ ਧਮਾਕੇ ਵਿੱਚ ਭਾਰਤੀ ਫੌਜ ਦੇ ਚਾਰ ਜਵਾਨ ਜ਼ਖ਼ਮੀ ਹੋ ਗਏ। ਪੁਲਸ ਸੁਪਰਡੈਂਟ (ਦਿਹਾਤੀ) ਸਾਗਰ ਜੈਨ ਨੇ ਐਤਵਾਰ ਦੱਸਿਆ ਕਿ ਇਹ ਘਟਨਾ ਸਨਿੱਚਰਵਾਰ ਸ਼ਾਮ ਨੂੰ ਵਾਪਰੀ, ਜਦੋਂ ਰੋਜ਼ਾਨਾ ਦੀ ਤਰ੍ਹਾਂ ਫਾਇਰਿੰਗ ਅਭਿਆਸ ਚੱਲ ਰਿਹਾ ਸੀ। ਧਮਾਕੇ ਤੋਂ ਤੁਰੰਤ ਬਾਅਦ ਮਿਰਜ਼ਾਪੁਰ ਅਤੇ ਬੇਹਟ ਦੀਆਂ ਪੁਲਸ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਜ਼ਖ਼ਮੀ ਜਵਾਨਾਂ ਨੂੰ ਬੇਹਟ ਦੇ ਪ੍ਰਾਇਮਰੀ ਹੈੱਲਥ ਸੈਂਟਰ ਵਿੱਚ ਦਾਖ਼ਲ ਕਰਵਾਇਆ। ਜ਼ਖ਼ਮੀਆਂ ਦੀ ਪਛਾਣ ਸੁਰੇਸ਼ (45), ਪਵਿੱਤਰ (35), ਦੀਪਕ (27) ਅਤੇ ਪ੍ਰਵੀਨ (30) ਵਜੋਂ ਹੋਈ ਹੈ, ਜਿਨ੍ਹਾਂ ਵਿੱਚੋਂ ਸੁਰੇਸ਼ ਅਤੇ ਦੀਪਕ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ **ਤਰਸਿੱਕਾ** ਅੰਮ੍ਰਿਤਸਰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਸਾਡੇ ਪੱਤਰਕਾਰ **ਤਰਸੇਮ ਸਿੰਘ ਸਾਧਪੁਰ** ਨਾਲ ਤਰਸੇਮ ਫੋਟੋ ਸਟੂਡੀਓ ਖੁਜਾਲਾ ਜਾਂ ਮੋਬਾਇਲ ਨੰਬਰ 99882-03163 'ਤੇ ਸੰਪਰਕ ਕੀਤਾ ਜਾ ਸਕਦਾ ਹੈ। -ਜਨਰਲ ਮੈਨੇਜਰ


## ਅਰਾਵਲੀ 'ਤੇ ਅੱਜ ਅਹਿਮ ਸੁਣਵਾਈ



**ਨਵੀਂ ਦਿੱਲੀ** : ਅਰਾਵਲੀ ਦੀਆਂ ਪਹਾੜੀਆਂ ਵਿੱਚ ਗੈਰ-ਕਾਨੂੰਨੀ ਮਾਈਨਿੰਗ ਕਾਰਨ ਵਾਤਾਵਰਣ ਦੇ ਹੋ ਰਹੇ ਨੁਕਸਾਨ ਬਾਰੇ ਫੈਲੀਆਂ ਚਿੰਤਾਵਾਂ ਦਰਮਿਆਨ ਸੁਪਰੀਮ ਕੋਰਟ ਨੇ ਇਸ ਦੀ ਪਰਿਭਾਸ਼ਾ ਨਾਲ ਜੁੜੇ ਮੁੱਦਿਆਂ 'ਤੇ ਖੁਦ (ਸੂ ਮੋਟੋ) ਨੋਟਿਸ ਲਿਆ ਹੈ ਅਤੇ ਇਸ ਮਾਮਲੇ ਦੀ ਸੋਮਵਾਰ ਨੂੰ ਤੁਰੰਤ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੇ ਕੇ ਮਾਹੇਸ਼ਵਰੀ ਅਤੇ ਜਸਟਿਸ ਏ ਜੀ ਮਸੀਹ ਦੀ ਅਗਵਾਈ ਵਾਲਾ ਵਿਸ਼ੇਸ਼ ਵੈਕੇਸ਼ਨ ਬੈਂਚ 29 ਦਸੰਬਰ ਨੂੰ ਇਸ ਕੇਸ ਦੀ ਸੁਣਵਾਈ ਕਰੇਗਾ, ਜਿਸ ਦਾ ਸਿਰਲੇਖ 'ਅਰਾਵਲੀ ਪਹਾੜੀਆਂ ਅਤੇ ਸ਼੍ਰੇਣੀਆਂ ਦੀ ਪਰਿਭਾਸ਼ਾ ਅਤੇ ਸਹਾਇਕ ਮੁੱਦੇ' ਰੱਖਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਕਤੂਬਰ 2025 ਵਿੱਚ ਸੁਪਰੀਮ ਕੋਰਟ ਦੀ ਇੱਕ ਕਮੇਟੀ ਨੇ ਸੁਝਾਅ ਦਿੱਤਾ ਸੀ ਕਿ 100 ਮੀਟਰ ਜਾਂ ਇਸ ਤੋਂ ਵੱਧ ਦੀ ਉਚਾਈ ਵਾਲੇ ਖੇਤਰਾਂ ਨੂੰ ਅਰਾਵਲੀ ਪਹਾੜੀਆਂ ਮੰਨਿਆ ਜਾਵੇ, ਜਿਸ ਨੂੰ ਅਦਾਲਤ ਨੇ ਪਹਿਲਾਂ ਸਵੀਕਾਰ ਕਰ ਲਿਆ ਸੀ, ਪਰ ਵਾਤਾਵਰਣ ਪ੍ਰੇਮੀਆਂ ਵੱਲੋਂ ਇਸ ਨਵੀਂ ਪਰਿਭਾਸ਼ਾ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਅਨੁਸਾਰ ਇਸ ਨਾਲ ਸੁਰੱਖਿਅਤ ਖੇਤਰਾਂ ਵਿੱਚ ਮਾਈਨਿੰਗ ਅਤੇ ਉਸਾਰੀ ਨੂੰ ਕਾਨੂੰਨੀ ਮਾਨਤਾ ਮਿਲ ਸਕਦੀ ਹੈ।

ਅਦਾਲਤ ਨੇ ਪਹਿਲਾਂ ਮਾਈਨਿੰਗ 'ਤੇ ਮੁਕੰਮਲ ਪਾਬੰਦੀ ਲਗਾਉਣ ਤੋਂ ਇਨਕਾਰ ਕਰਦਿਆਂ ਕੇਂਦਰੀ ਵਾਤਾਵਰਣ ਮੰਤਰਾਲੇ ਨੂੰ ਟਿਕਾਊ ਮਾਈਨਿੰਗ ਲਈ ਇੱਕ ਪ੍ਰਬੰਧਨ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਸਨ, ਤਾਂ ਜੋ ਵਾਤਾਵਰਣ ਦੀ ਰਾਖੀ ਕਰਦੇ ਹੋਏ ਸੀਮਤ ਮਾਈਨਿੰਗ ਜਾਰੀ ਰੱਖੀ ਜਾ ਸਕੇ।

## ਰੂਸੀ ਫੌਜ 'ਚ ਭਰਤੀ ਹੋਏ 10 ਭਾਰਤੀਆਂ ਦੀ ਮੌਤ ਦੀ ਪੁਸ਼ਟੀ : ਚਾਰ ਅਜੇ ਵੀ ਲਾਪਤਾ

**ਸ਼ਾਹਕੋਟ/ਸੁਲਤਾਨਪੁਰ ਲੋਧੀ (ਗਿਆਨ ਸੈਦਪੁਰੀ/ਬਲਵਿੰਦਰ ਧਾਲੀਵਾਲ)**



ਸੀਚੇਵਾਲ ਕੁਟੀਆ ਵਿਖੇ ਜਾਣਕਾਰੀ ਦਿੰਦੇ ਹੋਏ ਜਗਦੀਪ ਤੇ ਹੋਰ।

ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ ਨੂੰ ਗਏ ਜਿਹੜੇ ਭਾਰਤੀ ਨੌਜਵਾਨ ਰੂਸ ਦੀ ਫੌਜ ਵਿੱਚ ਭਰਤੀ ਹੋ ਗਏ ਸਨ, ਉਨ੍ਹਾਂ ਵਿੱਚੋਂ 10 ਜਣਿਆਂ ਦੀ ਮੌਤ ਹੋ ਗਈ ਹੈ। ਰੂਸੀ ਫੌਜ ਵਿੱਚ ਯੂਕਰੇਨ ਨਾਲ ਜੰਗ ਲੜਦਿਆਂ ਆਪਣੀ ਜਾਨ ਗਵਾਉਣ ਵਾਲਿਆਂ ਵਿੱਚ ਤਿੰਨ ਪੰਜਾਬੀ ਵੀ ਹਨ। ਬਾਕੀ 7 ਨੌਜਵਾਨ ਉੱਤਰ ਪ੍ਰਦੇਸ਼, ਜੰਮੂ ਨਾਲ ਸੰਬੰਧਤ ਸਨ। ਇਨ੍ਹਾਂ ਨੌਜਵਾਨਾਂ ਨੂੰ ਲੱਭਣ ਵਾਸਤੇ ਪੰਜਾਬ ਤੋਂ ਰੂਸ ਗਏ ਨੌਜਵਾਨ ਜਗਦੀਪ ਸਿੰਘ ਨੇ ਮਾਸਕੋ ਸਮੇਤ ਹੋਰ ਥਾਵਾਂ 'ਤੇ ਭਾਰਤੀ ਨੌਜਵਾਨਾਂ ਦੀ ਭਾਲ ਕੀਤੀ, ਜਿਹੜੇ ਰੂਸ ਫੌਜ ਵਿੱਚ ਭਰਤੀ ਹੋਏ ਸਨ, ਪਰ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਸੀ ਲੱਗ ਰਿਹਾ।

ਵਾਪਸ ਪਰਤੇ ਜਗਦੀਪ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਦਫਤਰ ਪਹੁੰਚ ਕੇ ਉਹ ਸਾਰੇ ਦਸਤਾਵੇਜ਼ ਦਿਖਾਏ, ਜਿਸ ਵਿੱਚ ਰੂਸੀ ਫੌਜ ਨੇ ਇਨ੍ਹਾਂ ਨੌਜਵਾਨਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਸੀ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਮਾਰੇ ਗਏ ਨੌਜਵਾਨਾਂ ਦੇ ਮਾਪੇ ਤਾਂ ਆਪਣੇ ਪੁੱਤਰਾਂ ਦੀ ਸੁੱਖ-ਸਾਂਦ ਉਡੀਕ ਰਹੇ ਸਨ, ਪਰ ਉਨ੍ਹਾਂ ਨੂੰ ਲੰਮੇ ਸਮੇਂ ਬਾਅਦ ਆਪਣਿਆਂ ਦੇ ਯੂਕਰੇਨ-ਰੂਸ ਜੰਗ ਦੀ ਭੇਟ ਚੜ੍ਹ ਜਾਣ ਦੀਆਂ ਖ਼ਬਰਾਂ ਵੀ ਬਹੁਤ ਦੇਰ ਬਾਅਦ ਮਿਲੀਆਂ। ਜਗਦੀਪ ਮੁਤਾਬਕ ਜਿਹੜੇ 10 ਭਾਰਤੀ ਰੂਸ ਦੀ ਫੌਜ ਵਿੱਚ ਮਾਰੇ ਗਏ ਹਨ, ਉਨ੍ਹਾ ਵਿੱਚ ਅੰਮ੍ਰਿਤਸਰ ਦੇ ਤੇਜਪਾਲ ਸਿੰਘ, ਲਖਨਊ ਦੇ ਅਰਵਿੰਦ ਕੁਮਾਰ, ਯੂ ਪੀ ਦੇ ਧੀਰੇਂਦਰ ਕੁਮਾਰ, ਵਿਨੋਦ ਯਾਦਵ ਤੇ ਯੋਗੇਂਦਰ ਯਾਦਵ ਸਮੇਤ 5 ਹੋਰ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। ਜਿਹੜੇ ਚਾਰ ਭਾਰਤੀ ਲਾਪਤਾ ਦੱਸੇ ਜਾ ਰਹੇ ਹਨ, ਉਨ੍ਹਾਂ ਵਿੱਚ ਦੀਪਕ, ਯੋਗੇਸ਼ਵਰ ਪ੍ਰਸਾਦ, ਅਜ਼ਹਰੂਦੀਨ ਖਾਨ ਅਤੇ ਰਾਮ ਚੰਦਰ ਸ਼ਾਮਲ ਹਨ।

ਜਗਦੀਪ ਨੇ ਦੱਸਿਆ ਕਿ ਉਸ ਵੱਲੋਂ ਸੰਤ ਸੀਚੇਵਾਲ ਨਾਲ ਪਹਿਲੀ ਮੁਲਾਕਾਤ 29 ਜੂਨ 2024 ਨੂੰ ਕੀਤੀ ਗਈ ਸੀ, ਜਿਸ ਦੌਰਾਨ ਉਹਨਾ ਆਪਣੇ ਭਰਾ ਮਨਦੀਪ ਸਮੇਤ ਰਸ਼ੀਅਨ ਆਰਮੀ ਵਿੱਚ ਫਸੇ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਲਈ ਮੰਗ ਪੱਤਰ ਦਿੱਤਾ ਸੀ, ਜਿਸ ਤੋਂ ਬਾਅਦ ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਕੇ ਉਹਨਾਂ ਰਸ਼ੀਅਨ ਆਰਮੀ ਵਿੱਚ ਫਸੇ ਨੌਜਵਾਨਾਂ ਦੀ ਸੁਰੱਖਿਅਤ ਵਾਪਸੀ ਲਈ ਪੱਤਰ ਦਿੱਤਾ ਸੀ। ਜਗਦੀਪ ਨੇ ਦੱਸਿਆ ਕਿ ਸੰਤ ਸੀਚੇਵਾਲ ਪਹਿਲੇ ਦਿਨ ਤੋਂ ਇਸ ਮਾਮਲੇ ਵਿੱਚ ਪੀੜਤ ਪਰਵਾਰਾਂ ਦੀ ਮਦਦ ਕਰ ਰਹੇ ਹਨ। ਸੰਤ ਸੀਚੇਵਾਲ ਵੱਲੋਂ ਕੀਤੀ ਕਾਰਵਾਈ ਸਦਕਾ ਕਿੰਨੇ ਹੀ ਭਾਰਤੀ ਬੱਚੇ ਸੁਰੱਖਿਅਤ ਆਪਣੇ ਪਰਵਾਰਾਂ ਵਿੱਚ ਪਹੁੰਚ ਗਏ ਹਨ।

ਜਗਦੀਪ ਨੂੰ ਆਪਣੇ ਭਰਾ ਮਨਦੀਪ ਬਾਰੇ ਕੁਝ ਵੀ ਨਹੀਂ ਪਤਾ ਲੱਗਾ ਤਾਂ ਉਸ ਨੇ ਰਸ਼ੀਆ ਜਾਣ ਦਾ ਫੈਸਲਾ ਕੀਤਾ ਸੀ। ਰਸ਼ੀਆ ਜਾਣ ਲਈ ਸੰਤ ਸੀਚੇਵਾਲ ਨੇ ਉਹਨਾਂ ਨੂੰ ਟਿਕਟਾਂ ਵੀ ਕਰਵਾ ਕੇ ਦਿੱਤੀਆਂ ਤੇ ਇੱਕ ਪੱਤਰ ਵੀ ਦਿੱਤਾ ਸੀ, ਤਾਂ ਜੋ ਰਸ਼ੀਆ ਵਿੱਚ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਜਗਦੀਪ ਨੇ ਦੱਸਿਆ ਕਿ ਉਹ 2 ਵਾਰ ਰਸ਼ੀਆ ਜਾ ਚੁੱਕੇ ਹਨ। ਪਹਿਲੀ ਫੇਰੀ ਦੌਰਾਨ 21 ਦਿਨਾਂ ਵਿੱਚ ਉਹ ਫਸੇ ਭਾਰਤੀ ਤੇ ਖਾਸਕਰ ਪੰਜਾਬੀ ਨੌਜਵਾਨਾਂ ਦੀ ਭਾਲ ਕਰਦੇ ਰਹੇ। ਰੂਸੀ ਭਾਸ਼ਾ ਦੀ ਸਮੱਸਿਆ ਕਾਰਨ ਉਹਨਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਸੀ। ਦੂਜੀ ਵਾਰ ਉਹ 2 ਮਹੀਨੇ ਉੱਥੇ ਰਹੇ • ਬਾਕੀ ਸਫਾ 2 'ਤੇ

## ਲਾਪਤਾ ਸਰੂਪਾਂ ਦੇ ਮਾਮਲੇ 'ਚ ਸਰਕਾਰ ਤੇ 'ਆਪ' ਦਖਲ ਨਾ ਦੇਣ : ਸਿੰਘ ਸਾਹਿਬਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**



328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਪੁਲਸ ਕੇਸ ਦਰਜ ਕੀਤੇ ਜਾਣ ਤੋਂ ਬਾਅਦ ਐਤਵਾਰ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਇਸ ਦੌਰਾਨ ਉਨ੍ਹਾਂ ਮੌਜੂਦਾ ਸਰਕਾਰ ਅਤੇ ਸੱਤਾਧਾਰੀ ਪਾਰਟੀ ਨੂੰ ਸੁਚੇਤ ਕੀਤਾ ਕਿ ਉਹ ਸਿੱਖਾਂ ਦੇ ਇਸ ਅੰਦਰੂਨੀ ਮਾਮਲੇ ਵਿੱਚ ਆਪਣੀ ਦਖਲਅੰਦਾਜ਼ੀ ਬੰਦ ਕਰੇ, ਜੇ ਦਖਲਅੰਦਾਜ਼ੀ ਬੰਦ ਨਾ ਕੀਤੀ ਤਾਂ ਉਨ੍ਹਾਂ ਖ਼ਿਲਾਫ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ 7 ਦਸੰਬਰ ਨੂੰ ਇਥੇ ਇੱਕ ਪੁਲਸ ਕੇਸ ਦਰਜ ਕੀਤਾ ਗਿਆ ਹੈ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਕਰਮਚਾਰੀਆਂ ਸਮੇਤ 16 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਵਾਸਤੇ ਇੱਕ ਵਿਸ਼ੇਸ਼ ਜਾਂਚ ਟੀਮ ਵੀ ਬਣਾਈ ਗਈ ਹੈ, ਜਿਸ ਦਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਇਸ ਮਾਮਲੇ ਨੂੰ ਵਿਚਾਰਨ ਵਾਸਤੇ ਐਤਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿੱਚ ਜਥੇਦਾਰ ਗੜਗੱਜ ਦੇ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਪਰਵਿੰਦਰਪਾਲ ਸਿੰਘ, ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਸ਼ਾਮਲ ਸਨ। ਜਥੇਦਾਰ ਗੜਗੱਜ ਨੇ ਦੱਸਿਆ ਕਿ ਅੱਜ ਦੀ ਇਕੱਤਰਤਾ ਦੌਰਾਨ ਤਿੰਨ ਮਤੇ ਪਾਸ ਕੀਤੇ ਗਏ ਹਨ, ਜਿਨਾਂ ਵਿੱਚੋਂ ਇੱਕ ਮਤੇ ਰਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਵਾਲੇ ਮਾਮਲੇ ਵਿੱਚ ਮੌਜੂਦਾ ਸਰਕਾਰ ਅਤੇ ਸੱਤਾਧਾਰੀ ਪਾਰਟੀ ਨੂੰ ਅਗਾਹ ਕੀਤਾ ਗਿਆ ਹੈ ਕਿ ਉਹ ਸਿੱਖਾਂ ਦੇ ਇਸ ਅੰਦਰੂਨੀ ਮਾਮਲੇ ਵਿੱਚ ਦਖਲ ਨਾ ਦੇਵੇ। ਉਨ੍ਹਾ ਕਿਹਾ ਕਿ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਵੱਲੋਂ ਜਾਂਚ ਕਰਵਾਈ ਗਈ ਸੀ ਅਤੇ ਇਸ ਦੀ ਰਿਪੋਰਟ ਵਿੱਚ ਦਰਜ ਹੈ ਕਿ ਇਸ ਮਾਮਲੇ ਦਾ ਕੋਈ ਵੀ ਸਿਆਸੀ ਧਿਰ ਰਾਜਨੀਤਕ ਲਾਹਾ ਲੈਣ ਦਾ ਯਤਨ ਨਾ ਕਰੇ। ਜੇਕਰ ਕੋਈ ਸਿਆਸੀ ਪਾਰਟੀ ਅਜਿਹਾ ਕਰਦੀ ਹੈ ਤਾਂ ਉਹ ਸ੍ਰੀ ਅਕਾਲ ਤਖ਼ਤ ਅੱਗੇ ਜਵਾਬਦੇਹ ਹੋਵੇਗੀ ਅਤੇ ਪੰਥ ਦੋਖੀ ਹੋਵੇਗੀ। ਉਨ੍ਹਾ • ਬਾਕੀ ਸਫਾ 2 'ਤੇ

## ਠੱਗੀ ਦਾ ਸ਼ਿਕਾਰ ਹੋਏ ਪੀਲੀਭੀਤ ਦੇ 9 ਵਿਅਕਤੀ ਘਰ ਪਰਤੇ

**ਪੀਲੀਭੀਤ** : ਰੁਜ਼ਗਾਰ ਦੇ ਬਹਾਨੇ ਧੋਖਾਧੜੀ ਦਾ ਸ਼ਿਕਾਰ ਹੋ ਕੇ ਪਿਛਲੇ ਤਿੰਨ ਮਹੀਨਿਆਂ ਤੋਂ ਕਿਰਗਿਜ਼ਸਤਾਨ ਵਿੱਚ ਫਸੇ ਪੀਲੀਭੀਤ ਜ਼ਿਲ੍ਹੇ ਦੇ 9 ਨਿਵਾਸੀ ਸਨਿੱਚਰਵਾਰ ਨੂੰ ਸੁਰੱਖਿਅਤ ਆਪਣੇ ਘਰ ਪਰਤ ਆਏ ਹਨ। ਜ਼ਿਲ੍ਹਾ ਮੈਜਿਸਟਰੇਟ ਗਿਆਨੇਂਦਰ ਸਿੰਘ ਨੇ ਦੱਸਿਆ ਕਿ ਕੁੱਲ 12 ਵਿਅਕਤੀਆਂ ਵਿੱਚੋਂ 9 ਵਾਪਸ ਆ ਗਏ ਹਨ ਅਤੇ ਬਾਕੀ ਤਿੰਨਾਂ ਦੇ 30 ਦਸੰਬਰ ਤੱਕ ਪਰਤਣ ਦੀ ਉਮੀਦ ਹੈ। ਇਨ੍ਹਾਂ ਸਾਰੇ ਵਿਅਕਤੀਆਂ ਨੂੰ ਪੀਲੀਭੀਤ ਦੀ ਇੱਕ ਭਰਤੀ ਏਜੰਸੀ ਦੇ ਮਾਲਕ ਨੇ ਵਿਦੇਸ਼ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਢਾਈ-ਢਾਈ ਲੱਖ ਰੁਪਏ ਠੱਗੇ ਸਨ ਅਤੇ ਉਨ੍ਹਾਂ ਨੂੰ ਗਲਤ ਇਕਰਾਰਨਾਮੇ ਤਹਿਤ ਕਿਰਗਿਜ਼ਸਤਾਨ ਭੇਜ ਦਿੱਤਾ ਸੀ, ਜਿੱਥੇ ਉਨ੍ਹਾਂ ਨੂੰ ਕਥਿਤ ਤੌਰ 'ਤੇ ਬੰਧਕ ਬਣਾ ਕੇ ਜ਼ਬਰਦਸਤੀ ਕੰਮ ਕਰਵਾਇਆ ਗਿਆ ਅਤੇ ਤਨਖਾਹਾਂ ਵੀ ਨਹੀਂ ਦਿੱਤੀਆਂ ਗਈਆਂ। ਪੀੜਤਾਂ ਵੱਲੋਂ ਸੋਸ਼ਲ ਮੀਡੀਆ 'ਤੇ ਆਪਣੀ ਹੱਡਬੀਤੀ ਦੀ ਵੀਡੀਓ ਸਾਂਝੀ ਕਰਨ ਤੋਂ ਬਾਅਦ ਭਾਰਤ ਸਰਕਾਰ ਅਤੇ ਕੇਂਦਰੀ ਮੰਤਰੀ ਜਿਤਿਨ ਪ੍ਰਸਾਦ ਦੇ ਦਖਲ ਸਦਕਾ ਉਨ੍ਹਾਂ ਦੀ ਵਾਪਸੀ ਸੰਭਵ ਹੋ ਸਕੀ ਹੈ।

## ਸੀ ਪੀ ਆਈ ਦਾ ਇਤਿਹਾਸ ਕੁਰਬਾਨੀਆਂ ਭਰਿਆ : ਮਾੜੀਮੇਘਾ

### ਜਸਵਿੰਦਰ ਸਿੰਘ ਭੰਗਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਕੱਤਰ ਚੁਣੇ




**ਬੰਗਾ (ਅਵਤਾਰ ਕਲੇਰ)**

ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਡੈਲੀਗੇਟ ਅਜਲਾਸ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ, ਨਵਾਂ ਸ਼ਹਿਰ ਵਿਖੇ ਹੋਇਆ। ਅਜਲਾਸ ਦੀ ਸ਼ੁਰੂਆਤ ਪਾਰਟੀ ਦੇ 100ਵੇਂ ਵਰ੍ਹੇ ਨੂੰ ਸਮਰਪਤ ਪਾਰਟੀ ਦਾ ਝੰਡਾ ਲਹਿਰਾ ਕੇ ਪਾਰਟੀ ਦੇ ਸੀਨੀਅਰ ਆਗੂਆ ਜਰਨੈਲ ਸਿੰਘ ਪਨਾਮ ਅਤੇ ਜਗਤਾਰ ਸਿੰਘ ਪੁਨੂੰ ਮਜ਼ਾਰਾ ਨੇ ਨਾਹਰਿਆਂ ਦੀ ਗੂੰਜ 'ਚ ਸਾਂਝੇ ਤੌਰ 'ਤੇ ਕੀਤੀ। ਅਜਲਾਸ 'ਚ 60 ਦੇ ਕਰੀਬ ਡੈਲੀਗੇਟਾਂ ਨੇ ਭਾਗ ਲਿਆ। ਪਰਮਿੰਦਰ ਮੇਨਕਾ, ਜੁਝਾਰ ਸਿੰਘ, ਗੁਰਮੁੱਖ ਸਿੰਘ ਫਰਾਲਾ, ਗੁਰਬਖਸ਼ ਕੌਰ ਰਾਹੋਂ ਦੇ ਪ੍ਰਧਾਨਗੀ ਮੰਡਲ ਨੇ ਅਜਲਾਸ ਦੀ ਪ੍ਰਧਾਨਗੀ ਕੀਤੀ। ਸਭ ਤੋਂ ਪਹਿਲਾਂ ਵਿਛੜੇ ਸਾਥੀਆਂ ਸੁਤੰਤਰ ਕੁਮਾਰ, ਮੁਕੰਦ ਲਾਲ, ਰਾਮ ਲਾਲ ਚੱਕ ਗੁਰੂ ਅਤੇ ਹੋਰ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਅਤੇ ਮਰਹੂਮ ਕਾਮਰੇਡ ਨਰੰਜਣ ਸਿੰਘ ਸੁੱਜੋਂ ਨੂੰ ਵੀ ਯਾਦ ਕੀਤਾ ਗਿਆ।

ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਮੀਤ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਦੇਵੀ ਕੁਮਾਰੀ ਸਰਹਾਲੀ ਕਲਾਂ ਬਤੌਰ ਅਬਜ਼ਰਬਰ ਸ਼ਾਮਲ ਹੋਏ। ਮਾੜੀਮੇਘਾ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਪਾਰਟੀ ਨੇ ਅਜ਼ਾਦੀ ਅੰਦੋਲਨ ਦੌਰਾਨ ਅਤੇ ਅਜ਼ਾਦੀ ਤੋਂ • ਬਾਕੀ ਸਫਾ 2 'ਤੇ

## ਮੋਬਾਇਲ ਰੱਖਣ ਤੇ ਨਿੱਕਰ ਪਾਉਣ 'ਤੇ ਰੋਕ



**ਬਾਗਪਤ** : ਉਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਵਿੱਚ ਸਨਿੱਚਰਵਾਰ ਨੂੰ ਹੋਈ ਖਾਪ ਪੰਚਾਇਤ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸਮਾਰਟ ਫੋਨ ਰੱਖਣ ਅਤੇ ਜਨਤਕ ਥਾਵਾਂ 'ਤੇ ਹਾਫ਼ ਪੈਂਟ (ਨਿੱਕਰ) ਪਾਉਣ 'ਤੇ ਰੋਕ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮੈਰਿਜ ਪੈਲੇਸਾਂ ਵਿੱਚ ਵਿਆਹ ਕਰਨ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਗਿਆ ਕਿ ਵਿਆਹ ਪਿੰਡਾਂ ਅਤੇ ਘਰਾਂ ਵਿੱਚ ਹੀ ਹੋਣੇ ਚਾਹੀਦੇ ਹਨ। ਖਾਪ ਨੇ ਲੜਕਿਆਂ ਲਈ ਕੁੜਤਾ-ਪਜਾਮਾ ਅਤੇ ਲੜਕੀਆਂ ਲਈ ਸਲਵਾਰ-ਕਮੀਜ਼ ਪਹਿਨਣ ਦੀ ਵਕਾਲਤ ਕੀਤੀ ਹੈ। ਥਾਂਬਾ ਪੱਟੀ ਮੇਹਰ ਦੇਸ਼ ਖਾਪ ਦੇ ਚੌਧਰੀ ਬ੍ਰਿਜਪਾਲ ਸਿੰਘ ਅਤੇ ਖਾਪ ਚੌਧਰੀ ਸੁਭਾਸ਼ ਚੌਧਰੀ ਨੇ ਦੱਸਿਆ ਕਿ ਲੜਕੇ ਅਤੇ ਲੜਕੀਆਂ ਸਮਾਜ ਵਿੱਚ ਬਰਾਬਰ ਹਨ, ਇਸ ਲਈ ਅਨੁਸ਼ਾਸਨ ਦੇ ਨਿਯਮ ਵੀ ਦੋਵਾਂ 'ਤੇ ਬਰਾਬਰ ਲਾਗੂ ਹੋਣੇ ਚਾਹੀਦੇ ਹਨ। ਪੰਚਾਇਤ ਦਾ ਮੰਨਣਾ ਸੀ ਕਿ ਲੜਕਿਆਂ ਵੱਲੋਂ ਜਨਤਕ ਥਾਵਾਂ 'ਤੇ ਹਾਫ਼ ਪੈਂਟ (ਨਿੱਕਰ) ਪਾ ਕੇ ਘੁੰਮਣਾ ਸਮਾਜਿਕ ਮਰਿਆਦਾ ਦੇ ਉਲਟ ਹੈ ਅਤੇ ਇਸ ਨਾਲ ਸਮਾਜ 'ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਪੰਚਾਂ ਨੇ ਸਪੱਸ਼ਟ ਕੀਤਾ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਮਾਰਟ ਫੋਨ ਦੇਣਾ ਠੀਕ ਨਹੀਂ, ਕਿਉਂਕਿ ਬਹੁਤ ਘੱਟ ਬੱਚੇ ਇਸ ਦੀ ਵਰਤੋਂ ਪੜ੍ਹਾਈ ਲਈ ਕਰਦੇ ਹਨ, ਜਦ ਕਿ ਜ਼ਿਆਦਾਤਰ ਬੱਚੇ ਮੋਬਾਇਲ ਵਿੱਚ ਰੁਝੇ ਰਹਿਣ ਕਾਰਨ ਪੜ੍ਹਾਈ ਤੋਂ ਦੂਰ ਹੋ ਰਹੇ ਹਨ ਅਤੇ ਵੱਡਿਆਂ ਦਾ ਕਹਿਣਾ ਮੰਨਣ ਤੋਂ ਵੀ ਇਨਕਾਰੀ ਹੋ ਰਹੇ ਹਨ। ਪੰਚਾਇਤ ਨੇ ਵਟਸਐਪ ਰਾਹੀਂ ਵਿਆਹ ਦੇ ਸੱਦਾ ਪੱਤਰ ਭੇਜਣ 'ਤੇ ਸਹਿਮਤੀ ਜਤਾਈ ਹੈ।

ਖਾਪ ਆਗੂਆਂ ਨੇ ਦੱਸਿਆ ਕਿ ਇਨ੍ਹਾਂ ਫੈਸਲਿਆਂ ਨੂੰ ਪੂਰੇ ਉਤਰ ਪ੍ਰਦੇਸ਼ ਵਿੱਚ ਲਾਗੂ ਕਰਵਾਉਣ ਲਈ ਮੁਹਿੰਮ ਚਲਾਈ ਜਾਵੇਗੀ ਅਤੇ ਹੋਰ ਖਾਪ ਪੰਚਾਇਤਾਂ ਨਾਲ ਵੀ ਸੰਪਰਕ ਕੀਤਾ ਜਾਵੇਗਾ।

## ਅਰਸ਼ੀ ਤੇ ਹੋਰਨਾਂ ਵੱਲੋਂ ਅਸ਼ੋਕ ਲਾਕੜਾ ਦੀ ਮਾਤਾ ਨੂੰ ਸ਼ਰਧਾਂਜਲੀਆਂ



**ਬੁਢਲਾਡਾ (ਪੱਤਰ ਪ੍ਰੇਰਕ)**

ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਬੁਢਲਾਡਾ ਸਥਿਤ ਪ੍ਰਤੀਨਿਧ ਤੇ ਉਘੇ ਸਮਾਜ ਸੇਵੀ ਅਸ਼ੋਕ ਲਾਕੜਾ ਦੇ ਮਾਤਾ ਸ੍ਰੀਮਤੀ ਚੰਦਰਕਾਂਤਾ ਦੀ ਅੰਤਮ ਅਰਦਾਸ ਮੌਕੇ ਸ਼ਹਿਰ ਦੀਆਂ ਧਾਰਮਕ, ਸਮਾਜਕ ਤੇ ਰਾਜਸੀ ਜਥੇਬੰਦੀਆਂ ਦੇ ਆਗੂਆਂ ਸਮੇਤ ਸੀ ਪੀ ਆਈ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸ਼ਰਧਾਂਜਲੀ ਭੇਟ ਕੀਤੀ। ਕਾਮਰੇਡ ਅਰਸ਼ੀ ਨੇ ਕਿਹਾ ਕਿ ਕਿਰਤੀ ਲਹਿਰ ਦੇ ਵਫ਼ਾਦਾਰ ਸਿਪਾਹੀ ਅਸ਼ੋਕ ਲਾਕੜਾ ਹਮੇਸ਼ਾ ਲੋਕ-ਪੱਖੀ, ਸੱਚੀ-ਸੁੱਚੀ ਆਵਾਜ਼ ਨੂੰ ਪਹੁੰਚਾਉਣ ਲਈ ਯਤਨਸ਼ੀਲ ਹਨ, ਜਿਸ ਪਿੱਛੇ ਮਾਤਾ ਦੇ ਸੰਸਕਾਰਾਂ ਦਾ ਡੂੰਘਾ ਪ੍ਰਭਾਵ ਹੈ। ਲਾਕੜਾ ਪਰਵਾਰ ਦੀ ਸ਼ਹਿਰ ਪ੍ਰਤੀ ਸਮਾਜ ਸੇਵਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਾਤਾ ਦੀ ਸੋਚ 'ਤੇ ਪਹਿਰਾ ਦੇਣਾ ਉਹਨਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਜ਼ਿਲ੍ਹਾ ਸਹਾਇਕ ਸਕੱਤਰ ਵੇਦ ਪ੍ਰਕਾਸ਼ ਬੁਢਲਾਡਾ, ਸੀਤਾ ਰਾਮ ਗੋਬਿੰਦਪੁਰਾ ਸਕੱਤਰ ਬੁਢਲਾਡਾ, ਰੂਪ ਸਿੰਘ ਢਿੱਲੋਂ ਸਕੱਤਰ ਮਾਨਸਾ, ਜਗਸੀਰ ਸਿੰਘ ਰਾਏਕੇ ਸਹਾਇਕ ਸਕੱਤਰ ਬੁਢਲਾਡਾ, ਮਾਤਾ ਗੁਜਰੀ ਭਲਾਈ ਕੇਂਦਰ ਟਰੱਸਟ ਦੇ ਮਾਸਟਰ ਕੁਲਵੰਤ ਸਿੰਘ, ਬੁਢਲਾਡਾ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਸੁਖਦਰਸ਼ਨ ਸਿੰਘ ਕੁਲਾਣਾ, ਮਾਸਟਰ • ਬਾਕੀ ਸਫਾ 2 'ਤੇ

## ਮਨਰੇਗਾ 'ਚ ਬਦਲਾਅ ਗਰੀਬਾਂ ਦੀ ਰੋਜ਼ੀ-ਰੋਟੀ ਖੋਹਣ ਦੀ ਸਾਜ਼ਿਸ਼ : ਧਾਲੀਵਾਲ



**ਅੰਮ੍ਰਿਤਸਰ ਸਾਹਿਬ** : ਆਮ ਆਦਮੀ ਪਾਰਟੀ ਨੇ ਮਨਰੇਗਾ ਵਿੱਚ ਕੀਤੇ ਗਏ ਬਦਲਾਅ ਨੂੰ ਲੈ ਕੇ ਭਾਜਪਾ ਦੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਮਨਰੇਗਾ ਵਿੱਚ ਬਦਲਾਅ ਕਰਕੇ ਗਰੀਬਾਂ ਦੀ ਰੋਜ਼ੀ-ਰੋਟੀ ਖੋਹਣ ਦੀ ਸਾਜ਼ਿਸ਼ ਕਰ ਰਹੀ ਹੈ। ਸਰਕਾਰ ਨੂੰ ਵੀ ਬੀ-ਜੀ ਰਾਮ-ਜੀ ਬਿੱਲ ਵਾਪਸ ਲੈਣਾ ਚਾਹੀਦਾ ਹੈ ਅਤੇ ਮਨਰੇਗਾ ਨੂੰ ਮੁੜ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਇਸ ਬਿੱਲ ਰਾਹੀਂ ਕੇਂਦਰ 100 ਫੀਸਦੀ ਫੰਡਿੰਗ ਤੋਂ ਪਿੱਛੇ ਹਟਦਿਆਂ ਸੂਬਿਆਂ 'ਤੇ 40 ਫੀਸਦੀ ਦਾ ਬੋਝ ਪਾ ਦਿੱਤਾ ਹੈ। ਆਮ ਆਦਮੀ ਪਾਰਟੀ ਮਜ਼ਦੂਰਾਂ ਦੇ ਹੱਕ ਵਿੱਚ ਵੱਡਾ ਸੰਘਰਸ਼ ਕਰੇਗੀ ਅਤੇ ਉਨ੍ਹਾਂ ਦਾ ਰੁਜ਼ਗਾਰ ਨਹੀਂ ਖੋਹਣ ਦੇਵੇਗੀ।

ਧਾਲੀਵਾਲ ਨੇ ਗੰਭੀਰ • ਬਾਕੀ ਸਫਾ 2 'ਤੇ

## ਕੋਈ ਵੀ ਅਜਿਹਾ ਘੋਲ ਨਹੀਂ, ਜਿਸ 'ਚ ਸੀ ਪੀ ਆਈ ਦੀ ਭੂਮਿਕਾ ਨਾ ਹੋਵੇ : ਕੁਲਦੀਪ ਭੋਲਾ, ਡਾ. ਇੰਦਰਵੀਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਮਿਊਨਿਸਟ ਪਾਰਟੀ ਦਾ ਸੌ ਸਾਲਾ ਸ਼ਤਾਬਦੀ ਵਰ੍ਹਾ ਮੋਗਾ ਦੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਸ਼ਤਾਬਦੀ ਸਮਾਗਮ ਮੌਕੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਨੂੰ ਲਾਲ ਝੰਡੇ-ਝੰਡੀਆਂ, ਬੈਨਰਾਂ, ਪੋਸਟਰਾਂ ਨਾਲ ਸਜਾਇਆ ਗਿਆ। ਪਾਰਟੀ ਦੇ ਸੌ ਸਾਲਾਂ ਦਾ ਸੁਨੇਹਾ ਦਿੰਦੀ ਰੰਗੋਲੀ ਬਣਾਈ ਗਈ। ਝੰਡਾ ਲਹਿਰਾਉਣ ਦੀ ਰਸਮ ਸੂਬਾ ਕੰਟਰੋਲ ਕਮਿਸ਼ਨ ਦੇ ਮੈਂਬਰ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਨੇ ਅਦਾ ਕੀਤੀ। ਪਾਰਟੀ ਮੈਂਬਰਾਂ ਤੇ ਕਾਰਕੁਨਾਂ ਨੇ ਇਨਕਲਾਬੀ ਨਾਅਰਿਆਂ ਨਾਲ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਕਮਿਊਨਿਸਟ ਪਾਰਟੀ ਦੇ ਇਤਿਹਾਸ, ਜਿੱਤਾਂ ਤੇ ਸੰਘਰਸ਼ ਨਾਲ ਸੰਬੰਧਤ ਦੋ ਮਹੱਤਵਪੂਰਨ ਲੈਕਚਰਾਂ ਦੇ ਸੈਸ਼ਨ ਕਰਵਾਏ ਗਏ। ਇਹ ਲੈਕਚਰ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ ਤੇ ਡਾਕਟਰ ਇੰਦਰਵੀਰ ਗਿੱਲ ਨੇ ਕੀਤੇ। ਉਨ੍ਹਾਂ ਕਿਹਾ ਕਿ ਅਸੀਂ ਵਡਭਾਗੇ ਹਾਂ, ਜੋ ਪਾਰਟੀ ਦੇ 100 ਸਾਲਾਂ ਸਮਾਗਮ ਵਿੱਚ ਸ਼ਾਮਲ ਹੋ ਰਹੇ ਹਾਂ। ਉਨ੍ਹਾਂ ਪਾਰਟੀ ਇਤਿਹਾਸ ਬਾਰੇ ਬੋਲਦਿਆਂ ਕਿਹਾ ਕਿ ਸੀ ਪੀ ਆਈ 26 ਦਸੰਬਰ 1925 ਨੂੰ ਕਾਨਪੁਰ ਵਿੱਚ ਹੋਂਦ ਵਿੱਚ ਆਈ ਸੀ, ਇਹ ਪੂਰਨ ਆਜ਼ਾਦੀ ਦਾ ਨਾਹਰਾ ਦੇਣ ਵਾਲੀ ਪਹਿਲੀ ਪਾਰਟੀ ਹੈ। ਆਜ਼ਾਦੀ ਤੋਂ ਪਹਿਲਾਂ ਬਣੀ ਇਸ ਪਾਰਟੀ ਦੇ ਆਗੂਆਂ ਨੇ ਆਜ਼ਾਦੀ ਦੇ ਅੰਦੋਲਨ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਪਾਰਟੀ ਦੇ ਮਸੀਹਿਆਂ ਨੇ ਉਮਰ ਕੈਦਾਂ ਤੇ ਜੇਲ੍ਹਾਂ ਕੱਟੀਆਂ। ਇਸ ਪਾਰਟੀ ਵਿੱਚ ਕੰਮ ਕਰਨ ਵਾਲੇ ਆਗੂਆਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਤੋਂ ਲੈ ਕੇ ਦੇਸ਼ ਦੇ ਟੁਕੜੇ-ਟੁਕੜੇ ਹੋਣ ਤੋਂ ਬਚਾਉਣ ਲਈ ਮਹੱਤਵਪੂਰਨ ਰੋਲ ਅਦਾ ਕੀਤਾ। ਆਗੂਆਂ ਦੱਸਿਆ ਕਿ ਕੁਲ ਹਿੰਦ ਕਿਸਾਨ ਸਭਾ, ਲੇਖਕ ਸਭਾ, ਇਪਟਾ ਜਿਹੇ ਜਨਤਕ ਫਰੰਟ ਬਣਾਉਣ ਦੀ ਪਹਿਲਕਦਮੀ ਕਰਨ ਵਾਲੀ ਪਾਰਟੀ ਬਣੀ। ਇਸ ਸਮੇਂ ਦੌਰਾਨ ਮਜ਼ਦੂਰਾਂ, ਕਿਸਾਨਾਂ ਤੇ ਵਿਦਿਆਰਥੀਆਂ ਦਾ ਕੋਈ ਵੀ ਘੋਲ ਨਹੀਂ, ਜਿਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਭੂਮਿਕਾ ਨਾ ਹੋਵੇ।

ਪ੍ਰੋਗਰਾਮ ਦੀ ਸਟੇਜ ਸੰਚਾਲਨ ਦੀ ਭੂਮਿਕਾ ਪਾਰਟੀ ਆਗੂ ਸੁਖਜਿੰਦਰ ਮਹੇਸਰੀ ਨੇ ਬਾਖੂਬੀ ਨਿਭਾਈ। ਇਪਟਾ ਟੀਮ ਮੋਗਾ ਵੱਲੋਂ 'ਤੂੰ ਸਿਰ ਉਠਾ ਤੇ ਕਦੋਂ ਤੱਕ ਤੁਰੋਗੇ ਕਿਨਾਰੇ ਕਿਨਾਰੇ' ਗੀਤ ਗਾਏ ਗਏ। ਹਰਭਜਨ ਸਿੰਘ ਬਿਲਾਸਪੁਰ ਵੱਲੋਂ 'ਪ੍ਰਨਾਮ ਹੈ ਹਮਾਰਾ ਲਾਲ ਫਰੇਰੇ' ਨੂੰ ਗੀਤ ਗਾ ਕੇ ਪਾਰਟੀ ਵਰਕਰਾਂ ਵਿੱਚ ਇਨਕਲਾਬੀ ਜੋਸ਼ ਭਰਿਆ ਗਿਆ। ਉਸ ਤੋਂ ਬਾਅਦ • ਬਾਕੀ ਸਫਾ 2 'ਤੇ

## ਅੱਜ-ਨਾਮਾ

ਪਰਬਤ ਢਾਹੇ, ਸਰਕਾਰ ਨੂੰ ਫਿਕਰ ਹੈਨਾ,
ਚਿੰਤਾ ਇਹਦੀ ਵੀ ਕੋਰਟ ਹੀ ਕਰੇ ਮੀਆਂ।
ਮੁਨਾਫੇਖੋਰਾਂ ਨਾਲ ਸਾਂਝ ਪਈ ਲੀਡਰਾਂ ਦੀ,
ਚਿੰਤਾ ਪਹਾੜ ਦੀ ਕੀਤੇ ਬਿਨ ਸਰੇ ਮੀਆਂ।
ਕਰੋੜਾਂ ਲੋਕ ਆ, ਕੱਖ ਨਹੀਂ ਫਰਕ ਪੈਣਾ,
ਕਿੰਨੇ ਕੁ ਜੰਮਦੇ, ਕਿੰਨੇ ਕੋਈ ਮਰੇ ਮੀਆਂ।
ਢਾਹੇ ਪਰਬਤ ਤੇ ਜੰਗਲ ਆ ਬਹੁਤ ਕੱਟੇ,
ਬਸਤੇ ਨੋਟਾਂ ਦੇ ਆਉਂਦੇ ਆ ਭਰੇ ਮੀਆਂ।
ਚਾਕਰੀ ਡਾਕੂਆਂ ਦੀ ਕਰੇ ਸਰਕਾਰ ਜਾਪੇ,
ਹੁੰਦਾ ਮੁਲਕ ਦਾ ਜਾਏ ਸਭ ਘਾਤ ਮੀਆਂ।
ਤ੍ਰਹਿਕਦੇ ਲੋਕੀਂ ਵੀ ਖੋਲ੍ਹਦੇ ਮੂੰਹ ਨਹੀਉਂ,
ਡਾਢੀ ਜ਼ਾਲਮ ਹੈ ਲੀਡਰ ਦੀ ਜਾਤ ਮੀਆਂ।

-ਤੀਸ ਮਾਰ ਖਾਂ

## ਸਾਂਝੇ ਸੰਘਰਸ਼ ਨਾਲ ਚੰਗੇ ਨਤੀਜੇ ਕੱਢਣ ਦੀ ਆਸ ਬੱਝੀ

**ਸ਼ਾਹਕੋਟ (ਗਿਆਨ ਸੈਦਪੁਰੀ)**



ਬਿਜਲੀ ਸੋਧ ਬਿੱਲ 2025, ਬੀਜ ਬਿੱਲ 2025, ਚਾਰ ਕਿਰਤ ਕੋਡਾਂ ਦਾ ਵਿਰੋਧ ਕਰਨ ਅਤੇ ਮਨਰੇਗਾ ਕਾਨੂੰਨ ਨੂੰ ਬਹਾਲ ਕਰਵਾਉਣ ਆਦਿ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਜਥੇਬੰਦੀਆਂ ਵੱਲੋਂ ਸ਼ਾਹਕੋਟ ਇਲਾਕੇ ਵਿੱਚ ਪ੍ਰਭਾਵਸ਼ਾਲੀ ਮੋਟਰਸਾਈਕਲ ਮਾਰਚ ਕੀਤਾ ਗਿਆ। ਇਹ ਮਾਰਚ ਸ਼ਾਹਕੋਟ ਤੋਂ ਸ਼ੁਰੂ ਹੋ ਕੇ ਪਿੰਡ ਢੰਡੋਵਾਲ, ਕਾਕੜਾ, ਸਾਦਕਪੁਰ, ਤਲਵੰਡੀ, ਅਕਬਰਪੁਰ ਕਲਾਂ ਤੇ ਪਰਜੀਆਂ ਕਲਾਂ ਆਦਿ ਪਿੰਡਾਂ ਵਿੱਚੋਂ ਹੁੰਦਾ ਹੋਇਆ ਲਗਭਗ 25 ਕਿਲੋਮੀਟਰ ਤੱਕ ਦਾ ਸਫਰ ਤੈਅ ਕਰਕੇ ਮਾਡਲ ਥਾਣਾ ਸ਼ਾਹਕੋਟ ਅੱਗੇ ਸਮਾਪਤ ਹੋਇਆ। ਇਸ ਤੋਂ ਇਲਾਵਾ ਪਹਿਲਾਂ ਮਾਰਚ ਨੇ ਦਾਣਾ ਮੰਡੀ ਪਰਜੀਆਂ ਕਲਾਂ ਵਿਖੇ ਪੜਾਅ ਕੀਤਾ। ਇੱਥੇ ਸੁਖਵਿੰਦਰ ਟੋਨੀ ਆੜ੍ਹਤੀਆ ਦੀ ਅਗਵਾਈ ਵਿੱਚ ਕਿਸਾਨਾਂ ਅਤੇ ਆੜ੍ਹਤੀਆ ਨੇ ਮਾਰਚ ਦਾ ਸਵਾਗਤ ਕੀਤਾ। ਮਾਰਚ ਦੌਰਾਨ ਜ਼ੋਰਦਾਰ ਨਾਹਰੇ ਲੱਗਦੇ ਰਹੇ ਅਤੇ ਨਾਲ ਹੀ ਸੰਤ ਰਾਮ ਉਦਾਸੀ ਦੇ ਇਨਕਲਾਬੀ ਗੀਤ ਫਿਜ਼ਾਵਾਂ 'ਚ ਗੂੰਜਦੇ ਰਹੇ। ਮੋਟਰਸਾਈਕਲ ਮਾਰਚ ਦੀ ਸ਼ੁਰੂਆਤ, ਪੜਾਅ ਤੇ ਸਮਾਪਤੀ ਵੇਲੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂ ਮੋਹਣ ਸਿੰਘ ਬੱਲ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਵਰਿੰਦਰ ਪਾਲ ਕਾਲਾ, ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਬਲਵੰਤ ਸਿੰਘ ਮਲਸੀਆਂ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਸੰਤੋਖ ਸਿੰਘ ਸੰਧੂ, ਭਾਰਤੀ ਕਿਸਾਨ ਯੂਨੀਅਨ( ਲੱਖੋਵਾਲ) ਦੇ ਸੂਬਾਈ ਆਗੂ ਬਲਦੇਵ ਸਿੰਘ ਜੋਸਨ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਸਵਰਨ ਸਿੰਘ ਭੋਏਪੁਰੀ, ਤਰਕਸ਼ੀਲ ਸੁਸਾਇਟੀ ਦੇ ਆਗੂ ਜਿੰਦਰ ਬਾਗਪੁਰ, ਅਮਨ ਬਾਗਪੁਰ ਬਿੱਟੂ ਰੂਪੇਵਾਲੀ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬੀਬੀ ਗੁਰਬਖਸ਼ ਕੌਰ, ਡੀ ਟੀ ਐੱਫ ਦੇ ਆਗੂ ਗੁਰਮੀਤ ਸਿੰਘ ਕੋਟਲੀ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਮੱਖਣ ਸਿੰਘ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਆਗੂ ਕੁਲਜੀਤ ਸਿੰਘ ਸਲੇਮਾ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਮੋਦੀ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਲੋਕ ਏਕਤਾ ਨੂੰ ਸਮੇਂ ਦੀ ਲੋੜ ਦੱਸਿਆ। ਉਹਨਾਂ ਕਿਹਾ ਕਿ ਪਿਛਲੇ ਸਮੇਂ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਸਾਰੇ ਵਰਗਾਂ ਦੀ ਏਕਤਾ ਤੇ ਸਿਰੜ ਬਦੌਲਤ ਹੀ ਹੋ ਸਕੀ ਸੀ। ਆਗੂਆਂ ਇਹ ਵੀ ਕਿਹਾ ਕਿ ਜਿੰਨੇ ਤਿੰਨ ਖੇਤੀ ਕਾਨੂੰਨ ਖਤਰਨਾਕ ਸਨ, ਓਨੇ ਹੀ ਬਿਜਲੀ ਸੋਧ ਬਿੱਲ 2025 ਅਤੇ ਮਨਰੇਗਾ ਦੀ ਥਾਂ ਨਵਾਂ 'ਜੀ ਰਾਮ ਜੀ' ਵਰਗੇ ਬਿੱਲ ਤੇ ਕਾਨੂੰਨ ਘਾਤਕ ਹਨ। ਇਹਨਾਂ ਵਿਰੁੱਧ ਵੀ ਕਿਸਾਨ ਅੰਦੋਲਨ ਵਰਗਾ ਅੰਦੋਲਨ ਕਰਨਾ ਪੈਣਾ ਹੈ। ਏਕਤਾ ਤੇ ਸੰਘਰਸ਼ ਲਈ ਸਭ ਧਿਰਾਂ ਦੀ ਸਾਂਝੀ ਮੁਹਿੰਮ, ਜੋ ਸੰਯੁਕਤ ਕਿਸਾਨ ਮੋਰਚੇ ਦੀ ਪਹਿਲ 'ਤੇ ਸ਼ੁਰੂ ਹੋਈ ਹੈ, ਚੰਗੇ ਨਤੀਜੇ ਕੱਢਣ ਦੀ ਆਸ ਪੈਦਾ ਕਰਦੀ ਹੈ। ਹੋਰਨਾਂ ਤੋਂ ਇਲਾਵਾ ਜਥੇਦਾਰ ਕੇਵਲ ਸਿੰਘ ਰੂਪੇਵਾਲੀ, • ਬਾਕੀ ਸਫਾ 2 'ਤੇ

## ਬਾਬਾ ਖੇਤਰਪਾਲ ਮੰਦਰ ਵਿਖੇ ਲਗਾਇਆ ਹਫਤਾਵਾਰੀ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪ੍ਰਧਾਨ ਸੰਜੀਵ ਕੁਮਾਰ ਗਰਗ ਦੀ ਅਗਵਾਈ ਵਿੱਚ ਹਰ ਐਤਵਾਰ ਬਾਬਾ ਖੇਤਰਪਾਲ ਜੀ ਦੇ ਭਗਤਾਂ ਵੱਲੋਂ ਬਾਬਾ ਖੇਤਰਪਾਲ ਜੀ ਦੇ ਮੰਦਰ ਵਿਖੇ ਨਿਰੰਤਰ ਲੰਗਰ ਲਗਾਇਆ ਜਾਂਦਾ ਹੈ।ਇਸ ਧਾਰਮਿਕ ਤੇ ਸਮਾਜਿਕ ਸੇਵਾ ਕਾਰਜ ਵਿੱਚ ਹਰ ਹਫਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਭਾਗ ਲੈਂਦੇ ਹਨ ਤੇ ਬਾਬਾ ਖੇਤਰਪਾਲ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਗਾ ਕੇ ਆਸ਼ੀਰਵਾਦ ਪ੍ਰਾਪਤ ਕਰਦੇ ਹਨ।ਲੰਗਰ ਦੌਰਾਨ ਜਿੱਥੇ ਸਾਫ-ਸੁਥਰੇ ਤੇ ਸੁਚੱਜੇ ਪ੍ਰਬੰਧ ਕੀਤੇ ਜਾਂਦੇ ਹਨ, ਉੱਥੇ ਹੀ ਸੇਵਾ ਭਾਵ ਨਾਲ ਭਗਤਾਂ ਵੱਲੋਂ ਸੰਗਤ ਦੀ ਸੇਵਾ ਕੀਤੀ ਜਾਂਦੀ ਹੈ।ਇਸ ਮੌਕੇ ਚੇਅਰਮੈਨ ਵਿਜੇ ਬਾਂਸਲ ਬੰਸਲ, ਪ੍ਰਧਾਨ ਸੰਜੀਵ ਕੁਮਾਰ ਗਰਗ, ਰਕੇਸ਼ ਜਿੰਦਲ ਤੋਤਾ, ਮੁਕੇਸ਼ ਗੋਇਲ ਤੇ ਰਜਿੰਦਰ ਗੋਇਲ ਨੇ ਦੱਸਿਆ ਕਿ ਲੰਗਰ ਲਗਾਉਣ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ ਹੈ।ਉਨ੍ਹਾਂ ਕਿਹਾ ਕਿ ਬਾਬਾ ਖੇਤਰਪਾਲ ਜੀ ਦੀ ਕਿਰਪਾ ਨਾਲ ਇਹ ਸੇਵਾ ਨਿਰੰਤਰ ਜਾਰੀ ਹੈ ਤੇ ਅੱਗੇ ਵੀ ਇਸੇ ਤਰ੍ਹਾਂ ਚਲਦੀ ਰਹੇਗੀ।ਇਸ ਮੌਕੇ ਮੈਂਬਰ ਮੁਕੇਸ਼ ਗੋਇਲ, ਨਵੀਨ ਗੋਇਲ, ਪੁਨੀਤ ਗਰਗ, ਗੋਰੀ ਸਿੰਗਲਾ ਤੇ ਪੰਡਿਤ ਮੁਕੇਸ਼ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਪੰਡਿਤ ਮੁਕੇਸ਼ ਸ਼ਰਮਾ ਨੇ ਵਿਧੀਵਤ ਪੂਜਾ ਅਰਚਨਾ ਕਰਕੇ ਬਾਬਾ ਜੀ ਦੀ ਮਹਿਮਾ ਬਾਰੇ ਸੰਗਤ ਨੂੰ ਜਾਣੂ ਕਰਵਾਇਆ ਤੇ ਸਮੂਹ ਦੇ ਸੁੱਖ ਦੀ ਭਲਾਈ ਲਈ ਅਰਦਾਸ ਕੀਤੀ ਗਈ।ਮੰਦਰ ਪ੍ਰਬੰਧਕਾਂ ਵੱਲੋਂ ਵੀ ਸੇਵਾ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ ਗਿਆ।

# ਗੈਰ-ਪ੍ਰਸੰਗਿਕ ਵਾਰਡਬੰਦੀ ਖ਼ਿਲਾਫ਼ ਵੱਖ-ਵੱਖ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ

■ ਡੀ ਸੀ, ਐੱਸ ਡੀ ਐੱਮ ਤੇ ਕਾਰਜ ਸਾਧਕ ਅਫ਼ਸਰ ਨੂੰ ਸੌਂਪੇ ਮੰਗ ਪੱਤਰ ■ ਪਹਿਲੀ ਨੂੰ ਹਲਕਾ ਵਿਧਾਇਕ ਦੀ ਰਿਹਾਇਸ਼ ਦਾ ਘਿਰਾਓ : ਸੰਘਰਸ਼ ਕਮੇਟੀ



**ਮਾਨਸਾ (ਆਤਮਾ ਸਿੰਘ ਪਮਾਰ)**-21 ਮੈਂਬਰੀ ਸੰਘਰਸ਼ ਕਮੇਟੀ ਤੇ ਸ਼ਹਿਰ ਦੀਆਂ ਸਮਾਜਿਕ, ਧਾਰਮਿਕ, ਜਨਤਕ ਜਥੇਬੰਦੀਆਂ ਤੇ ਸੁਹਿਰਦ ਸ਼ਹਿਰੀਆਂ ਵੱਲੋਂ ਸੱਤਾ ਧਿਰ ਦੇ ਇਸ਼ਾਰੇ 'ਤੇ ਸ਼ਹਿਰ ਦੇ ਵਾਰਡਾਂ 'ਚ ਬੇਲੋੜੀ, ਗੈਰ-ਪ੍ਰਸੰਗਿਕ ਤੇ ਗੈਰ-ਕਾਨੂੰਨੀ ਕੀਤੀ ਗਈ ਵਾਰਡਬੰਦੀ ਖ਼ਿਲਾਫ਼ ਸਥਾਨਕ ਬੱਲ ਭਵਨ ਵਿਖੇ ਰੋਸ ਪ੍ਰਦਰਸ਼ਨ ਉਪਰੰਤ ਡਿਪਟੀ ਕਮਿਸ਼ਨਰ, ਐੱਸ ਡੀ ਐੱਮ ਤੇ ਈ ਓ ਨਗਰ ਕੌਂਸਲ ਮਾਨਸਾ ਮੰਗ ਨੂੰ ਪੱਤਰ ਸੌਂਪੇ ਗਏ।ਇਸ ਸਮੇਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਪਿਛਲੇ ਦਿਨੀਂ ਇੱਕ ਪੰਜਾਬੀ ਅਖ਼ਬਾਰ 'ਚ ਕਾਰਜ ਸਾਧਕ ਅਫਸਰ ਨਗਰ ਕੌਂਸਲ ਮਾਨਸਾ ਵੱਲੋਂ ਜਾਰੀ ਤੇ ਪ੍ਰਕਾਸ਼ਿਤ ਹੋਏ ਇਸ਼ਤਿਹਾਰ, ਜਿਸ ਦਾ ਦਫ਼ਤਰੀ ਪੱਤਰ ਨੰਬਰ: 3675 ਮਿਤੀ: 19 ਦਸੰਬਰ 2025 ਦਰਸਾਇਆ ਗਿਆ ਹੈ, ਮੁਤਾਬਿਕ ਨਵੀਂ ਵਾਰਡਬੰਦੀ 'ਤੇ ਇਤਰਾਜ਼ ਦਰਜ ਕਰਵਾਉਣ ਲਈ ਸੱਤ ਦਿਨ ਦਾ ਸਮਾਂ ਵੀ ਦਿੱਤਾ ਗਿਆ ਹੈ, ਪ੍ਰੰਤੂ ਬੜੀ ਚਤਰਾਈ ਨਾਲ ਪਬਲਿਕ ਦੇ ਅੱਖੀਂ ਘੱਟਾ ਪਾਉਣ ਲਈ ਇਸ਼ਤਿਹਾਰ 'ਚ ਜਾਣ ਬੁੱਝ ਕੇ 19 ਦਸੰਬਰ ਦੀ ਤਰੀਕ ਪਾਈ ਗਈ ਹੈ।ਆਗੂਆਂ ਨੇ ਦੋਸ਼ ਲਗਾਇਆ ਕਿ ਨਗਰ ਕੌਂਸਲ ਦਾ ਈ ਓ ਸ਼ਰੇਆਮ ਸਥਾਨਕ ਵਿਧਾਇਕ ਨਾਲ ਰਲ ਕੇ ਸ਼ਹਿਰੀਆਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਨਗਰ ਕੌਂਸਲ ਦੀ ਮੀਟਿੰਗ ਦੇ ਕੁੱਝ ਵਿਅਕਤੀਆਂ ਵੱਲੋਂ ਸੱਤਾ ਧਿਰ ਦੇ ਫਾਇਦੇ ਲਈ ਹੀ ਅਜਿਹਾ ਸਭ ਕੁੱਝ ਕੀਤਾ ਜਾ ਰਿਹਾ ਹੈ।ਵਾਰਡਾਂ 'ਚ ਬਿਨਾਂ ਵਾਰਡ ਵਾਸੀਆਂ ਦੀ ਸਹਿਮਤੀ ਨਾਲ ਨਿੱਜੀ ਮੁਫ਼ਾਦ ਤੇ ਸੱਤਾ ਦੀ ਲਾਲਸੀ ਪੂਰਤੀ ਲਈ ਹੀ ਇਸ ਤਰ੍ਹਾਂ ਦੇ ਲੋਕ ਵਿਰੋਧੀ ਫ਼ੈਸਲੇ ਕੀਤੇ ਜਾ ਰਹੇ ਹਨ।ਆਗੂਆਂ ਨੇ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਸ਼ਹਿਰੀਆਂ ਨੂੰ ਵਾਰ ਵਾਰ ਆਪਣਾ ਰਹਾਇਸ਼ੀ ਪਤਾ ਬਦਲਣ, ਪਾਸਪੋਰਟ, ਸਰਕਾਰੀ ਦਸਤਾਵੇਜ਼ਾਂ ਤੇ ਹੋਰ ਅਤਿ ਜ਼ਰੂਰੀ ਦਸਤਾਵੇਜ਼ਾਂ 'ਚ ਪਤਾ ਵਾਰ ਵਾਰ ਸੋਧਾਂ ਕਰਵਾਉਣ ਲਈ ਖੱਜਲਖੁਆਰੀ ਤੇ ਬੇਲੋੜੇ ਖਰਚੇ ਤੋਂ ਇਲਾਵਾ ਸਮਾਂ ਦੀ ਵੀ ਬਰਬਾਦੀ ਹੋਵੇਗੀ, ਜਦੋਂ ਕਿ ਆਮ ਸ਼ਹਿਰੀ ਪਹਿਲਾਂ ਹੀ ਸੀਵਰੇਜ ਸਮੱਸਿਆ, ਕੂੜੇ ਕਰਕਟ ਤੇ ਗੰਦ ਦੇ ਢੇਰਾਂ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਤੋਂ ਇਲਾਵਾ ਨਿਗੂਣੀਆਂ ਸਰਕਾਰੀ ਸਿਹਤ ਸੇਵਾਵਾਂ ਮਹਿੰਗੀ ਸਿੱਖਿਆ ਤੇ ਬੇਰੁਜ਼ਗਾਰੀ ਹੱਥੋਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ।ਬੁਲਾਰਿਆਂ ਨੇ ਸ਼ਹਿਰੀਆਂ 'ਚ ਪਾਏ ਜਾ ਰਹੇ ਭਾਰੀ ਰੋਹ ਤੇ ਰੋਸ ਸੰਬੰਧੀ ਬੋਲਦਿਆਂ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਜੇਕਰ ਸੱਤਾ ਦੇ ਗਰੂਰ 'ਚ ਅਤੇ ਜ਼ਬਰਦਸਤੀ ਅਜਿਹੀ ਵਾਰਡਬੰਦੀ ਕੀਤੀ ਗਈ ਤਾਂ ਇਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਫੈਸਲਾ ਕੀਤਾ ਕਿ ਜੇਕਰ ਉਕਤ ਵਾਰਡਬੰਦੀ ਦੇ ਫੈਸਲੇ ਨੂੰ ਮੁੜ ਤੋਂ ਨਾ ਵਿਚਾਰਿਆ ਗਿਆ ਤਾਂ ਨਵੇਂ ਸਾਲ, ਪਹਿਲੀ ਜਨਵਰੀ ਨੂੰ ਹਲਕਾ ਵਿਧਾਇਕ ਮਾਨਸਾ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਤੇ ਹਲਕਾ ਵਿਧਾਇਕ ਦੀ ਹੋਵੇਗੀ।ਇਸ ਦੌਰਾਨ ਸੰਘਰਸ਼ ਕਮੇਟੀ ਵੱਲੋਂ ਉਪ-ਮੰਡਲ ਅਫ਼ਸਰ ਸ੍ਰੀ ਕਾਲਾ ਰਾਮ ਕਾਂਸਲ ਤੇ ਕਾਰਜ ਸਾਧਕ ਅਫ਼ਸਰ ਨੂੰ ਇਤਰਾਜ਼ ਜਤਾਉਂਦੇ ਮੰਗ ਪੱਤਰ ਵੀ ਸੌਂਪੇ ਗਏ।

ਇਸ ਸਮੇਂ ਸੁਰਜੀਤ ਸਿੰਘ ਮਾਨਸਾ, ਸੁਰੇਸ਼ ਕੁਮਾਰ ਨੰਦਗੜ੍ਹੀਆ, ਪ੍ਰੇਮ ਅਗਰਵਾਲ, ਨਾਜ਼ਰ ਸਿੰਘ ਮਾਨਸ਼ਾਹੀਆ, ਬਲਕਰ ਸਿੰਘ ਸਿੱਧੂ ਮੂਸੇ ਵਾਲਾ, ਮਾਨਿਕ ਗੋਇਲ, ਕ੍ਰਿਸ਼ਨ ਚੌਹਾਨ, ਧੰਨਾ ਮੱਲ ਗੋਇਲ, ਸੁਮੀਰ ਛਾਬੜਾ, ਹਰਵਿੰਦਰ ਭਾਰਦਵਾਜ, ਡਾ. ਜਨਕ ਰਾਜ ਸਿੰਗਲਾ, ਅੰਗਰੇਜ਼ ਜਿੰਦਲ, ਜਤਿੰਦਰ ਆਗਰਾ, ਹਰਿੰਦਰ ਮਾਨਸ਼ਾਹੀਆ, ਚਮਕੌਰ ਸਿੰਘ ਸਿੱਧੂ, ਮਨਦੀਪ ਗੋਰਾ, ਬਲਵਿੰਦਰ ਸਿੰਘ ਘਰਾਂਗਣਾ, ਨੇਮ ਕੁਮਾਰ, ਪ੍ਰੇਮ ਸਾਗਰ ਭੋਲਾ, ਸਤੀਸ਼ ਮਹਿਤਾ, ਗੁਰਪ੍ਰੀਤ ਸਿੰਘ ਸਿੱਧੂ,ਅਮ੍ਰਿਤ ਪਾਲ ਕੂਕਾ, ਸੁਰਿੰਦਰ ਨਿਭੌਰੀਆ, ਹਰਬੰਸ ਪੰਮੀ, ਰਤਨ ਭੋਲਾ, ਘਣਛਾਮ ਨਿੱਕੂ, ਮਨਜੀਤ ਮੀ ਹਾਂ, ਜਸਵੰਤ ਸਿੰਘ, ਐਡਵੋਕੇਟ ਲਖਨਪਾਲ, ਰਘਵੀਰ ਸਿੰਘ ਰਾਮਗੜ੍ਹੀਆ, ਪਵਨ ਕੁਮਾਰ ਆਦਿ ਵੱਖ ਜਥੇਬੰਦੀਆਂ ਦੇ ਆਗੂ, ਵਰਕਰ, ਆਮ ਸ਼ਹਿਰੀ, ਮੌਜੂਦਾ ਤੇ ਸਾਬਕਾ ਕੌਂਸਲਰ ਹਾਜ਼ਰ ਸਨ।

## ਸਿੱਖ ਵਕੀਲ ਨੇ ਕੈਨੇਡਾ ਦੀ ਅਦਾਲਤ 'ਚ ਸਦੀ ਪੁਰਾਣਾ ਕਾਨੂੰਨ ਬਦਲਵਾ ਕੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਦੇ ਹੋਣਹਾਰ ਸਿੱਖ ਪੰਜਾਬੀ ਨੌਜਵਾਨ ਹਰ ਖੇਤਰ ਵਿਦੇਸ਼ਾਂ 'ਚ ਰਹਿ ਕੇ ਚੰਗੀ ਤਰੱਕੀ ਤੇ ਜਿੱਤਾਂ ਹਾਸਲ ਕਰਕੇ ਕੌਮ ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ।ਇਸੇ ਲੜੀ ਤਹਿਤ ਸਿੱਖ ਨੌਜਵਾਨ ਵਕੀਲ ਪ੍ਰਭਜੋਤ ਸਿੰਘ ਨੇ ਕੈਨੇਡਾ ਦੀ ਮਾਨਯੋਗ ਸੁਪਰੀਮ ਕੋਰਟ ਨੂੰ ਪ੍ਰਭਾਵਸ਼ਾਲੀ ਦਲੀਲਾਂ ਦੇ ਕੇ ਸਦੀ ਤੋਂ ਚੱਲਿਆ ਆ ਰਿਹਾ ਕਾਨੂੰਨ ਬਦਲਵਾ ਕੇ ਇਤਿਹਾਸਿਕ ਜਿੱਤ ਪ੍ਰਾਪਤ ਕੀਤੀ।ਪੰਜਾਬ ਦੇ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਵੜਿੰਗ ਨਾਲ ਸਬੰਧਤ ਸਿੱਖ ਨੌਜਵਾਨ ਪ੍ਰਭਜੋਤ ਸਿੰਘ ਨੇ ਵਕੀਲ ਦੀ ਡਿਗਰੀ ਪ੍ਰਾਪਤ ਕੀਤੀ ਤੇ ਕੈਨੇਡਾ ਦੀ ਅਦਾਲਤ ਵਿੱਚ ਆਪਣੀ ਵਕਾਲਤ ਕਰਨ ਲਈ ਉਸ ਨੂੰ ਕਿੰਗ ਵਾਰਲਸ ਦੀ ਸਹੁੰ ਚੁੱਕਣੀ ਪੈਣੀ ਸੀ, ਜਿਸ ਦੀ ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹੈ ਤੇ ਉਹ ਆਪਣੇ ਗੁਰੂ ਤੋਂ ਵੱਡਾ ਕਿਸੇ ਨੂੰ ਨਹੀਂ ਮੰਨ ਸਕਦਾ।ਉਸ ਨੂੰ ਵਕਾਲਤ ਨਾ ਕਰਨਾ ਮਨਜ਼ੂਰ ਹੈ, ਪਰ ਉਹ ਇਹ ਸਹੁੰ ਨਹੀਂ ਚੁੱਕੇਗਾ।ਉਸ ਨੇ ਆਪਣਾ ਹੱਕ ਲੈਣ ਲਈ ਪਹਿਲਾਂ ਹੇਠਲੀ ਅਦਾਲਤ 'ਚ ਕੇਸ ਕੀਤਾ, ਉਹ ਖਾਰਜ ਹੋ ਗਿਆ।ਫਿਰ ਉਸ ਨੇ ਕੈਨੇਡਾ ਦੀ ਮਾਨਯੋਗ ਸੁਪਰੀਮ ਕੋਰਟ 'ਚ ਅਪੀਲ ਕਰਕੇ ਆਪਣੇ ਕੇਸ 'ਚ ਵੱਡੀਆਂ ਪ੍ਰਭਾਵਸ਼ਾਲੀ ਦਲੀਲਾਂ ਦਿੱਤੀਆਂ, ਜਿਸ ਦੀ ਸੁਣਵਾਈ ਕਰਦੇ ਹੋਏ ਮਾਨਯੋਗ ਕੈਨੇਡਾ ਦੀ ਸਪਰੀਮ ਕੋਰਟ ਨੇ 1912 ਤੋਂ ਚਲਦਾ ਆ ਰਿਹਾ ਕਾਨੂੰਨ ਨੂੰ ਬਦਲ ਕੇ ਪ੍ਰਭਜੋਤ ਸਿੰਘ ਦੀ ਦਲੀਲ ਨਾਲ ਸਹਿਮਤ ਹੁੰਦਿਆਂ ਫੈਸਲਾ ਕੀਤਾ ਕਿ ਹੁਣ ਕਦੇ ਵੀ ਕਿਸੇ ਵਿਅਕਤੀ ਨੂੰ ਕਿਸੇ ਵੀ ਅਹੁਦੇ 'ਤੇ ਜਾਣ ਲਈ ਰਾਜੇ ਦੀ ਸਹੁੰ ਚੁੱਕਣ ਦੀ ਜ਼ਰੂਰਤ ਨਹੀਂ ਹੈ।ਮਾਨਯੋਗ ਅਦਾਲਤ ਵੱਲੋਂ ਜਿੱਥੇ ਸਿੱਖ ਪੰਜਾਬੀ ਪਰਿਵਾਰ ਨੂੰ ਵੱਡੀ ਜਿੱਤ ਤੇ ਰਾਹਤ ਮਿਲੀ ਹੈ, ਉੱਥੇ ਹੋਰਨਾਂ ਲੋਕਾਂ ਨੂੰ ਵੀ ਵੱਡੀ ਰਾਹਤ ਮਿਲੀ ਹੈ।ਇਸ ਇਤਿਹਾਸਿਕ ਫ਼ੈਸਲੇ ਦੀ ਦੇਸ਼ ਵਿਦੇਸ਼ 'ਚ ਬਹੁਤ ਚਰਚਾ ਹੈ।ਮਾਨਯੋਗ ਅਦਾਲਤ ਦੇ ਇਸ ਫ਼ੈਸਲੇ ਦਾ ਹਰ ਪਾਸਿਓਂ ਸਵਾਗਤ ਹੋ ਰਿਹਾ ਹੈ।

## ਚਾਹਲ ਦੀ ਜਾਨ ਬਚਾਉਣ ਵਾਲੇ ਪੁਲਸ ਇੰਸਪੈਕਟਰ ਦਾ ਸਨਮਾਨ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਸੇਵਾਮੁਕਤ ਆਈ ਜੀ ਅਮਰ ਸਿੰਘ ਚਾਹਲ ਨੇ 8.10 ਕਰੋੜ ਦੀ ਠੱਗੀ ਤੋਂ ਪ੍ਰੇਸ਼ਾਨ ਹੋ ਕੇ ਖ਼ੁਦ ਨੂੰ ਗੋਲੀ ਮਾਰ ਲਈ ਸੀ, ਪਰ ਸਮੇਂ ਸਿਰ ਇਲਾਜ ਮਿਲਣ ਕਰ ਕੇ ਉਨ੍ਹਾਂ ਦੀ ਜਾਨ ਬਚ ਰਹੀ ਸੀ।ਉਨ੍ਹਾਂ ਖ਼ੁਦ ਨੂੰ ਗੋਲੀ ਮਾਰਨ ਤੋਂ ਪਹਿਲਾਂ ਡੀ ਜੀ ਪੀ ਗੌਰਵ ਯਾਦਵ ਨੂੰ ਵਟਸਐਪ 'ਤੇ 'ਗੁੱਡ ਬਾਏ' ਦਾ ਮੈਸੇਜ ਭੇਜਿਆ ਸੀ।ਸ੍ਰੀ ਯਾਦਵ ਨੇ ਇਹ ਮੈਸੇਜ਼ ਦੇਖਦਿਆਂ ਤੁਰੰਤ ਪਟਿਆਲਾ ਦੇ ਐੱਸ ਐੱਸ ਪੀ ਵਰੁਣ ਸ਼ਰਮਾ ਨੂੰ ਫੋਨ ਕਰ ਕੇ ਸ੍ਰੀ ਚਾਹਲ ਦੇ ਘਰ ਪੁਲਸ ਮੁਲਾਜ਼ਮ ਭੇਜਣ ਲਈ ਕਿਹਾ।ਐੱਸ ਐੱਸ ਪੀ ਨੇ ਤੁਰੰਤ ਥਾਣਾ ਅਰਬਨ ਅਸਟੇਟ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਸਮਰਾਓ ਨੂੰ ਫੋਨ ਕਰ ਕੇ ਸ੍ਰੀ ਚਾਹਲ ਦੇ ਘਰ ਪਹੁੰਚਣ ਲਈ ਕਿਹਾ।ਸ੍ਰੀ ਚਾਹਲ ਦੀ ਰਿਹਾਇਸ਼ ਇੱਥੇ ਅਰਬਨ ਅਸਟੇਟ ਵਿੱਚ ਹੈ।ਇੰਸਪੈਕਟਰ ਸਮਰਾਓ ਵੀ ਉਸ ਸਮੇਂ ਸ੍ਰੀ ਚਾਹਲ ਦੇ ਘਰ ਦੇ ਨੇੜੇ ਹੀ ਮੌਜੂਦ ਸਨ। ਦਰਵਾਜ਼ੇ ਦੀ ਬੈੱਲ ਦਾ ਕੋਈ ਜਵਾਬ ਨਾ ਆਉਣ 'ਤੇ ਥਾਣਾ ਮੁਖੀ ਕੰਧ ਟੱਪ ਕੇ ਅੰਦਰ ਗਏ ਤੇ ਜ਼ਖ਼ਮੀ ਹਾਲਤ 'ਚ ਪਏ ਅਮਰ ਸਿੰਘ ਚਾਹਲ ਨੂੰ ਚੁੱਕ ਕੇ ਕਾਰ 'ਚ ਬਿਠਾ ਲਿਆ।ਇੰਨੇ ਨੂੰ ਸ੍ਰੀ ਚਾਹਲ ਦਾ ਪੁੱਤਰ ਤੇ ਨੂੰਹ ਵੀ ਬਾਹਰ ਆ ਗਏ ਸਨ, ਪਰ ਉਦੋਂ ਤੱਕ ਉਨ੍ਹਾਂ ਨੂੰ ਘਟਨਾ ਦਾ ਪਤਾ ਨਹੀਂ ਸੀ ਲੱਗਿਆ।ਥਾਣਾ ਮੁਖੀ ਨੇ ਸ੍ਰੀ ਚਾਹਲ ਨੂੰ ਘਰ ਦੇ ਨੇੜੇ ਸਥਿਤ ਪਾਰਕ ਹਸਪਤਾਲ 'ਚ ਤੁਰੰਤ ਦਾਖ਼ਲ ਕਰਵਾਇਆ।ਸਮੇਂ ਸਿਰ ਹਸਪਤਾਲ਼ ਦਾਖਲ ਕਰਵਾਉਣ ਤੇ ਹਸਪਤਾਲ਼ ਵੱਲੋਂ ਇਲਾਜ ਸ਼ੁਰੂ ਕਰਨ 'ਤੇ (ਰਿਟ.) ਆਈ ਜੀ ਚਹਿਲ ਦੀ ਜਾਨ ਬਚ ਗਈ। ਐੱਸ ਐੱਸ ਪੀ ਵਰੁਣ ਸ਼ਰਮਾ ਨੇ ਇੰਸਪੈਕਟਰ ਗੁਰਪ੍ਰੀਤ ਸਮਰਾਓ ਨੂੰ ਵਧੀਆ ਕਾਰਗੁਜ਼ਾਰੀ ਲਈ ਡੀ ਜੀ ਪੀ ਡਿਸਕ ਦੇ ਕੇ ਸਨਮਾਨਿਆ ਗਿਆ ਹੈ।ਇੰਸਪੈਕਟਰ ਗੁਰਪ੍ਰੀਤ ਸਿੰਘ ਸਮਰਾਓ ਨੇ ਇਸ ਸਨਮਾਨ 'ਤੇ ਖ਼ੁਸ਼ੀ ਜਤਾਉਂਦੇ ਕਿਹਾ ਕਿ ਇਸ ਨਾਲ ਪੁਲਸ ਕਰਮਚਾਰੀਆਂ ਦਾ ਹੌਸਲਾ ਵਧਦਾ ਹੈ। ਉਨ੍ਹਾਂ ਆਪਣੇ ਪੁਲਸ ਅਧਿਕਾਰੀਆਂ ਵੱਲੋਂ ਦਿੱਤੇ ਸਨਮਾਨ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਆਪਣੀ ਡਿਊਟੀ ਇਸੇ ਤਰ੍ਹਾਂ ਪੂਰੀ ਇਮਾਨਦਾਰੀ ਨਾਲ਼ ਨਿਭਾਉਂਦੇ ਰਹਿਣਗੇ।

## ਨੀਲਮ ਰਾਣੀ ਗਰਗ ਦੀ ਯਾਦ 'ਚ ਕੁਲਚੇ-ਛੋਲਿਆਂ ਦਾ ਲੰਗਰ ਲਗਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪ੍ਰਧਾਨ ਵਿਜੇ ਗੁਪਤਾ ਨੇ ਆਪਣੀ ਧਰਮਪਤਨੀ ਸਵਰਗਵਾਸੀ ਨੀਲਮ ਰਾਣੀ ਗਰਗ ਦੀ ਪਵਿੱਤਰ ਯਾਦ ਨੂੰ ਸਮਰਪਤ ਕਰਦਿਆਂ ਕੁਲਚੇ-ਛੋਲਿਆਂ ਦਾ ਲੰਗਰ ਲਗਾਇਆ।ਇਸ ਲੰਗਰ ਵਿੱਚ ਸ਼ਹਿਰ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਭਰਪੂਰ ਸ਼ਮੂਲੀਅਤ ਕੀਤੀ ਤੇ ਸਵਰਗਵਾਸੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।ਇਸ ਮੌਕੇ ਪ੍ਰਧਾਨ ਵਿਜੇ ਗੁਪਤਾ ਤੇ ਉਨ੍ਹਾਂ ਦੇ ਸਪੁੱਤਰ ਰਵੀ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਲੰਗਰ ਪਿਛਲੇ 20 ਸਾਲਾਂ ਤੋਂ ਨਿਰੰਤਰ 25 ਦਸੰਬਰ ਨੂੰ ਲਗਾਇਆ ਜਾ ਰਿਹਾ ਹੈ।ਉਨ੍ਹਾਂ ਆਖਿਆ ਕਿ ਸਵਰਗਵਾਸੀ ਨੀਲਮ ਰਾਣੀ ਗਰਗ ਦੀ ਮੌਤ ਵੀ 25 ਦਸੰਬਰ ਨੂੰ ਹੀ ਹੋਈ ਸੀ ਤੇ ਉਸ ਦਿਨ ਤੋਂ ਲੈ ਕੇ ਹਰ ਸਾਲ ਇਸ ਤਰੀਖ਼ ਨੂੰ ਲੰਗਰ ਲਗਾ ਕੇ ਉਨ੍ਹਾਂ ਦੀ ਯਾਦ ਤਾਜ਼ਾ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਲੰਗਰ ਲਗਾਉਣ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਕਰਨਾ ਤੇ ਸਮਾਜ ਵਿੱਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਹੈ।

# ਸ਼ਹੀਦੀ ਜੋੜ ਸਭਾ ਦੌਰਾਨ ਫਿਜ਼ੀਓਥੈਰਪੀ ਕੈਂਪ ਦਾ ਆਯੋਜਨ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਫਿਜ਼ੀਓਥੈਰਪੀ ਵਿਭਾਗ ਵੱਲੋਂ ਸ਼ਹੀਦੀ ਜੋੜ ਸਭਾ ਦੇ ਪਾਵਨ ਅਵਸਰ 'ਤੇ 25 ਤੋਂ 27 ਦਸੰਬਰ ਤੱਕ ਤਿੰਨ ਦਿਨਾਂ ਫਿਜ਼ੀਓਥੈਰਪੀ ਕੈਂਪ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ।ਕੈਂਪ ਨੂੰ ਸੰਗਤਾਂ ਤੇ ਆਮ ਜਨਤਾ ਵੱਲੋਂ ਵੱਡਾ ਹੁੰਗਾਰਾ ਮਿਲਿਆ, ਜਿਸ ਦੌਰਾਨ 800 ਤੋਂ ਵੱਧ ਮਰੀਜ਼ਾਂ ਦੀ ਜਾਂਚ ਅਤੇ ਇਲਾਜ ਕੀਤਾ ਗਿਆ।ਇਨ੍ਹਾਂ ਵਿੱਚ ਮਾਸਪੇਸ਼ੀਆਂ, ਹੱਡੀਆਂ, ਨਰਵਾਂ ਤੇ ਜੀਵਨ-ਸ਼ੈਲੀ ਨਾਲ ਸੰਬੰਧਤ ਬਿਮਾਰੀਆਂ ਸ਼ਾਮਲ ਸਨ।

ਕੈਂਪ ਦੌਰਾਨ ਹੱਥੋਂ-ਹੱਥ ਫਿਜ਼ੀਓਥੈਰਪੀ ਇਲਾਜ ਦੇ ਨਾਲ-ਨਾਲ ਮਰੀਜ਼ਾਂ ਨੂੰ ਸਹੀ ਪੋਸਚਰ, ਕਸਰਤ ਥੈਰਪੀ, ਦਰਦ ਪ੍ਰਬੰਧਨ, ਚੋਟਾਂ ਤੋਂ ਬਚਾਅ ਤੇ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਬਾਰੇ ਵੀ ਜਾਗਰੂਕ ਕੀਤਾ ਗਿਆ, ਤਾਂ ਜੁ ਲੰਮੇ ਸਮੇਂ ਤੱਕ ਸਰੀਰਕ ਤੰਦਰੁਸਤੀ ਨੂੰ ਬਣਾਈ ਰੱਖਿਆ ਜਾ ਸਕੇ।ਇਹ ਕੈਂਪ ਡਾ. ਸੁਪ੍ਰੀਤ ਬਿੰਦਰਾ, ਮੁਖੀ ਫਿਜ਼ੀਓਥੈਰਪੀ ਵਿਭਾਗ ਦੀ ਅਗਵਾਈ ਹੇਠ ਤੇ ਡਾ. ਪੰਕਜਪ੍ਰੀਤ ਸਿੰਘ, ਡੀਨ ਫੈਕਲਟੀ ਆਫ਼ ਮੈਡੀਕਲ ਸਾਇੰਸਿਜ਼, ਦੀ ਮਾਰਗਦਰਸ਼ਨ ਤੇ ਸਹਿਯੋਗ ਨਾਲ ਆਯੋਜਤ ਕੀਤਾ ਗਿਆ।ਇਸ ਦੌਰਾਨ ਅਧਿਆਪਕ ਸਦੱਸਾਂ, ਕਲੀਨੀਕਲ ਫਿਜ਼ੀਓਥੈਰਪਿਸਟਾਂ ਅਤੇ ਵਿਦਿਆਰਥੀਆਂ ਦੀ ਸਮਰਪਿਤ ਟੀਮ ਵੱਲੋਂ ਪੂਰੀ ਨਿਸ਼ਠਾ ਅਤੇ ਪੇਸ਼ੇਵਰਤਾ ਨਾਲ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਵਾਈਸ-ਚਾਂਸਲਰ, ਨੇ ਫਿਜ਼ੀਓਥੈਰਪੀ ਵਿਭਾਗ ਦੇ ਯਤਨਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸਿਹਤਕਾਰੀ ਉਪਰਾਲੇ ਯੂਨੀਵਰਸਿਟੀ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਦਰਸਾਉਂਦੇ ਹਨ ਤੇ ਜਨ-ਕਲਿਆਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਅਫ਼ੇਅਰਜ਼ ਨੇ ਵੀ ਇਸ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਮੁਦਾਇਕ ਸਿਹਤ ਕੈਂਪ ਵਿਦਿਆਰਥੀਆਂ ਲਈ ਕਲਾਸਰੂਮ ਤੋਂ ਬਾਹਰ ਅਨੁਭਵਾਤਮਕ ਸਿੱਖਿਆ ਦੇ ਮੌਕੇ ਪ੍ਰਦਾਨ ਕਰਦੇ ਹਨ ਅਤੇ ਸਮਾਜਕ ਲੋੜਾਂ ਦੀ ਸਮਝ ਨੂੰ ਮਜ਼ਬੂਤ ਕਰਦੇ ਹਨ।

ਇਸ ਫਿਜ਼ੀਓਥੈਰਪੀ ਕੈਂਪ ਦਾ ਸਫ਼ਲ ਆਯੋਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਸਮਾਜਿਕ ਸੇਵਾ, ਜਨ-ਸਿਹਤ ਉਤਸ਼ਾਹਨ ਅਤੇ ਸਮੁਦਾਇਕ ਸਹਿਯੋਗ ਪ੍ਰਤੀ ਪੱਕੀ ਵਚਨਬੱਧਤਾ ਨੂੰ ਪ੍ਰਗਟ ਕਰਦਾ ਹੈ, ਜੋ ਸ਼ਹੀਦੀ ਜੋੜ ਸਭਾ ਦੀ ਆਤਮਾ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ।

## ਤੀਰਥ ਯਾਤਰਾ ਯੋਜਨਾ ਬਜ਼ੁਰਗਾਂ ਲਈ ਸੱਚੀ ਸੇਵਾ ਦਾ ਪ੍ਰਤੀਕ ਬਣ ਚੁਕੀ ਹੈ : ਵਿਧਾਇਕ ਪੰਡੋਰੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਜ਼ੁਰਗਾਂ ਲਈ ਸੱਚੀ ਸੇਵਾ ਦਾ ਪ੍ਰਤੀਕ ਬਣ ਚੁੱਕੀ ਹੈ।ਇਹ ਪ੍ਰਗਟਾਵਾ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਇਤਿਹਾਸਕ ਪਿੰਡ ਕੁਤਬਾ ਵਿਖੇ ਤੀਰਥ ਯਾਤਰਾ ਬੱਸ ਨੂੰ ਰਵਾਨਾ ਕਰਨ ਸਮੇਂ ਕੀਤਾ।ਇਸ ਮੌਕੇ ਵਿਧਾਇਕ ਪੰਡੋਰੀ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਸੀ ਐੱਮ ਭਗਵੰਤ ਮਾਨ ਸਰਵਣ ਪੁੱਤਰ ਬਣ ਕੇ ਬਜ਼ੁਰਗਾਂ ਪ੍ਰਤੀ ਸੱਚੀ ਸੇਵਾ ਨਿਭਾਅ ਰਹੇ ਹਨ।ਪੰਜਾਬ ਸਰਕਾਰ ਦੇ ਇਸ ਫੈਸਲੇ ਨੇ ਸੱਚਮੁੱਚ ਮਨ ਖੁਸ਼ ਕਰ ਦਿੱਤਾ ਹੈ।ਜਦੋਂ ਅਸੀਂ ਬਜ਼ੁਰਗਾਂ ਨੂੰ ਧਾਰਮਿਕ ਯਾਤਰਾ 'ਤੇ ਜਾਂਦੇ ਵੇਖਦੇ ਹਾਂ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਆਉਂਦੀ ਖੁਸ਼ੀ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।ਇਹ ਇੱਕ ਬਹੁਤ ਵਧੀਆ ਤੇ ਸਲਾਹੁਣਯੋਗ ਉੱਦਮ ਹੈ।ਵਿਧਾਇਕ ਪੰਡੋਰੀ ਨੇ ਇਸ ਯੋਜਨਾ ਦਾ ਲਾਹਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਯੋਜਨਾ ਤਹਿਤ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਮੁਫ਼ਤ ਯਾਤਰਾ, ਰਹਿਣ-ਸਹਿਣ, ਭੋਜਨ ਆਦਿ ਸਹੂਲਤਾਂ ਤੇ ਪੂਰੀ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਮੌਕੇ ਸਰਪੰਚ ਪ੍ਰਦੀਪ ਸਿੰਘ ਰਾਏ, ਸੰਮਤੀ ਮੈਂਬਰ ਦਵਿੰਦਰ ਸਿੰਘ ਧਨੋਆ, ਸਿਕੰਦਰ ਸਿੰਘ ਕੁਤਬਾ, ਪੀ. ਏ. ਬਿੰਦਰ ਸਿੰਘ ਖਾਲਸਾ, ਹਰਮਨਜੀਤ ਸਿੰਘ ਰਾਏ, ਜੱਗਾ ਸਿੰਘ, ਪਟਵਾਰੀ ਹਰਦੇਵ ਸਿੰਘ ਕੱਟੂ ਆਦਿ ਹਾਜ਼ਰ ਸਨ।

## ਨਤੀਜਾ ਸ਼ਾਨਦਾਰ ਰਿਹਾ

**ਚੀਮਾ ਮੰਡੀ (ਰਵਿੰਦਰ ਚੀਮਾ)**-ਬੀਕਾਮ ਭਾਗ ਪਹਿਲਾ ਸਮੈਸਟਰ ਦੂਜਾ ਦਾ ਨਤੀਜਾ ਮਾਡਰਨ ਕਾਲਜ ਬੀਰ ਕਲਾਂ 'ਚ ਸ਼ਾਨਦਾਰ ਰਿਹਾ। ਸਹਾਇਕ ਪ੍ਰੋਫੈਸਰ ਗੁਰਵਿੰਦਰ ਕੌਰ ਨੇ ਦੱਸਿਆ ਕਿ ਜਸ਼ਨਪ੍ਰੀਤ ਕੌਰ ਨੇ 600 ਅੰਕਾਂ ਵਿੱਚੋਂ 437 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਕਮਲਪ੍ਰੀਤ ਕੌਰ ਨੇ 430 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਖੁਸ਼ਵਿੰਦਰ ਕੌਰ ਤੇ ਲਵਪ੍ਰੀਤ ਕੌਰ ਨੇ 425 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ, ਰਮਨਦੀਪ ਕੌਰ ਨੇ ਚੌਥਾ ਸਥਾਨ ਤੇ ਅਰੁਣਜੋਤ ਨੇ ਪੰਜਵਾਂ ਸਥਾਨ ਹਾਸਲ ਕੀਤਾ। ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ.ਕੇ.ਰਾਏ ਨੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



## ਡਾ. ਹਰਮਿੰਦਰ ਸਿੰਘ ਖੋਖਰ ਡਾਇਰੈਕਟਰ ਲੋਕ ਸੰਪਰਕ ਅਹੁਦੇ 'ਤੇ ਤਾਇਨਾਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀ ਤੇ 1998 ਬੈਚ ਦੇ ਸਾਬਕਾ ਭਾਰਤੀ ਸੂਚਨਾ ਸੇਵਾ (ਆਈ. ਆਈ.ਐੱਸ.) ਅਧਿਕਾਰੀ ਡਾ. ਹਰਮਿੰਦਰ ਸਿੰਘ ਖੋਖਰ ਨੂੰ ਡਾਇਰੈਕਟਰ ਲੋਕ ਸੰਪਰਕ ਦੇ ਅਹੁਦੇ ਉੱਤੇ ਤਾਇਨਾਤ ਕੀਤਾ ਗਿਆ ਹੈ।ਡਾ. ਖੋਖਰ ਵੱਲੋਂ ਅਹੁਦਾ ਸੰਭਾਲਣ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ ਤੇ ਰਜਿਸਟਰਾਰ ਡਾ. ਦਵਿੰਦਰਪਾਲ ਸਿੰਘ ਸਿੱਧੂ ਨੇ ਉਚੇਚੇ ਤੌਰ ਉੱਤੇ ਪਹੁੰਚ ਕੇ ਉਨ੍ਹਾਂ ਨੂੰ ਵਧਾਈ ਦਿੱਤੀ।

ਜ਼ਿਕਰਯੋਗ ਹੈ ਕਿ ਡਾ. ਹਰਮਿੰਦਰ ਸਿੰਘ ਖੋਖਰ ਨੂੰ 32 ਸਾਲਾਂ ਦਾ ਪੱਤਰਕਾਰੀ ਅਤੇ ਜਨ-ਸੰਚਾਰ ਦੇ ਖੇਤਰ ਦਾ ਲੰਬਾ ਤਜਰਬਾ ਹੈ।ਡਾ. ਖੋਖਰ ਨੇ ਆਪਣੇ ਪ੍ਰੋਫ਼ੈਸ਼ਨਲ ਕੈਰੀਅਰ ਦੀ ਸ਼ੁਰੂਆਤ ਸਾਲ 1993 ਵਿੱਚ 'ਖੋਖਰ ਦੀ ਆਵਾਜ਼' ਪੰਜਾਬੀ ਸਪਤਾਹਿਕ ਅਖ਼ਬਾਰ ਤੋਂ ਕੀਤੀ, ਜਿਸ ਵਿੱਚ ਉਨ੍ਹਾਂ ਬਤੌਰ ਸੰਪਾਦਕ, ਛਾਪਕ ਅਤੇ ਪ੍ਰਕਾਸ਼ਕ ਆਪਣੀਆਂ ਸੇਵਾਵਾਂ ਦਿੱਤੀਆਂ।

ਡਾ. ਖੋਖਰ ਨੂੰ ਸਾਲ 1998 ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ.ਪੀ.ਐੱਸ.ਸੀ.) ਵੱਲੋਂ ਭਾਰਤੀ ਸੂਚਨਾ ਸੇਵਾ (ਆਈ.ਆਈ.ਐੱਸ.) ਲਈ ਚੁਣੇ ਜਾਣ 'ਤੇ ਉਨ੍ਹਾਂ ਨੇ ਭਾਰਤ ਸਰਕਾਰ ਦੇ ਅਦਾਰੇ ਪ੍ਰੈੱਸ ਇਨਫਰਮੇਸ਼ਨ ਬਿਊਰੋ (ਪੀ.ਆਈ.ਬੀ) ਵਿੱਚ ਵੀ ਆਪਣੀਆਂ ਸੇਵਾਵਾਂ ਨਿਭਾਈਆਂ।ਪੰਜਾਬੀ ਯੂਨੀਵਰਸਿਟੀ ਵਿਖੇ ਉਹ ਸਾਲ 2001 ਵਿੱਚ ਬਤੌਰ ਸਹਾਇਕ ਲੋਕ ਸੰਪਰਕ ਅਧਿਕਾਰੀ ਸ਼ਾਮਲ ਹੋਏ।ਉਹ ਤਰੱਕੀ ਉਪਰੰਤ ਇੱਥੇ ਸਾਲ 2014 ਤੋਂ ਬਤੌਰ ਲੋਕ ਸੰਪਰਕ ਅਧਿਕਾਰੀ ਕੰਮ ਕਰ ਰਹੇ ਹਨ। ਇਸੇ ਦੌਰਾਨ ਸਾਲ 2022 ਵਿੱਚ ਉਨ੍ਹਾਂ ਦੀ ਸੀਨੀਅਰਤਾ ਨੂੰ ਵੇਖਦਿਆਂ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਯੂਨੀਵਰਸਿਟੀ ਸਾਇੰਸ ਇੰਸਟਰੂਮੈਂਟੇਸ਼ਨ ਸੈਂਟਰ (ਯੂਸਿਕ ਵਿਭਾਗ) ਦੇ ਇੰਚਾਰਜ ਵਜੋਂ ਵੀ ਤਾਇਨਾਤ ਕੀਤਾ ਗਿਆ ਸੀ।

ਡਾ. ਹਰਮਿੰਦਰ ਸਿੰਘ ਖੋਖਰ ਨੇ ਸਰਕਾਰੀ ਹਾਈ ਸਕੂਲ, ਗਾਂਧੀ ਨਗਰ, ਪਟਿਆਲਾ ਤੋਂ ਆਪਣੀ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਤੋਂ ਬੀ.ਏ. (ਆਨਰਜ਼) ਅਤੇ ਐੱਮ. ਏ. (ਇਤਿਹਾਸ) ਦੀ ਪੜ੍ਹਾਈ ਕੀਤੀ ਤੇ ਇਸ ਉਪਰੰਤ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਤੋਂ ਬੈਚੂਲਰ ਆਫ਼ ਲਾਅਜ਼ (ਐੱਲ-ਐੱਲ.ਬੀ) ਦੀ ਸਿੱਖਿਆ ਪ੍ਰਾਪਤ ਕੀਤੀ।ਅਹੁਦਾ ਸੰਭਾਲਣ ਮੌਕੇ ਉਨ੍ਹਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦਿਆਂ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਉਮੀਦ ਪ੍ਰਗਟਾਈ ਕਿ ਪੰਜਾਬੀ ਯੂਨੀਵਰਸਿਟੀ ਨੂੰ ਡਾ. ਖੋਖਰ ਦੇ ਲੰਮੇ ਅਨੁਭਵ ਤੇ ਸਮਰੱਥਾ ਦਾ ਨਿਸ਼ਚੇ ਹੀ ਲਾਭ ਪ੍ਰਾਪਤ ਹੋਵੇਗਾ।

## ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਸ਼ਹਾਦਤ ਨੂੰ ਸਮਰਪਤ ਜਾਗਰੂਕਤਾ ਕੈਂਪ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਕਲਗੀਧਰ ਦਸਮੇਸ਼ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ, ਚਾਰ ਸ਼ਾਹਿਬਜ਼ਾਦਿਆਂ ਤੇ ਸਮੂਹ ਸੂਰਬੀਰ ਸ਼ਹੀਦਾਂ ਦੀ ਯਾਦ 'ਚ ਜਾਗਰੂਕਤਾ ਕੈਂਪ ਭਾਈ ਮਲਕੀਤ ਸਿੰਘ, ਭਾਈ ਸਤਨਾਮ ਸਿੰਘ, ਬੀਬੀ ਸੁਰਿੰਦਰ ਕੌਰ ਦੀ ਅਗਵਾਈ ਹੇਠ ਮਹਿਲ ਕਲਾਂ ਵਿਖੇ ਲਗਾਇਆ ਗਿਆ।ਇਸ ਮੌਕੇ ਉਨ੍ਹਾਂ ਦੱਸਿਆ ਕਿ ਐਜੂਕੇਟ ਪੰਜਾਬ ਪ੍ਰੋਜੈਕਟ ਦੇ ਮੁੱਖ ਸੰਚਾਲਕ ਭਾਈ ਜਸਵਿੰਦਰ ਸਿੰਘ ਖ਼ਾਲਸਾ ਦੀ ਗਤੀਸ਼ੀਲ ਅਗਵਾਈ ਹੇਠ ਪਿੰਡ ਲੁਹਾਰਾ (ਮੋਗਾ) ਵਿਖੇ ਲੋੜਵੰਦਾਂ ਨੂੰ ਮੁਫ਼ਤ ਉੱਚ ਵਿੱਦਿਆ ਪ੍ਰਦਾਨ ਕਰਨ ਲਈ ਵਿੱਦਿਅਕ ਸੰਸਥਾ ਦੀ ਸ਼ੁਰੂਆਤ ਛੇਤੀ ਹੀ ਕੀਤੀ ਜਾ ਰਹੀ ਹੈ।ਉਨ੍ਹਾਂ ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ, ਲੋੜਵੰਦ ਹੋਣਹਾਰ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਸਕਾਲਰਸ਼ਿਪ ਯੋਜਨਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।ਉਨ੍ਹਾਂ ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਲੋੜਵੰਦਾਂ ਦੀ ਮਦਦ ਲਈ ਚਲਾਈਆਂ ਜਾ ਰਹੀਆਂ ਵੱਖ ਵੱਖ ਯੋਜਨਾਵਾਂ ਦੀ ਸਫਲਤਾ ਲਈ ਸਮੂਹ ਸੰਗਤਾਂ ਨੂੰ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢਣ ਲਈ ਅੱਗੇ ਆਉਣ ਦੀ ਅਪੀਲ ਕੀਤੀ।

## ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹੀਦੀ ਨੂੰ ਸਮਰਪਤ ਅਖੰਡ ਪਾਠ ਕਰਾਇਆ



**ਪਟਿਆਲਾ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਨੂੰ ਸਮਰਪਤ ਛੰਨਾ ਮੋੜ ਦੇਵੀਗੜ੍ਹ ਦੀ ਨਗਰ ਪੰਚਾਇਤ ਦੁਆਰਾ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਅਤੁੱਟ ਗੁਰੂ ਦੇ ਲੰਗਰ ਵਰਤਾਏ ਗਏ।ਇਸ ਸ਼ਹੀਦੀ ਸਮਾਗਮ ਵਿੱਚ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਹਾਜ਼ਰੀ ਲਵਾਈ ਅਤੇ ਦੱਸਿਆ ਕਿ ਛੋਟੇ ਸਾਹਿਬਜ਼ਾਦਿਆਂ ਦੀ ਸਹਾਦਤ ਦੇ ਦਿਨਾਂ ਨੂੰ ਸਮੁੱਚਾ ਪੰਜਾਬ ਸ਼ੋਕ ਦੇ ਦਿਨਾਂ ਵਜੋਂ ਮਨਾਉਂਦਾ ਹੈ, ਕਿਉਂਕਿ ਇਨ੍ਹਾਂ ਦਿਨਾਂ ਦੌਰਾਨ ਮੌਕੇ ਦੇ ਹਾਕਮਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਂਹਾਂ ਵਿੱਚ ਚਿਣਵਾ ਦਿੱਤਾ ਸੀ ਅਤੇ ਪੂਰੇ ਵਿਸ਼ਵ ਨੂੰ ਇਸ ਲਾਸਾਨੀ ਤੇ ਬੇਮਿਸਾਲ ਕੁਰਬਾਨੀ 'ਤੇ ਮਾਣ ਹੈ, ਜੋ ਕਿ ਪੰਜਾਬੀਆਂ ਤੇ ਸਾਰੇ ਦੇਸ਼ ਵਾਸੀਆਂ ਲਈ ਹੀ ਨਹੀਂ, ਸਗੋ ਪੂਰੀ ਦੁਨੀਆ ਵਿੱਚ ਵਸਦੇ ਵਿਅਕਤੀਆਂ ਲਈ ਇਕ ਅਦੁੱਤੀ ਮਿਸਾਲ ਹੈ। ਇਸ ਮੌਕੇ ਨਗਰ ਪੰਚਾਇਤ ਦੇਵੀਗੜ੍ਹ ਦੇ ਪ੍ਰਧਾਨ ਸਵਿੰਦਰ ਕੌਰ ਧੰਜੂ, ਬਲਦੇਵ ਸਿੰਘ, ਬਲਿਹਾਰ ਸਿੰਘ, ਸੁੱਚਾ ਸਿੰਘ (ਐੱਮ ਸੀ), ਬੂਟਾ ਸਿੰਘ ਐੱਮ ਸੀ, ਪ੍ਰੇਮ ਖਣੇਜਾ, ਕਰਨੈਲ ਸਿੰਘ ਫੌਜੀ, ਨਛੱਤਰ ਸਿੰਘ, ਲੋਕ ਸਭਾ ਟੀਮ ਮੈਂਬਰ, ਗ਼ੱਜਣ ਸਿੰਘ, ਜਸਵੰਤ ਰਾਏ, ਰਜਿੰਦਰ ਸਿੰਘ ਮੋਹਲ, ਹਰਜੀਤ ਸਿੰਘ ਸਿਓਣਾ, ਓਮ ਪ੍ਰਕਾਸ, ਰਜਿੰਦਰ ਸਿੰਘ ਕੋਹਲੀ ਮੀਡੀਆ ਸਲਾਹਕਾਰ ਤੇ ਹੋਰ ਸਾਥੀ ਮੌਜੂਦ ਸਨ।

## ਏਕਲ ਵਿਦਿਆਲੇ ਆਂਚਲ ਵੱਲੋਂ ਫ੍ਰੀ ਮੈਡੀਕਲ ਚੈੱਕਅੱਪ ਕੈਂਪ



**ਮੱਖੂ (ਰਛਪਾਲ ਸਿੰਘ ਸੰਧੂ)**-ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਏਕਲ ਵਿਦਿਆਲਿਆ ਫਾਉਂਡੇਸ਼ਨ ਭਾਰਤ ਅਧੀਨ ਚੱਲ ਰਹੇ ਏਕਲ ਵਿਦਿਆਲੇ ਆਂਚਲ ਮਖੂ ਵੱਲੋਂ ਕੁੱਸੂਵਾਲਾ ਮੋੜ ਅਕਬਰ ਵਾਲਾ ਵਿਖੇ ਫ੍ਰੀ ਮੈਡੀਕਲ ਚੈੱਕਅਪ ਤੇ ਦਵਾਈਆਂ ਦਾ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਜੋਤ ਹਸਪਤਾਲ ਜ਼ੀਰਾ, ਰਜੀਵ ਹੈਲਥ ਕੇਅਰ ਕਲੀਨਿਕ ਮਖੂ, ਅਹੂਜਾ ਫਾਰਮਾ ਮਖੂ ਵੱਲੋਂ 130 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਮਨਜੀਤ ਸਿੰਘ ਰਾਏ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ, ਡਾ. ਰਜੀਵ ਅਹੂਜਾ ਕਨਵੀਨਰ ਪੰਜਾਬ ਭਾਜਪਾ ਤੇ ਸਰਪ੍ਰਸਤ ਏਕਲ ਫਾਉਡੇਸ਼ਨ, ਅਮਿਤ ਸ਼ਰਮਾ ਅੰਮ੍ਰਿਤਸਰ ਐੱਮ ਡੀ, ਅਮਿਤ ਅਰੋੜਾ ਪ੍ਰਧਾਨ ਏਕਲ ਫਾਉਂਡੇਸ਼ਨ, ਗੁਰਚਰਨ ਸਿੰਘ ਸਾਬਕਾ ਸਰਪੰਚ ਅਕਬਰ ਵਾਲਾ ਭਾਜਪਾ ਆਗੂ, ਅਨਮੋਲ ਚੋਪੜਾ ਯੂਥ ਆਗੂ, ਜਗਵਿੰਦਰ ਸਿੰਘ ਖੰਨਾ, ਤਾਰਾ ਸਿੰਘ ਸਾਬਕਾ ਸਰਪੰਚ, ਕਸ਼ਮੀਰ ਸਿੰਘ ਭਾਜਪਾ ਆਗੂ, ਬਲਵਿੰਦਰ ਸਿੰਘ ਪ੍ਰਮੁੱਖ ਏਕਲ, ਗੁਰਮੀਤ ਸਿੰਘ ਸਰਪੰਚ, ਦਲੇਰ ਸਿੰਘ ਮੈਂਬਰ ਪੰਚਾਇਤ, ਰਾਜਵੰਤ ਕੌਰ ਏਕਲ ਅਭਿਆਨ ਪ੍ਰਮੁੱਖ, ਰਮਨਦੀਪ ਕੌਰ ਗਤੀਵਿਧੀ ਪ੍ਰਮੁੱਖ, ਕੁਲਵਿੰਦਰ ਸਿੰਘ ਕਾਰਆਲਿਆ ਪ੍ਰਮੁੱਖ, ਬਲਜੀਤ ਕੌਰ ਆਦਿ ਹਾਜ਼ਰ ਸਨ।

## ਸੰਗਤਾਂ ਨੂੰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਤੋਂ ਜਾਣੂ ਕਰਵਾਇਆ



**ਲੌਂਗੋਵਾਲ (ਪ੍ਰਦੀਪ ਸੱਪਲ)**-ਦਸ਼ਮੇਸ਼ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ, ਮਾਤਾ ਗੁਜਰੀ ਜੀ ਦੀਆਂ ਅਦੁੱਤੀ ਸ਼ਹਾਦਤਾਂ ਨੂੰ ਸਮਰਪਿਤ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਜਪੁਜੀ ਸਾਹਿਬ ਦੇ ਪਾਠ ਕਰਵਾਏ ਗਏ। ਇਨ੍ਹਾਂ ਪਾਠਾਂ ਦੇ ਭੋਗ ਪੈਣ ਉਪਰੰਤ ਇਸ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪਵਿੱਤਰ ਸਿੰਘ ਸੋਹਕੇ ਨੇ ਕਥਾ ਰਾਹੀਂ ਸੰਗਤਾਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਜਾਣੂ ਕਰਵਾਇਆ।ਇਸ ਦੌਰਾਨ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਡੈਲੀਗੇਟ ਆਗੂ ਹਰਜੀਤ ਸਿੰਘ ਗਿੱਲ, ਜਗਸੀਰ ਸਿੰਘ, ਰਾਗੀ ਬਲੌਰ ਸਿੰਘ, ਕੇਵਲ ਸਿੰਘ ਡੋਗਰ, ਅਮਰਜੀਤ ਸਿੰਘ ਗਿੱਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਪੁੱਜੀ।ਇਸ ਸਮੇਂ ਮੈਨੇਜਰ ਅਮਰੀਕ ਸਿੰਘ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਲੰਗਰ ਲਾਇਆ



**ਕੋਟ ਈਸੇ ਖਾਂ (ਅਰੋੜਾ)**-ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਤੇ ਸਮੂਹ ਸ਼ਹੀਦ ਸਿੰਘਾਂ ਦੀ ਅਮਰ ਸ਼ਹਾਦਤ ਨੂੰ ਸਮਰਪਿਤ ਮਸੀਤਾ ਰੋਡ 'ਤੇ ਦੁਕਾਨਦਾਰਾਂ ਵੱਲੋਂ ਗਰਮ ਦੁੱਧ ਤੇ ਰਸ ਦਾ ਲੰਗਰ ਲਾਇਆ। ਦੁਕਾਨਦਾਰਾਂ ਨੇ ਬੜੀ ਸ਼ਰਧਾ, ਸੇਵਾ ਭਾਵਨਾ ਤੇ ਉਤਸ਼ਾਹ ਨਾਲ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਗਰਮ ਦੁੱਧ ਤੇ ਰਸ ਦਾ ਲੰਗਰ ਵਰਤਾਇਆ।ਲੰਗਰ ਸੇਵਾ ਦੌਰਾਨ ਗੁਰੂ ਘਰ ਦੀ ਰਿਵਾਇਤ ਅਨੁਸਾਰ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਸੇਵਾਦਾਰਾਂ ਨੇ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀ ਸਾਨੂੰ ਸੱਚ, ਧਰਮ ਤੇ ਇਨਸਾਫ਼ ਦੇ ਰਾਹ 'ਤੇ ਤੁਰਨ ਦੀ ਪ੍ਰੇਰਣਾ ਦਿੰਦੀ ਹੈ।ਇਸ ਪਵਿੱਤਰ ਸੇਵਾ ਰਾਹੀਂ ਦੁਕਾਨਦਾਰਾਂ ਨੇ ਗੁਰੂ ਸਾਹਿਬਾਨ ਤੇ ਸ਼ਹੀਦਾਂ ਪ੍ਰਤੀ ਆਪਣੀ ਅਟੁੱਟ ਸ਼ਰਧਾ ਪ੍ਰਗਟ ਕੀਤੀ।

## ਸਫਾ 1 ਦੇ ਬਾਕੀ...

### ਲਾਪਤਾ ਸਰੂਪਾਂ ਦੇ ਮਾਮਲੇ ...

ਕਿਹਾ ਕਿ ਇਸੇ ਦੀ ਰੋਸ਼ਨੀ ਵਿੱਚ ਮੌਜੂਦਾ ਸਰਕਾਰ ਅਤੇ ਸੱਤਾਧਾਰੀ ਧਿਰ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਸਿੱਖਾਂ ਦੇ ਇਸ ਅੰਦਰੂਨੀ ਮਾਮਲੇ ਵਿੱਚ ਦਖਲਅੰਦਾਜ਼ੀ ਨਾ ਕਰੇ।

ਜਥੇਦਾਰ ਗੜਗੱਜ ਨੇ ਇਸ ਮਾਮਲੇ ਵਿੱਚ ਪੁਲਸ ਕੇਸ ਦਰਜ ਕਰਨ ਅਤੇ ਸਰਕਾਰ ਕੋਲੋਂ ਦਖਲ ਦੀ ਮੰਗ ਕਰਨ ਵਾਲੀਆਂ ਸਿੱਖ ਜਥੇਬੰਦੀਆਂ ਨੂੰ ਵੀ ਆਖਿਆ ਹੈ ਕਿ ਇਸ ਮਾਮਲੇ ਵਿੱਚ ਸਰਕਾਰ ਜਾਂ ਪੁਲਸ ਨੂੰ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਪੰਥਕ ਹਿੱਤਾਂ ਵਿੱਚ ਨਹੀਂ। ਉਨ੍ਹਾਂ ਸਮੂਹ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਇਸ ਮਾਮਲੇ ਨੂੰ ਆਪਸ ਵਿੱਚ ਰਲਮਿਲ ਕੇ ਸੁਲਝਾਉਣ। ਉਨ੍ਹਾ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਹੈ ਕਿ ਉਹ ਇਸ ਮਾਮਲੇ ਵਿੱਚ ਸੰਗਤ ਦੇ ਸ਼ੰਕੇ ਦੂਰ ਕਰਨ ਲਈ ਯਤਨ ਕਰੇ। ਪੰਜ ਸਿੰਘ ਸਾਹਿਬਾਨ ਵੱਲੋਂ ਮੈਰਿਜ ਪੈਲੇਸ, ਰਿਜ਼ਾਰਟ, ਸਮੁੰਦਰ ਕੰਢਿਆਂ ਅਤੇ ਵਪਾਰਕ ਫਾਰਮਾਂ ਵਿੱਚ ਅਨੰਦ ਕਾਰਜ ਲਈ ਪਾਵਨ ਸਰੂਪ ਲਿਜਾਣ 'ਤੇ ਪਾਬੰਦੀ ਲਾਈ ਹੈ। ਉਨ੍ਹਾ ਕਿਹਾ ਕਿ ਇਸ ਸੰਬੰਧ ਵਿੱਚ ਪਹਿਲਾਂ ਹੀ ਰੋਕ ਲੱਗੀ ਹੋਈ ਹੈ।

ਜੇ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਖ਼ਿਲਾਫ਼ ਕਾਰਵਾਈ ਹੋਵੇਗੀ। ਇੱਕ ਹੋਰ ਮਤੇ ਰਾਹੀਂ ਉਨ੍ਹਾ ਆਖਿਆ ਕਿ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਵਾਰਕ ਮੈਂਬਰਾਂ, ਸਿੱਖ ਯੋਧੇ ਤੇ ਜਰਨੈਲਾਂ ਆਦਿ ਮਹਾਂਪੁਰਖਾਂ ਤੇ ਸਿੱਖ ਸੰਸਕਾਰਾਂ ਦੀ ਨਕਲ ਕਰਕੇ ਇਸ ਬਾਰੇ ਫਿਲਮਾਂ ਜਾਂ ਐਨੀਮੇਸ਼ਨ ਫਿਲਮਾਂ ਨਹੀਂ ਬਣਾਈਆਂ ਜਾ ਸਕਦੀਆਂ। ਉਨ੍ਹਾ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਕਿ ਉਹ ਭਾਰਤ ਦੇ ਵੱਡੇ ਫਿਲਮ ਨਿਰਮਾਤਾ ਅਤੇ ਹੋਰ ਘਰਾਣਿਆਂ ਨੂੰ ਇਸ ਆਦੇਸ਼ ਦੀ ਕਾਪੀ ਭੇਜ ਕੇ ਇਸ ਸਬੰਧ ਵਿੱਚ ਜਾਣੂ ਕਰਵਾਏ। ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਕੀਤਾ ਜਾਵੇ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਸਿੱਖ ਇਤਿਹਾਸ ਨਾਲ ਸੰਬੰਧਤ ਕੋਈ ਵੀ ਫਿਲਮ ਨਹੀਂ ਬਣਾਈ ਜਾ ਸਕਦੀ।

### ਅਰਸ਼ੀ ਤੇ ਹੋਰਨਾਂ ਵੱਲੋਂ ...

ਰਘੂਨਾਥ ਸਿੰਗਲਾ, ਸੁਖਦੇਵ ਸਿੰਘ ਬੋੜਾਵਾਲ, ਚਿਮਨ ਲਾਲ ਕਾਕਾ, ਗਰੀਬ ਸਿੰਘ, ਬੰਬੂ ਸਿੰਘ, ਪਵਨ ਕੁਮਾਰ, ਭੁਪਿੰਦਰ ਗੁਰਨੇ, ਹਰਦਿਆਲ ਸਿੰਘ ਬੁਢਲਾਡਾ ਤੇ ਰਾਜਵਿੰਦਰ ਸਿੰਘ ਸਰਪੰਚ ਚੱਕ ਭਾਈ ਕੇ, ਕੌਂਸਲਰ ਸੁਖਵਿੰਦਰ ਕੌਰ ਸੁੱਖੀ, ਰਾਮਗੋਪਾਲ, ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਨੇਕੀ ਫਾਊਂਡੇਸ਼ਨ ਅਤੇ ਸਮੁੱਚੇ ਪੱਤਰਕਾਰ ਭਾਈਚਾਰੇ ਦੇ ਆਗੂਆਂ ਨੇ ਵੀ ਸ਼ਰਧਾਂਜਲੀ ਭੇਟ ਕੀਤੀ।ਲਾਕੜਾ ਪਰਵਾਰ ਵੱਲੋਂ 2000 ਰੁਪਏ 'ਨਵਾਂ ਜ਼ਮਾਨਾ' ਤੇ 3000 ਰੁਪਏ ਬੁਢਲਾਡਾ ਪਾਰਟੀ ਨੂੰ ਆਰਥਕ ਸਹਾਇਤਾ ਕੀਤੀ ਗਈ।

### ਸੀ ਪੀ ਆਈ ਦਾ ਇਤਿਹਾਸ...

ਬਾਅਦ ਵੀ ਅਨੇਕਾਂ ਹੀ ਕੁਰਬਾਨੀਆਂ ਦਿੱਤੀਆਂ। ਗ਼ਦਰ ਪਾਰਟੀ ਦੀ ਵਿਰਾਸਤ ਸਾਡੇ ਕੋਲ ਹੈ। ਗ਼ਦਰੀ ਬਾਬੇ ਲੱਖਾਂ, ਕਰੋੜਾਂ ਰੁਪਏ ਦੀਆਂ ਜਾਇਦਾਦਾਂ ਛੱਡ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਭਾਰਤ ਵਾਪਸ ਆਏ। ਗ਼ਦਰ ਲਹਿਰ ਵਿੱਚੋਂ ਹੀ ਪਾਰਟੀ ਬਣੀ। ਪਹਿਲਾਂ ਕਿਰਤੀ ਪਾਰਟੀ ਬਣੀ। ਭਾਰਤੀ ਕਮਿਊਨਿਸਟ ਪਾਰਟੀ 26 ਦਸੰਬਰ 1925 ਨੂੰ ਬਣੀ। ਭਾਈ ਸੰਤੋਖ ਸਿੰਘ ਧਰਦਿਓ ਪੰਜਾਬ 'ਚ ਸੀ ਪੀ ਆਈ ਦੇ ਪਹਿਲੇ ਸਕੱਤਰ ਚੁਣੇ ਗਏ। ਉਨ੍ਹਾ ਕਿਹਾ ਕਿ 2005 'ਚ ਡਾ. ਮਨਮੋਹਨ ਸਿੰਘ ਦੀ ਸਰਕਾਰ ਬਣਾਉਣ ਲਈ ਕਮਿਊਨਿਸਟਾਂ ਨੇ ਬਾਹਰੋਂ ਹਮਾਇਤ ਕੀਤੀ ਅਤੇ ਘੱਟੋ ਘੱਟ ਸਾਂਝੇ ਪ੍ਰੋਗਰਾਮ ਦੀ ਮੰਗ ਕਰਦਿਆਂ ਸਰਕਾਰ 'ਤੇ ਦਬਾਅ ਪਾ ਕੇ ਨਰੇਗਾ ਕਾਨੂੰਨ ਬਣਵਾਇਆ, ਸੂਚਨਾ ਦਾ ਅਧਿਕਾਰ, ਗਰੀਬ ਲੋਕਾਂ ਨੂੰ ਅਨਾਜ ਦੇਣ ਆਦਿ ਦਾ ਕਾਨੂੰਨ ਬਣਵਾਇਆ ਇੰਦਰਜੀਤ ਗੁਪਤਾ ਦੇ ਗ੍ਰਹਿ ਮੰਤਰੀ ਬਣਦੇ ਹੀ ਮੁਲਾਜ਼ਮਾਂ ਨੂੰ ਬਣਦੇ ਹੱਕ ਦੁਆਏ। ਉਨ੍ਹਾ ਕਿਹਾ ਕਿ ਸਾਡੇ ਦੇਸ਼ ਦਾ ਮੌਸਮ ਬੜਾ ਵਧੀਆ ਅਤੇ ਫ਼ਸਲਾਂ ਲਈ ਲਾਹੇਵੰਦ ਹੈ, ਇਸ ਕਰਕੇ ਕਾਰਪੋਰੇਟ ਘਰਾਣੇ ਸਾਡੇ ਜੰਗਲਾਂ ਅਤੇ ਹਰ ਇੱਕ ਕਾਰੋਬਾਰ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਕੇਂਦਰ ਦੀ ਮੋਦੀ ਸਰਕਾਰ ਸਾਰੇ ਹੀ ਅਦਾਰੇ ਅਡਾਨੀਆ ਅਤੇ ਅੰਬਾਨੀਆ ਨੂੰ ਦੇਣਾ ਚਾਹੁੰਦੀ ਹੈ। ਉਹਨਾ ਕਿਹਾ ਕਿ ਇਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੇ ਬਜ਼ੁਰਗਾਂ ਦਾ ਜ਼ਿਲ੍ਹਾ ਹੈ, ਸ਼ਹੀਦ ਭਗਤ ਸਿੰਘ ਦਾ ਪਿੰਡ ਖਟਕੜ ਕਲਾਂ ਇਸ ਜ਼ਿਲ੍ਹੇ 'ਚ ਪੈਂਦਾ ਹੈ, ਇਸ ਲਈ ਪਾਰਟੀ ਲਈ ਖਾਸ ਹੈ। ਨੌਜਵਾਨਾਂ ਨੂੰ ਵੱਧ ਤੋਂ ਵੱਧ ਪਾਰਟੀ ਨਾਲ ਜੋੜੋ। ਪਾਰਟੀ ਸਕੂਲ ਲਗਾਓ ਅਤੇ ਸੀ ਪੀ ਆਈ ਦੀਆਂ ਬ੍ਰਾਂਚਾਂ ਨੂੰ ਵਧਾਓ।

ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਅਵਾਮੀ ਜਥੇਬੰਦੀਆਂ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਪਿੰਡਾਂ ਵਿੱਚ ਮਜ਼ਦੂਰਾਂ ਨੂੰ ਇਕੱਠੇ ਕਰ ਕੇ ਮੀਟਿੰਗਾਂ ਕੀਤੀਆਂ ਜਾਣ। ਲੋਕਾਂ ਨੂੰ ਲਾਮਬੰਦ ਕੀਤਾ ਜਾਵੇ। ਖੱਬੀਆਂ ਪਾਰਟੀਆਂ ਨੂੰ ਨਰੇਗਾ ਨੂੰ ਬਚਾਉਣ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਅੰਤ ਵਿੱਚ 33 ਮੈਂਬਰੀ ਜ਼ਿਲ੍ਹਾ ਕੌਂਸਲ ਚੁਣੀ ਗਈ। ਸਰਬਸੰਮਤੀ ਨਾਲ ਜਸਵਿੰਦਰ ਸਿੰਘ ਭੰਗਲ ਜ਼ਿਲ੍ਹਾ ਸਕੱਤਰ ਚੁਣੇ ਗਏ। ਨਰੰਜਣ ਦਾਸ ਮੇਹਲੀ ਅਤੇ ਗੁਰਮੁੱਖ ਸਿੰਘ ਫਰਾਲਾ ਮੀਤ ਸਕੱਤਰ ਚੁਣੇ ਗਏ। ਜਗਤਾਰ ਸਿੰਘ ਪੂਨੂੰ ਮਜ਼ਾਰਾ ਕੈਸ਼ੀਅਰ ਚੁਣੇ ਗਏ। ਨਵੇਂ ਚੁਣੇ ਗਏ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਭੰਗਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਜੋ ਵੀ ਪਾਰਟੀ ਨੇ ਉਨ੍ਹਾ ਦੀ ਡਿਊਟੀ ਲਗਾਈ ਹੈ, ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਇਸ ਮੌਕੇ ਪਰਮਿੰਦਰ ਮੇਨਕਾ, ਜਸਵਿੰਦਰ ਸਿੰਘ ਭੰਗਲ, ਨਰੰਜਣ ਦਾਸ ਮੇਹਲੀ, ਗੁਰਮੁੱਖ ਸਿੰਘ ਫਰਾਲਾ, ਜਗਤਾਰ ਸਿੰਘ ਪੂਨੂੰ ਮਜ਼ਾਰਾ, ਅਮਰਜੀਤ ਮੇਹਲੀ, ਸਤਨਾਮ ਚਾਹਲ, ਹੁਸਨ ਲਾਲ, ਸ਼ੀਲਾ ਰਾਣੀ, ਗੁਰਬਖਸ਼ ਕੌਰ ਰਾਹੋਂ, ਸੰਤੋਖ ਪਾਲ ਰਾਹੋਂ, ਜੋਗਿੰਦਰ ਸਿੰਘ ਜੋਗੀ, ਪਿੰਦੂ ਰਾਣਾ,ਧਰਮ ਪਾਲ ਸਿਆਣਾ, ਨਰਿੰਦਰ ਬੁਰਜ,ਦੇਸ ਰਾਜ ਬੀਕਾ, ਹਸ਼ਮਤ ਅਲੀ, ਜਰਨੈਲ ਸਿੰਘ ਪਨਾਮ, ਨਰਿੰਦਰ ਕਾਲੀਆ, ਬੂਟਾ ਰਾਮ, ਪ੍ਰਸ਼ੋਤਮ ਰਾਮ, ਮਨੋਹਰ ਲਾਲ, ਅਮਰਜੀਤ ਕੌਰ, ਵੀਨਾ ਰਾਣੀ, ਸ਼ੀਲਾ ਸੰਘਾ ਤੇ ਰਾਮ ਆਸਰਾ ਆਦਿ ਹਾਜ਼ਰ ਸਨ।

### ਸਾਂਝੇ ਸੰਘਰਸ਼ ਨਾਲ ਚੰਗੇ ...

ਬਚਿੱਤਰ ਸਿੰਘ ਤੱਗੜ, ਨਿਰਮਲ ਸਿੰਘ ਜਹਾਂਗੀਰ, ਸੁਰਜੀਤ ਸਿੰਘ ਸਮਰਾ, ਜਸਪਾਲ ਸਿੰਘ ਸੰਢਾਂਵਾਲ, ਬਲਕਾਰ ਸਿੰਘ ਫਾਜਲਵਾਲ, ਮਲਕੀਤ ਸਿੰਘ ਈਦਾ, ਰਣਜੀਤ ਸਿੰਘ, ਹੰਸ ਰਾਜ ਪੱਬਵਾਂ, ਬੂੜ ਸਿੰਘ, ਰਿੰਕੂ ਮੀਏਵਾਲ, ਕੇਵਲ ਸਿੰਘ ਕੋਟਲੀ, ਚੰਨਾ ਯੋਧਾ, ਦਰਸ਼ਨ ਰਾਜੇਵਾਲ, ਪੰਮਾ ਦਾਨੇਵਾਲ, ਬੂਟਾ ਸਿੰਘ ਮੁਰੀਦਵਾਲ, ਸੰਤੋਖ ਸਿੰਘ ਸਿੰਧੜ, ਕਰਮਜੀਤ ਸਿੰਘ ਮੁਰੀਦਵਾਲ, ਰਜਿੰਦਰ ਕੁਮਾਰ ਹੈਪੀ, ਜਗੀਰ ਸਿੰਘ ਕਾਸੂਪੁਰ, ਸੰਦੀਪ ਸਿੰਘ ਤੇ ਨਿਰਮਲ ਸਿੰਘ ਸਲੈਚਾਂ ਆਦਿ ਮੌਜੂਦ ਸਨ।

### ਮਨਰੇਗਾ 'ਚ ਬਦਲਾਅ...

ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਨਵੀਂ ਨੀਤੀ ਤਹਿਤ ਬਿਜਾਈ ਅਤੇ ਵਾਢੀ ਦੇ ਖੇਤੀ ਸੀਜ਼ਨ ਵਿੱਚ ਮਨਰੇਗਾ ਦਾ ਕੰਮ ਨਹੀਂ ਦਿੱਤਾ ਜਾਵੇਗਾ। ਉਨ੍ਹਾ ਪੁੱਛਿਆ ਕਿ ਜਿਨ੍ਹਾਂ ਗਰੀਬ ਮਜ਼ਦੂਰਾਂ ਕੋਲ ਇੱਕ ਕਨਾਲ ਜ਼ਮੀਨ ਵੀ ਨਹੀਂ, ਜਿਨ੍ਹਾਂ ਨੇ ਦੋ ਮਰਲੇ ਕਣਕ ਵੀ ਨਹੀਂ ਬੀਜੀ, ਉਹ ਇਨ੍ਹਾਂ ਦੋ ਮਹੀਨਿਆਂ ਵਿੱਚ ਰੋਟੀ ਕਿੱਥੋਂ ਖਾਣਗੇ ? ਪਹਿਲਾਂ 100 ਦਿਨ ਕੰਮ ਦੀ ਗਰੰਟੀ ਸੀ ਅਤੇ ਮਜ਼ਦੂਰ ਆਪਣੀ ਮਰਜ਼ੀ ਨਾਲ ਜਦੋਂ ਚਾਹੇ ਕੰਮ ਕਰ ਸਕਦਾ ਸੀ, ਪਰ ਹੁਣ ਇਹ ਗਰੰਟੀ ਵੀ ਖ਼ਤਮ ਹੋ ਰਹੀ ਹੈ।

ਉਹਨਾ ਪੰਜਾਬ ਦੇ ਮਜ਼ਦੂਰਾਂ ਅਤੇ ਗਰੀਬ ਜਨਤਾ ਨੂੰ ਵਿਸ਼ਵਾਸ ਦਿਵਾਇਆ ਕਿ ਆਮ ਆਦਮੀ ਪਾਰਟੀ ਉਨ੍ਹਾਂ ਦੇ ਹਿੱਤਾਂ ਲਈ ਦੇਸ਼ ਅਤੇ ਪੰਜਾਬ ਦੋਵਾਂ ਵਿੱਚ ਲੜਾਈ ਲੜੇਗੀ ਅਤੇ ਕਿਸੇ ਵੀ ਹਾਲਤ ਵਿੱਚ ਗਰੀਬਾਂ ਦਾ ਰੁਜ਼ਗਾਰ ਨਹੀਂ ਖੋਹਣ ਦੇਵੇਗੀ।

### ਰੂਸੀ ਫੌਜ 'ਚ ਭਰਤੀ ਹੋਏ ...

ਤੇ ਬਹੁਤ ਸਾਰੀ ਜਾਣਕਾਰੀ ਹਾਸਲ ਕੀਤੀ। ਇਸੇ ਦੌਰਾਨ ਸੰਤ ਬਲਬੀਰ ਸਿੰਘ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣਾ ਅਸਰ-ਰਸੂਖ ਵਰਤ ਕੇ ਰੂਸੀ ਫੌਜ ਵਿੱਚ ਭਰਤੀ ਹੋ ਰਹੇ ਭਾਰਤੀ ਨੌਜਵਾਨਾਂ 'ਤੇ ਮੁਕੰਮਲ ਰੋਕ ਲਗਾਵੇ। ਉਹਨਾ ਵਿਦੇਸ਼ ਮੰਤਰੀ ਨੂੰ ਲਿਖੇ ਪੱਤਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਰਸ਼ੀਅਨ ਆਰਮੀ ਵਿੱਚ ਜਿਹੜੇ ਭਾਰਤੀ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ, ਉਹਨਾਂ ਦੀਆਂ ਮ੍ਰਿਤਕ ਦੇਹਾਂ ਪਰਵਾਰਾਂ ਤੱਕ ਪਹੁੰਚਦੀਆਂ ਕੀਤੀਆਂ ਜਾਣ, ਤਾਂ ਜੋ ਪੀੜਤ ਪਰਵਾਰ ਆਪਣੇ ਬੱਚਿਆਂ ਦੇ ਅੰਤਮ ਸੰਸਕਾਰ ਆਪਣੇ ਰੀਤੀ-ਰਿਵਾਜਾਂ ਮੁਤਾਬਕ ਕਰ ਸਕਣ। ਉਹਨਾਂ ਭਾਰਤ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਜਿਹੜੇ ਟਰੈਵਲ ਏਜੰਟ ਨੌਜਵਾਨਾਂ ਨੂੰ ਝਾਂਸਾ ਦੇ ਕੇ ਆਰਮੀ ਵਿੱਚ ਭਰਤੀ ਕਰਵਾ ਰਹੇ ਹਨ, ਉਹਨਾਂ 'ਤੇ ਸਖਤ ਕਾਰਵਾਈ ਕੀਤੀ ਜਾਵੇ। ਸੰਤ ਸੀਚੇਵਾਲ ਨੇ ਕਿਹਾ ਕਿ ਇਸ ਦੁੱਖ ਦੇ ਸਮੇਂ ਉਹਨਾ ਦੀ ਹਮਦਰਦੀ ਪੀੜਤ ਪਰਵਾਰਾਂ ਦੇ ਨਾਲ ਹੈ।

### ਕੋਈ ਵੀ ਅਜਿਹਾ ਘੋਲ...

ਪਾਰਟੀ ਦੇ ਜ਼ਿਲ੍ਹਾ ਕੌਂਸਲ ਮੈਂਬਰਾਂ ਤੇ ਸਰਗਰਮ ਸਾਥੀਆਂ ਵੱਲੋਂ ਇੱਕ ਲੰਮੀ ਸਿਧਾਂਤਕ ਵਿਚਾਰ-ਚਰਚਾ ਕੀਤੀ ਗਈ। ਇਸ ਚਰਚਾ ਵਿੱਚ ਪਾਰਟੀ ਨੂੰ ਹੋਰ ਅੱਗੇ ਵਧਾਉਣ ਤੇ ਮਾਰਕਸਵਾਦ/ਲੈਨਿਨਵਾਦ ਦੇ ਸਿਧਾਂਤਾਂ 'ਤੇ ਸਹੀ ਰੂਪ ਵਿੱਚ ਚਲਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਸ਼ਾਮਲ ਸਾਥੀਆਂ ਨੇ ਵਧ-ਚੜ੍ਹ ਕੇ ਇਸ ਵਿਚਾਰ-ਚਰਚਾ ਵਿੱਚ ਹਿੱਸਾ ਲਿਆ। ਇਸ ਚਰਚਾ ਨੂੰ ਅੱਗੇ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ।ਇਸ ਸਮੇਂ ਮਾਰਕਸਵਾਦ/ਲੈਨਿਨਵਾਦ ਨਾਲ ਸੰਬੰਧਤ ਆਗੂ ਮਾਰਕਸ, ਲੈਨਿਨ, ਏਗਲਜ਼, ਕਲਾਰਾ ਜੈਟਕਿਨ, ਰੋਜ਼ਾ ਲਗਜਮਬਰਗ, ਭਗਤ ਸਿੰਘ ਤੇ ਚੀ ਗਵੇਰਾ ਦੇ ਵਿਚਾਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਪ੍ਰਦਰਸ਼ਨੀ ਤੋਂ ਇਲਾਵਾ ਮੋਗੇ ਜ਼ਿਲ੍ਹੇ ਨਾਲ ਸੰਬੰਧਤ ਕਮਿਊਨਿਸਟ ਰਹਿ ਚੁੱਕੇ ਐੱਮ ਐੱਲ ਏ, ਕਮਿਊਨਿਸਟ ਲਹਿਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ, ਪੰਜਾਬ ਦੀ ਕਮਿਊਨਿਸਟ ਲਹਿਰ ਦੇ ਆਗੂ ਤੇ ਉਸਰੱਈਏ ਦੀ ਪ੍ਰਦਰਸ਼ਨੀ ਵੀ ਲਗਾਈ ਗਈ।ਇਸ ਮੌਕੇ ਪਾਰਟੀ ਸਿਧਾਂਤਾਂ ਦੇ ਪ੍ਰਚਾਰ ਲਈ ਨੌਜਵਾਨਾਂ ਵੱਲੋਂ ਲਾਈ ਗਈ ਕਿਤਾਬ ਪ੍ਰਦਰਸ਼ਨੀ ਵਿੱਚੋਂ ਪਾਰਟੀ ਸਾਥੀਆਂ ਅਤੇ ਸਮਰਥਕਾਂ ਨੇ ਪੁਸਤਕਾਂ ਖਰੀਦੀਆਂ। ਪਾਰਟੀ ਦੇ ਬਲਾਕ ਸਕੱਤਰ ਸ਼ੇਰ ਸਿੰਘ ਦੌਲਤਪੁਰਾ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ। ਹੋਰਨਾਂ ਤੋਂ ਇਲਾਵਾ ਜਗਦੀਸ਼ ਚਾਹਲ, ਅਮਰੀਕ ਸਿੰਘ ਮਸੀਤਾਂ, ਸਵਰਨ ਖੋਸਾ, ਕਰਮਵੀਰ ਬੱਧਨੀ, ਸਰਬਜੀਤ ਖੋਸਾ, ਜਗਵਿੰਦਰ ਕਾਕਾ, ਭੁਪਿੰਦਰ ਸੇਖੋਂ, ਬੂਟਾ ਸਿੰਘ ਭੱਟੀ, ਮਾਸਟਰ ਬਲਵਿੰਦਰ ਸਿੰਘ ਬੁੱਧ ਸਿੰਘ ਵਾਲਾ, ਸੁਖਦੇਵ ਭੋਲਾ, ਮੰਗਤ ਰਾਏ, ਬਿੰਦਰ ਝੰਡੇਵਾਲਾ, ਗੁਰਦਿੱਤ ਦੀਨਾ, ਇੰਦਰਜੀਤ ਦੀਨਾ, ਬੋਹੜ ਬੁੱਟਰ, ਰਾਜੂ ਮਹੇਸਰੀ, ਹਰਜੀਤ ਮਹੇਸਰੀ, ਜਗਸੀਰ ਧੂਰਕੋਟ, ਸਿਕੰਦਰ ਮਧੇਕੇ, ਕੁਲਵੰਤ ਬੱਧਨੀ, ਸਵਰਾਜ ਖੋਸਾ, ਨਵਜੋਤ ਬਿਲਾਸਪੁਰ, ਸਤਵੰਤ ਸਿੰਘ ਖੋਟੇ, ਪੋਹਲਾ ਸਿੰਘ ਬਰਾੜ, ਸਿਕੰਦਰ ਮਧੇਕੇ, ਕੁਲਵੰਤ ਬੱਧਨੀ ਖੁਰਦ, ਮਹਿੰਦਰ ਸਿੰਘ ਧੂੜਕੋਟ, ਮੁਖਤਿਆਰ ਸਿੰਘ ਮੋਗਾ ਨੇ ਪ੍ਰੋਗਰਾਮ ਦੀ ਸਫਲਤਾ ਲਈ ਆਪਣਾ ਯੋਗਦਾਨ ਪਾਇਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਮੌਕੇ 'ਤੇ ਕੀਤੀਆਂ ਹੱਲ

**ਬਟਾਲਾ, (ਡਾ. ਮਲਵਿੰਦਰ ਸਿੰਘ)-** ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਚਹੁੰਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕਾ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਬਟਾਲਾ ਵਾਸੀਆਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਮੁੱਖ ਮੰਤਰੀ ਪੰਜਾਬ ਵੱਲੋਂ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ।ਇਸੇ ਤਰ੍ਹਾਂ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ 'ਤੇ ਲਾਈਟਾਂ ਲਗਾਈਆਂ ਜਾ ਰਹੀਆਂ ਹਨ।ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀਂ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ।ਲੋਕਾਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਸ਼ੁਰੂ ਕਰ ਦਿੱਤਾ ਗਿਆ।ਇਸ ਤੋਂ ਇਲਾਵਾ ਹਲਕੇ ਦੇ ਪਿੰਡਾਂ ਅੰਦਰ ਵੀ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਵਿਕਾਸ ਕਾਰਜ ਹੋਰ ਤੇਜ਼ੀ ਨਾਲ ਕਰਵਾਏ ਜਾਣਗੇ।



# ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 'ਰੰਗਮੰਚ ਸੰਵਾਦ' ਰਚਾਇਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਉਪ-ਕੁਲਪਤੀ ਪ੍ਰੋ. ਕਰਮਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ

**● ਰੰਗਮੰਚ ਲੋਕ ਦਿਲਾਂ 'ਤੇ ਗਹਿਰੀ ਛਾਪ ਛੱਡਦਾ ਹੈ : ਕੇਵਲ ਧਾਲੀਵਾਲ, ਅਜ਼ਲ ਦੁਸਾਂਝ**

ਜਨਵਾਦੀ ਲੇਖਕ ਸੰਘ ਅੰਮ੍ਰਿਤਸਰ ਦੇ ਸਹਿਯੋਗ ਨਾਲ 'ਰੰਗਮੰਚ ਸੰਵਾਦ' ਰਚਾਇਆ ਗਿਆ, ਜਿਸ ਵਿਚ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਸੰਵਾਦ ਰਚਾਉਣ ਲਈ ਰੰਗਮੰਚ ਦੇ ਖੋਜਾਰਥੀ ਅਤੇ ਡਾਇਰੈਕਟਰ ਅਜ਼ਲ ਦੁਸਾਂਝ ਨੇ ਸ਼ਮੂਲੀਅਤ ਕੀਤੀ।ਇਸ ਸਮੇਂ ਮੁੱਖ ਮਹਿਮਾਨ ਵਜੋਂ ਰਜਿਸਟਰਾਰ ਪ੍ਰੋ. ਕਰਮਜੀਤ ਸਿੰਘ ਚਾਹਲ, ਸ਼੍ਰੋਮਣੀ ਨਾਟਕਕਾਰ ਸ਼੍ਰੀ ਕੇਵਲ ਧਾਲੀਵਾਲ ਅਤੇ ਨਾਟਕਕਾਰ ਜਗਦੀਸ਼ ਸਚਦੇਵਾ ਨੇ ਸ਼ਿਰਕਤ ਕੀਤੀ।ਸਮਾਗਮ ਦੀ ਪ੍ਰਧਾਨਗੀ ਪ੍ਰੋ. ਮਨਜਿੰਦਰ ਸਿੰਘ ਮੁਖੀ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਹੁਰਾਂ ਨੇ ਕੀਤੀ।ਡਾ. ਮਨਜਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸੁਆਗਤ ਕਰਦਿਆਂ ਕਿਹਾ ਕਿ ਰੰਗਮੰਚ ਆਪਣੇ-ਆਪ ਵਿਚ ਇਕ ਸੰਪੂਰਨ ਕਲਾ ਹੈ ਕਿਉਂਕਿ ਇਹ ਇੱਕੋ ਸਮੇਂ ਕਾਵਿ, ਸੰਗੀਤ, ਅਦਾਕਾਰੀ ਅਤੇ ਸਜਿੰਦ ਪੇਸ਼ਕਾਰੀ ਦਾ ਸੁਮੇਲ ਹੁੰਦੀ ਹੈ।ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਕਰਮਜੀਤ ਸਿੰਘ ਚਾਹਲ ਨੇ ਪੰਜਾਬੀ ਵਿਭਾਗ ਦੁਆਰਾ ਲਗਾਤਾਰ ਕਰਵਾਏ ਜਾਂਦੇ ਸੈਮੀਨਾਰਾਂ/ਕਾਨਫ਼ਰੰਸਾਂ/ਰੂ-ਬ-ਰੂ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ।ਸੰਵਾਦ ਦੇ ਮੁੱਖ ਵਕਤਾ ਸ਼੍ਰੀ ਅਜ਼ਲ ਦੁਸਾਂਝ ਨੇ ਆਪਣੇ ਨਿੱਜੀ ਤਜਰਬਿਆਂ ਰਾਹੀਂ ਗੱਲ ਸਾਂਝੀ ਕਰਦਿਆਂ ਕਿਹਾ ਕਿ ਸੱਚਮੁੱਚ ਨਾਟਕ ਅਤੇ ਰੰਗਮੰਚ ਲੋਕ ਦਿਲਾਂ 'ਤੇ ਆਪਣੀ ਗਹਿਰੀ ਛਾਪ ਛੱਡਦਾ ਹੈ।ਉਨ੍ਹਾਂ ਵੱਲੋਂ ਆਪਣੇ ਅਧਿਐਨ ਅਤੇ ਖੋਜ ਬਾਬਤ ਰੰਗਮੰਚ ਨੂੰ ਹੀ ਕਿਉਂ ਚੁਣਿਆ ਅਤੇ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਵਿਸ਼ਵ ਪੱਧਰ 'ਤੇ ਕਿਂਝ ਮਾਨਤਾ ਦਿੱਤੀ ਜਾਵੇ ਆਦਿ ਨੁਕਤਿਆਂ ਦੀ ਨਿਸ਼ਾਨਦੇਹੀ ਕਰਦਿਆਂ ਦੱਸਿਆ ਗਿਆ ਕਿ ਨਾਟਕ ਅਤੇ ਰੰਗਮੰਚ ਨੂੰ ਕਿਸ ਪ੍ਰਕਾਰ ਦੀਆਂ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਚਰਚਾ ਦੀ ਲੜੀ ਨੂੰ ਅੱਗੇ ਤੋਰਦਿਆਂ ਸ਼੍ਰੋਮਣੀ ਨਾਟਕਕਾਰ ਸ਼੍ਰੀ ਕੇਵਲ ਧਾਲੀਵਾਲ ਨੇ ਜਿਥੇ ਪੰਜਾਬੀ ਰੰਗਮੰਚ ਦੀ ਇਤਿਹਾਸਕ ਪਰੰਪਰਾ ਰਾਹੀਂ ਆਪਣੇ ਨਿੱਜੀ ਅਨੁਭਵ ਨੂੰ ਸਾਂਝਾ ਕੀਤਾ ਉਥੇ ਉਨ੍ਹਾਂ ਅਜ਼ਲ ਦੁਸਾਂਝ ਦੇ ਕੰਮ ਰਾਹੀਂ ਉਸਦੀ ਸ਼ਲਾਘਾ ਕਰਦਿਆਂ ਪੰਜਾਬੀ ਰੰਗਮੰਚ ਦੀ ਅਗਲੇਰੀ ਪੀੜ੍ਹੀ ਲਈ ਉਸਨੂੰ ਸ਼ੁਭ-ਸ਼ਗਨ ਕਿਹਾ।ਨਾਟਕਕਾਰ ਜਗਦੀਸ਼ ਸਚਦੇਵਾ ਨੇ ਅਜ਼ਲ ਦੁਸਾਂਝ ਨੂੰ ਜਿੱਥੇ ਮੁਬਾਰਕਬਾਦ ਦਿੱਤੀ ਉਥੇ ਉਨ੍ਹਾਂ ਨੇ ਉਸਨੂੰ ਭਵਿੱਖ ਵਿੱਚ ਵਾਪਸ ਭਾਰਤ ਪਰਤ ਕੇ ਇਸ ਖੇਤਰ ਵਿਚ ਹੋਰ ਨਿੱਠ ਕੇ ਕੰਮ ਕਰਨ ਬਾਬਤ ਵੀ ਪ੍ਰੇਰਿਆ।ਸਮਾਗਮ ਦੇ ਅੰਤ ਵਿਚ ਵਿਭਾਗ ਦੇ ਮੁਖੀ ਪ੍ਰੋ. ਮਨਜਿੰਦਰ ਸਿੰਘ ਨੇ ਸਮੁੱਚੀ ਸੰਵਾਦ-ਚਰਚਾ ਉਪਰ ਭਾਵਪੂਰਤ ਟਿੱਪਣੀਆਂ ਕੀਤੀਆਂ ਅਤੇ ਸੰਵਾਦ ਕਰਤਾ ਅਜ਼ਲ ਦੁਸਾਂਝ ਨੂੰ ਮੁਬਾਰਕਬਾਦ ਦਿੱਤੀ।ਇਸ ਸਮਾਗਮ ਵਿਚ ਸ਼ਾਮਲ ਸਮੁੱਚੇ ਸਰੋਤਿਆਂ ਦਾ ਰਸਮੀ ਧੰਨਵਾਦ ਕਰਦਿਆਂ ਸਮਾਗਮ ਦੇ ਕੋ-ਕਨਵੀਨਰ ਕਹਾਣੀਕਾਰ ਦੀਪ ਦਵਿੰਦਰ ਸਿੰਘ ਨੇ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਵੀ ਭਰੀ।ਮੰਚ ਸੰਚਾਲਨ ਦੀ ਭੂਮਿਕਾ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਬਲਜੀਤ ਕੌਰ ਰਿਆੜ ਨੇ ਬਾਖ਼ੂਬੀ ਨਿਭਾਈ।ਇਸ ਸਮਾਗਮ ਵਿਚ ਸੁਸ਼ੀਲ ਦੁਸਾਂਝ, ਕਮਲ ਦੁਸਾਂਝ, ਪ੍ਰੋਫੈਸਰ ਡਾ. ਮੇਘਾ ਸਲਵਾਨ, ਪ੍ਰਿੰ. ਕੁਲਵੰਤ ਸਿੰਘ ਅਣਖੀ, ਡਾ. ਪਰਮਜੀਤ ਸਿੰਘ ਬਾਠ, ਐਸ. ਪਰਸ਼ੋਤਮ, ਲਖਬੀਰ ਸਿੰਘ ਨਿਜ਼ਾਮਪੁਰ, ਹੀਰਾ ਸਿੰਘ ਹੰਸਪਾਲ, ਪ੍ਰੋ. ਐੱਸ. ਪੀ. ਅਰੋੜਾ, ਜਸਵੰਤ ਸਿੰਘ ਗਿੱਲ, ਨਿਰਮਲ ਕੌਰ ਕੋਟਲਾ, ਨਵ ਭੁੱਲਰ, ਵਿਜੇਤਾ ਰਾਜ, ਸਤਿੰਦਰਜੀਤ ਕੌਰ, ਹਰਮੀਤ ਆਰਟਿਸਟ, ਸੁਰਿੰਦਰ ਖਿਲਚੀਆਂ, ਅੰਗਰੇਜ਼ ਸਿੰਘ ਵਿਰਦੀ, ਸਤਨਾਮ ਮੁਦਲ, ਕੁਲਜੀਤ ਵੇਰਕਾ, ਜਗਦੀਸ਼ ਜੱਬਲ, ਪੰਕਜ ਸਿੰਘ, ਮਨਮੋਹਨ ਸਿੰਘ ਬਰਾੜ ਡਾ. ਰਾਜਵਿੰਦਰ ਕੌਰ, ਡਾ. ਸਿਮਰਨਜੀਤ ਸਿੰਘ, ਡਾ. ਕੰਵਲਜੀਤ ਕੌਰ, ਡਾ. ਹਰਿੰਦਰ ਸਿੰਘ ਤੁੜ, ਡਾ. ਕੰਵਲਦੀਪ ਕੌਰ, ਡਾ. ਅਸ਼ੋਕ ਭਗਤ, ਡਾ. ਜਸਪਾਲ ਸਿੰਘ, ਡਾ. ਅੰਜੂ ਬਾਲਾ, ਡਾ. ਸੁੱਖਪ੍ਰੀਤ ਕੌਰ, ਡਾ. ਹਸਨ ਰੇਹਾਨ , ਡਾ. ਵਿਸ਼ਾਲ ਭਾਰਦਵਾਜ , ਡਾ. ਸਲੋਨੀ, ਡਾ. ਵਿਕਾਸ ਜੋਸ਼ੀ ਹੁਰਾਂ ਨੇ ਸਮਾਗਮ ਨੂੰ ਭਰਪੂਰਤਾ ਬਖ਼ਸ਼ੀ।



# ਸਰਹੱਦੀ ਪਿੰਡ ਗੱਗੜ ਨੂੰ ਜੀਐੱਨਡੀਯੂ ਨੇ ਲਿਆ ਗੋਦ

**ਪਿੰਡ ਦੇ ਸਰਬਪੱਖੀ ਵਿਕਾਸ ਦੀ ਜ਼ਿੰਮੇਵਾਰੀ ਹੁਣ ਯੂਨੀਵਰਸਿਟੀ ਦੀ : ਡਾ. ਕਰਮਜੀਤ ਸਿੰਘ**

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-** ਤਹਿਸੀਲ ਅਜਨਾਲਾ ਦੇ ਸਰਹੱਦੀ ਪਿੰਡ ਗੱਗੜ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਗੋਦ ਲੈਣ ਦੇ ਬਾਅਦ ਜਿੱਥੇ ਵੱਡੇ ਪੱਧਰ 'ਤੇ ਰਾਹਤ ਕੈਂਪ ਲਾਇਆ ਗਿਆ ਉੱਥੇ ਇਹ ਐਲਾਨ ਵੀ ਕੀਤਾ ਗਿਆ ਕਿ ਇਹ ਪਿੰਡ ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਹੋ ਗਿਆ ਅਤੇ ਇਸ ਦੇ ਸਰਬਪੱਖੀ ਵਿਕਾਸ ਦੀ ਸਮਾਜਿਕ ਜ਼ਿੰਮੇਵਾਰੀ ਯੂਨੀਵਰਸਿਟੀ ਦੀ ਹੋ ਗਈ ਹੈ।ਅਗਲੇ ਛੇ ਮਹੀਨਿਆਂ ਵਿਚ ਪਿੰਡ ਵਿੱਚ ਮੁੱਢਲੀ ਸਿੱਖਿਆ ਤੇ ਬੁਨਿਆਦੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੇ ਯਤਨ ਕੀਤੇ ਜਾਣਗੇ।ਇਹ ਐਲਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਕਰਮਜੀਤ ਸਿੰਘ ਨੇ ਕੀਤਾ।ਉਹ ਤਹਿਸੀਲ ਅਜਨਾਲਾ ਦੇ ਗੱਗੜ ਪਿੰਡ ਦੇ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਲਈ ਲਾਏ ਰਾਹਤ ਕੈਂਪ ਦੀ ਸ਼ੁਰੂਆਤ ਕਰਨ ਸਮੇਂ ਸੰਬੋਧਨ ਕਰ ਰਹੇ ਸਨ।ਇਸ ਤੋਂ ਪਹਿਲਾ ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋ. ਬਲਬੀਰ ਸਿੰਘ, ਕੋਆਰਡੀਨੇਟਰ ਐੱਨਐੱਸਐੱਸ ਨੇ ਕੀਤੀ ਅਤੇ ਪਿੰਡ ਦੇ ਵਿਕਾਸ ਲਈ ਉਲੀਕੇ ਪ੍ਰੋਗਰਾਮ ਦੀ ਰੂਪ ਰੇਖਾ ਦੱਸੀ।ਵਾਈਸ-ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਸਮਾਗਮ ਨੂੰ ਸੰਬੋਧਨ ਕੀਤਾ।ਉਨ੍ਹਾਂ ਜਿੱਥੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਵਧਾਈ ਦਿੱਤੀ ਅਤੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਵਸ ਨੂੰ ਯਾਦ ਕੀਤਾ ਉੱਥੇ ਉਨ੍ਹਾਂ ਐਲਾਨ ਕੀਤਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਿੰਡ ਦਾ ਸਰਬਪੱਖੀ ਵਿਕਾਸ ਕਰਨ ਦੀ ਪੂਰੀ ਜਿੰਮੇਵਾਰੀ ਚੁੱਕ ਦੀ ਹੈ।ਯੂਨੀਵਰਸਿਟੀ ਦੀਆਂ ਲੋਕ-ਹਿਤੈਸ਼ੀ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਪਹਿਲਾਂ ਅੰਮ੍ਰਿਤਸਰ ਨੂੰ ਸਾਫ਼-ਸੁਥਰਾ ਬਣਾਉਣ ਲਈ ਵੱਡੀ ਸਫ਼ਾਈ ਮੁਹਿੰਮ ਚਲਾਈ ਗਈ ਸੀ, ਜਿਸ ਵਿੱਚ ਐੱਨਐੱਸਐੱਸ ਵਲੰਟੀਅਰਾਂ ਨੇ ਕੈਂਪਸ ਤੋਂ ਪੁਤਲੀਘਰ ਚੌਕ ਤੱਕ ਸਫ਼ਾਈ ਕੀਤੀ ਅਤੇ ਸਥਾਨਕ ਪ੍ਰਸ਼ਾਸਨ ਨੂੰ ਸਹਿਯੋਗ ਦਿੱਤਾ।ਗੱਗੜ ਪਿੰਡ ਅਡਾਪਟ ਕਰਨਾ ਅਤੇ ਰਾਹਤ ਕੈਂਪ ਇਸੇ ਲੜੀ ਦਾ ਅਗਲਾ ਕਦਮ ਹੈ।ਰਾਹਤ ਕੈਂਪ ਵਿੱਚ ਪ੍ਰੋ. ਪਲਵਿੰਦਰ ਸਿੰਘ ਡੀਨ ਅਕਾਦਮਿਕ ਅਫੇਅਰਜ਼, ਪ੍ਰੋ. ਕੇ. ਐੱਸ. ਚਾਹਲ ਰਜਿਸਟਰਾਰ, ਪ੍ਰੋ. ਹਰਵਿੰਦਰ ਸਿੰਘ ਸੈਣੀ ਡੀਨ ਸਟੂਡੈਂਟ ਵੈੱਲਫੇਅਰ, ਪ੍ਰੋ. ਬਲਬੀਰ ਸਿੰਘ ਐੱਨਐੱਸਐੱਸ ਕੋਆਰਡੀਨੇਟਰ, ਪ੍ਰਵੀਨ ਪੁਰੀ, ਡਾਇਰੈਕਟਰ ਲੋਕ ਸੰਪਰਕ ਵਿਭਾਗ, ਪ੍ਰੋ. ਬਲਵਿੰਦਰ ਸਿੰਘ ਪ੍ਰੈਜ਼ੀਡੈਂਟ ਟੀਚਰਜ਼ ਐਸੋਸੀਏਸ਼ਨ, ਹਰਦੀਪ ਸਿੰਘ ਨਗਰਾ ਪ੍ਰੈਜ਼ੀਡੈਂਟ ਨਾਨ-ਟੀਚਿੰਗ ਐਸੋਸੀਏਸ਼ਨ ਤੇ ਆਫ਼ਿਸਰਜ਼ ਐਸੋਸੀਏਸ਼ਨ ਸਮੇਤ ਐੱਨਐੱਸਐੱਸ ਅਫ਼ਸਰ, ਵਲੰਟੀਅਰ ਤੇ ਸਟਾਫ਼ ਹਾਜ਼ਰ ਸਨ।ਗੱਗੜ ਪਿੰਡ ਦੇ ਟਿਕਾਊ ਤੇ ਸਰਬਪੱਖੀ ਵਿਕਾਸ ਲਈ ਮਿਲ ਕੇ ਕੰਮ ਕਰਨ ਦੇ ਸਾਂਝੇ ਸੰਕਲਪ ਨੂੰ ਦੁਹਰਾਉਂਦਿਆਂ ਪ੍ਰੋ. ਬਲਵਿੰਦਰ ਸਿੰਘ ਨੇ ਵੋਟ ਆਫ਼ ਥੈਂਕਸ ਪੇਸ਼ ਕੀਤਾ ਅਤੇ ਵਾਈਸ ਚਾਂਸਲਰ ਦੀ ਲੀਡਰਸ਼ਿਪ, ਯੂਨੀਵਰਸਿਟੀ ਅਥਾਰਟੀਜ਼ ਦੇ ਸਹਿਯੋਗ ਤੇ ਪਿੰਡ ਵਾਸੀਆਂ-ਵਲੰਟੀਅਰਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ।



# ਸ਼ਹਿਰ 'ਚ ਟ੍ਰੈਫਿਕ ਦਾ ਬੁਰਾ ਹਾਲ



**ਛੇਹਰਟਾ, (ਮਨੋਜ ਕੁਮਾਰ)-** ਪੁਰਾਣੀ ਮਾਰਕੀਟ ਦੇ ਵਪਾਰੀ ਵਿਪੁਲ ਨੇਵਟਿਆ ਤੇ ਸਮਾਜ ਸੇਵਕ ਅਨੁਜ ਖੇਮਕਾ ਨੇ ਕਿਹਾ ਹੈ ਕਿ ਸ਼ਹਿਰ ਵਿਚ ਟ੍ਰੈਫਿਕ ਵਿਵਸਥਾ ਦਿਨ-ਬ-ਦਿਨ ਖ਼ਰਾਬ ਹੁੰਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹਾਲ ਬਾਜ਼ਾਰ ਤੋਂ ਭਰਾਵਾਂ ਦੇ ਢਾਬੇ ਤਕ ਟ੍ਰੈਫਿਕ ਦਾ ਬੁਰਾ ਹਾਲ ਹੈ। ਸ਼ੇਰਾਂ ਵਾਲਾ ਗੇਟ ਤੋਂ ਲੈ ਕੇ ਹੈਰੀਟੇਜ ਸਟ੍ਰੀਟ ਤਕ ਰੋਜ਼ਾਨਾ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੁੰਦੀਆਂ ਹਨ। ਜੋ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਹਨ, ਉਹ ਟ੍ਰੈਫਿਕ ਵੇਖ ਕੇ ਘਬਰਾ ਜਾਂਦੇ ਹਨ। ਏਹੋ ਹਾਲ ਕਵੀਨਜ਼ ਰੋਡ ਤੇ ਸ਼ਹਿਰ ਦੀਆਂ ਹੋਰ ਮੁੱਖ ਸੜਕਾਂ ਦਾ ਹੈ। ਰੇਲਵੇ ਸਟੇਸ਼ਨ, ਪੁਤਲੀਘਰ ਚੌਕ, ਖਾਲਸਾ ਕਾਲਜ ਤੇ ਛੇਹਰਟਾ ਚੌਕ ਵਿਚ ਹਰ ਸਮੇਂ ਜਾਮ ਲੱਗਾ ਰਹਿੰਦਾ ਹੈ। ਬੀਆਰਟੀਐੱਸ ਮਾਰਗ 'ਚ ਦੌੜਦੇ ਵਾਹਨ ਰੋਜ਼ਾਨਾ ਪੈਦਲ ਸੜਕ ਪਾਰ ਕਰਨ ਵਾਲਿਆਂ ਦੀ ਜਾਨ ਲੈ ਰਹੇ ਹਨ। ਉਨ੍ਹਾਂ ਪੁਲਸ ਕਮਿਸ਼ਨ ਨੂੰ ਬੇਨਤੀ ਕੀਤੀ ਹੈ ਕਿ ਸ਼ਹਿਰ ਵਿਚ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਉਣ ਲਈ ਢੁੱਕਵੇਂ ਕਦਮ ਚੁੱਕੇ ਜਾਣ। ਬੀਆਰਟੀਐੱਸ ਮਾਰਗ 'ਚ ਦੌੜਦੇ ਵਾਹਨਾਂ ਦੇ ਚਲਾਨ ਕੱਟੇ ਜਾਣ। ਇਸ ਮੌਕੇ ਕਮਲ ਸੇਠ, ਰਾਜੂ ਅਰੋੜਾ, ਸਚਿਨ ਮਹੇਸ਼ਵਰੀ, ਰਤਨ ਭਾਰਦਵਾਜ ਆਦਿ ਵੀ ਮੌਜੂਦ ਸਨ।

# ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਨਵੀਂ ਵਾਰਡਬੰਦੀ ਦਾ ਮੁੱਦਾ ਉਠਾਇਆ

**ਬਟਾਲਾ (ਤਰਲੋਕ ਬੱਗਾ)-** ਭਾਜਪਾ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿਚ ਲੋਕਤੰਤਰ ਦੀ ਹੱਤਿਆ ਕੀਤੀ।ਉਸੇ ਤਰ੍ਹਾਂ ਹੁਣ ਆਉਣ ਵਾਲੀਆਂ ਨਗਰ ਨਿਗਮ ਬਟਾਲਾ ਦੀਆਂ ਚੋਣਾਂ ਨੂੰ ਲੈ ਕੇ ਚੁੱਪ ਚੁਪੀਤੇ ਕੀਤੀ ਗਈ ਵਾਰਡਬੰਦੀ ਤੋਂ ਇਹ ਸਾਫ ਨਜ਼ਰ ਆ ਰਿਹਾ ਹੈ ਕਿ ਆਮ ਆਦਮੀ ਪਾਰਟੀ ਕਿਸ ਤਰ੍ਹਾਂ ਲੋਕਤੰਤਰ ਦੀ ਹੱਤਿਆ ਕਰ ਰਹੀ ਹੈ।ਹੀਰਾ ਵਾਲੀਆ ਨੇ ਕਿਹਾ ਕਿ ਪਿਛਲੇ ਦਿਨੀਂ ਹਾਊਸ ਦੀ ਮੀਟਿੰਗ ਵਿਚ ਨਵੀਂ ਵਾਰਡਬੰਦੀ ਦਾ ਮਸਲਾ ਉਠਾਇਆ ਜਿਸ 'ਤੇ ਮੇਅਰ ਸੁਖਦੀਪ ਸਿੰਘ ਤੇਜਾ ਨੇ ਕਿਹਾ ਕਿ ਉਨ੍ਹਾਂ ਨੂੰ ਇਸਦੀ ਜਾਣਕਾਰੀ ਨਹੀਂ ਹੈ ਲੇਕਿਨ ਅਸੀਂ ਇਸ ਗੱਲ ਨੂੰ ਨਹੀਂ ਮੰਨ ਸਕਦੇ ਕਿ ਮੇਅਰ ਅਤੇ ਕਾਂਗਰਸ ਪਾਰਟੀ ਦੀ ਮਿਲੀਭੁਗਤ ਤੋਂ ਬਗੈਰ ਵਾਰਡਬੰਦੀ ਹੋਈ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਆਪਸ ਵਿਚ ਮਿਲੀ ਹੋਈ ਹੈ ਕਿਉਂਕਿ ਦੋਵੇਂ ਪਾਰਟੀਆਂ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਸ਼ਹਿਰੀ ਇਲਾਕਿਆਂ ਵਿਚ ਭਾਜਪਾ ਦਾ ਵੱਡਾ ਆਧਾਰ ਹੈ ਜਿਸਦੇ ਤਹਿਤ ਵਾਰਡਾਂ ਦੀ ਤੋੜ ਭੰਨ ਕਰਕੇ ਨਵੀਂ ਵਾਰਡਬੰਦੀ ਕੀਤੀ ਗਈ ਤਾਂ ਜੋ ਇਹ ਲੋਕ ਇਕ ਦੂਜੇ ਨੂੰ ਫਾਇਦਾ ਪਹੁੰਚਾ ਸਕਣ।ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਨਵੀਂ ਵਾਰਡਬੰਦੀ ਦੀ ਸਖ਼ਤ ਆਲੋਚਨਾ ਕਰਦੀ ਹੈ ਅਤੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹਾਂ ਕਿ ਗਲਤ ਢੰਗ ਨਾਲ ਕੀਤੀ ਗਈ ਵਾਰਡਬੰਦੀ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਪਹਿਲਾਂ ਵਾਲੀ ਹੀ ਵਾਰਡਬੰਦੀ ਅਨੁਸਾਰ ਨਗਰ ਨਿਗਮ ਦੀਆਂ ਚੋਣਾਂ ਕਰਵਾਈਆਂ ਜਾਣ।



# 'ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ' ਦੇ ਮੱਦੇਨਜ਼ਰ ਏ ਡੀ ਸੀ ਵੱਲੋਂ ਮੀਟਿੰਗ




**ਗੁਰਦਾਸਪੁਰ (ਜਨਕ ਮਹਾਜਨ)-** ਗੁਰਸਿਮਰਨ ਸਿੰਘ ਢਿੱਲੋਂ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਦੀ ਪ੍ਰਧਾਨਗੀ ਹੇਠ 'ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ' ਤਹਿਤ ਮੀਟਿੰਗ ਕੀਤੀ ਗਈ। ਜਸਮੀਤ ਕੌਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਦਾਸਪੁਰ, ਪ੍ਰਸ਼ੋਤਮ ਸਿੰਘ ਜ਼ਿਲ੍ਹਾ ਰੋਜ਼ਗਾਰ ਅਫ਼ਸਰ, ਸੀਡੀਪੀਓ ਵਰਿੰਦਰ ਸਿੰਘ ਸਮੇਤ ਸਾਰੇ ਬਲਾਕਾਂ ਦੇ ਸੀਡੀਪੀਓ ਆਦਿ ਸ਼ਾਮਿਲ ਸਨ। ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 'ਬੇਟੀ ਬਚਾਓ-ਬੇਟੀ ਪੜ੍ਹਾਓ' ਸਕੀਮ ਤਹਿਤ ਜ਼ਿਲ੍ਹਾ ਅਤੇ ਬਲਾਕ ਪੱਧਰੀ ਔਰਤਾਂ ਲਈ ਸਿਹਤ, ਸਫ਼ਾਈ, ਰੋਜ਼ਗਾਰ ਤੇ ਨਾਰੀ ਸ਼ਕਤੀ ਕੇਂਦਰ ਸਾਹਮਣੇ ਦੀਪ ਹਸਪਤਾਲ, ਗੁਰਦਾਸਪੁਰ ਵਿਖੇ ਅਤੇ ਬਲਾਕ ਕਲਾਨੌਰ ਪਿੰਡ ਡੇਹਰੀਵਾਲ ਕਿਰਨ ਵਿਖੇ ਸਿਹਤ, ਸਫ਼ਾਈ ਅਤੇ ਰੋਜ਼ਗਾਰ ਕੈਂਪ ਲਗਾਏ ਜਾ ਰਹੇ ਹਨ, ਜਿਸ ਵਿਚ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ ਵਿਭਾਗ ਦੀਆਂ ਸਕੀਮਾਂ ਸਬੰਧੀ ਬੈਨਰ ਅਤੇ ਸਟਾਲ ਲਗਾ ਕੇ ਕੈਂਪ ਵਿਚ ਆਏ ਲਾਭਪਾਤਰੀਆਂ/ਔਰਤਾਂ ਨੂੰ ਜਾਗਰੂਕ ਕੀਤਾ ਜਾਵੇਗਾ। ਸਿਹਤ ਵਿਭਾਗ ਵੱਲੋਂ ਔਰਤਾਂ ਅਤੇ ਬੱਚਿਆਂ ਦੇ ਫ਼ਰੀ ਮੈਡੀਕਲ ਟੈਸਟ ਕੀਤੇ ਜਾਣਗੇ। ਰੋਜ਼ਗਾਰ ਵਿਭਾਗ ਵੱਲੋਂ ਰੋਜ਼ਗਾਰ ਕੈਂਪ ਲਗਾਏ ਜਾਣਗੇ ਤਾਂ ਜੋ ਔਰਤਾਂ ਨੂੰ ਸਮੇਂ-ਸਮੇਂ 'ਤੇ ਰੋਜ਼ਗਾਰ ਮਿਲ ਸਕਣ।

# ਡੀਆਈਜੀ ਗੋਇਲ ਵੱਲੋਂ ਵੀਡੀਸੀ ਦੇ ਅਹੁਦੇਦਾਰਾਂ ਨਾਲ ਵਿਸ਼ੇਸ਼ ਮੁਲਾਕਾਤ

**● 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਸਹਿਯੋਗ ਦੇਣ ਲਈ ਵਿਲੇਜ ਡਿਫੈਂਸ ਕਮੇਟੀਆਂ ਦਾ ਕੀਤਾ ਧੰਨਵਾਦ**

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)** ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ 37 ਕਿਲੋਮੀਟਰ ਬਾਰਡਰ ਏਰੀਏ ਦੇ ਪਿੰਡਾਂ ਅੰਦਰ ਬਣਾਈਆਂ ਗਈਆਂ ਡਿਫੈਂਸ ਕਮੇਟੀਆਂ ਦੇ ਅਹੁਦੇਦਾਰਾਂ ਨਾਲ ਡੀਆਈਜੀ ਬਾਰਡਰ ਰੇਂਜ ਅੰਮ੍ਰਿਤਸਰ ਸੰਦੀਪ ਗੋਇਲ ਵੱਲੋਂ ਦੀਨਾਨਗਰ ਵਿਖੇ ਇਕ ਵਿਸ਼ੇਸ਼ ਸੈਮੀਨਾਰ ਤੇ ਮੁਲਾਕਾਤ ਕੀਤੀ ਗਈ। ਉਨ੍ਹਾਂ ਨਾਲ ਐਸਐਸਪੀ ਸ਼੍ਰੀ ਆਦਿੱਤਿਆ ਮੌਜੂਦ ਸਨ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡੀਆਈਜੀ ਸੰਦੀਪ ਗੋਇਲ ਨੇ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਵਿੱਚ ਜੋ ਡਿਫੈਂਸ ਕਮੇਟੀ ਵੱਲੋਂ ਪੰਜਾਬ ਪੁਲਸ ਦੇ ਨਾਲ ਰਲ ਕੇ ਯੁੱਧ ਵਿਰੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਕਾਫੀ ਸਰਗਰਮ ਰੋਲ ਅਦਾ ਕਰ ਰਹੀਆਂ ਹਨ ਉਨ੍ਹਾਂ ਨਾਲ ਰੂਬਰੂ ਹੋਣ ਲਈ ਦੀਨਾਨਗਰ ਵਿਖੇ ਆਇਆ ਹਾਂ। ਇਸ ਮੌਕੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਕਿਉਂਕਿ ਪਿਛਲੇ ਸਮੇਂ ਵਿੱਚ ਐੱਸਐੱਸਪੀ ਆਦਿੱਤਿਆ ਦੀ ਅਗਵਾਈ ਵਿੱਚ ਸਰਹੱਦੀ ਖੇਤਰ ਜਿਹੜਾ ਕਰੀਬ 37 ਕਿਲੋਮੀਟਰ ਇੰਟਰਨੈਸ਼ਨਲ ਬਾਰਡਰ ਨਾਲ ਪੈਂਦਾ ਹੈ ਇਨ੍ਹਾਂ ਇਲਾਕਿਆਂ ਵਿੱਚੋਂ ਤਕਰੀਬਨ 20 ਕਿਲੋ ਦੇ ਕਰੀਬ ਹੈਰੋਇਨ ਬਰਾਮਦ ਕੀਤੀ ਹੈ ਅਤੇ 2000 ਦੇ ਕਰੀਬ ਬੰਦਿਆਂ ਨੂੰ ਓਟ ਸੈਂਟਰ ਵਿੱਚ ਰਜਿਸਟਰ ਕਰਾਇਆ ਗਿਆ ਹੈ ਤਾਂ ਜੋ ਸਾਡੇ ਬੱਚੇ ਜੋ ਨਸ਼ੇ ਦੀ ਦਲਦਲ ਵਿੱਚ ਫਸ ਚੁੱਕੇ ਹਨ, ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ। ਬਾਕੀ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਪਾਕਿਸਤਾਨ ਵਿੱਚੋਂ ਆਈਐੱਸਆਈ ਵੱਲੋਂ ਪੰਜਾਬ ਅੰਦਰ ਕਈ ਤਰ੍ਹਾਂ ਦਾ ਨਸ਼ਾ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਪਰ ਇਨ੍ਹਾਂ ਕੋਸ਼ਿਸ਼ਾਂ ਨੂੰ ਸਰਹੱਦਾਂ 'ਤੇ ਤਾਇਨਾਤ ਬੀਐੱਸਐੱਫ ਅਤੇ ਪੰਜਾਬ ਪੁਲਸ ਵੱਲੋਂ ਹਮੇਸ਼ਾ ਹੀ ਨਾਕਾਮ ਕੀਤਾ ਗਿਆ ਹੈ।ਕਾਫੀ ਵੱਡੇ ਪੱਧਰ 'ਤੇ ਰਿਕਵਰੀ ਕੀਤੀ ਗਈ ਹੈ ਅਤੇ ਕਈ ਡਰੋਨਾਂ ਦੀ ਵੀ ਰਿਕਵਰੀ ਕੀਤੀ ਗਈ ਹੈ ਕਿਉਂਕਿ ਜੋ ਪਿੰਡਾਂ 'ਚ ਡਿਫੈਂਸ ਕਮੇਟੀਆਂ ਹਨ ਉਹ ਬਿਲਕੁਲ ਪੁਆਇੰਟ ਤੇ ਹੁੰਦੀਆਂ ਹਨ ਜੋ ਸਾਨੂੰ ਬਿਲਕੁਲ ਸਹੀ ਟਾਈਮ ਤੇ ਸਹੀ ਜਾਣਕਾਰੀ ਮੁਹੱਈਆ ਕਰਾਉਂਦੀਆਂ ਹਨ ਜਿਸ ਕਾਰਨ ਅਸੀਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਏ। ਅਸੀਂ ਇਨ੍ਹਾਂ ਡਿਫੈਂਸ ਕਮੇਟੀਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਪੰਜਾਬ ਨੂੰ ਖੁਸ਼ਹਾਲ ਸੂਬਾ ਬਣਾਉਣ ਵਿੱਚ ਪੁਲਸ ਦਾ ਕਾਫੀ ਸਾਥ ਦਿੱਤਾ ਹੈ ਉਨ੍ਹਾਂ ਕਿਹਾ ਕਿ ਬਾਕੀ ਧੁੰਦ ਦੇ ਮੱਦੇਨਜ਼ਰ ਪੰਜਾਬ ਪੁਲਸ ਵੱਲੋਂ ਸਪੈਸ਼ਲ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਹ ਟੀਮਾਂ ਸਰਹੱਦੀ ਖੇਤਰ ਦੇ ਅੰਦਰ ਪੂਰੀ ਤਰ੍ਹਾਂ ਨਿਗਰਾਨੀ ਰੱਖ ਰਹੀਆਂ ਹਨ। ਇਸ ਮੌਕੇ ਐੱਸਪੀਡੀ ਡੀ. ਐੱਸ. ਪਠਾਨੀਆ, ਐੱਸ. ਪੀ. ਵਿਜੀਲੈਂਸ ਸੁੱਖਵਿੰਦਰ ਪਾਲ ਸਿੰਘ, ਡੀਐੱਸਪੀ ਦੀਨਾਨਗਰ ਰਾਜਿੰਦਰ ਮਨਹਾਸ, ਡੀ. ਡੀਐੱਸਪੀ ਗੁਰਮਿੰਦਰ ਸਿੰਘ ਚਾਂਡੀ ਤੇ ਵੱਖ-ਵੱਖ ਪਿੰਡਾਂ ਦੀਆਂ ਟੀਮਾਂ, ਕਾਲਜ ਦੇ ਪ੍ਰਿੰਸੀਪਲ ਡਾ. ਆਰ. ਕੇ. ਤੁਲੀ, ਪ੍ਰੋ. ਸੁਬੀਰ ਰਗਬੋਤਰਾ, ਪ੍ਰੋ. ਹਰਸ਼ਿਤ ਭੱਲਾ, ਪ੍ਰੋ. ਸੋਨੂ ਮੰਗੋਤਰਾ, ਕਾਰਤਿਕ ਵਡੇਹਰਾ, ਡਾ. ਹਰਿਦੇਵ ਅਗਨੀਹੋਤਰੀ ਅਤੇ ਪਿੰਕਾ ਆਦਿ ਮੌਜੂਦ ਸਨ।



# ਸਾਹਿਬਜ਼ਾਦਿਆਂ ਤੇ ਬਾਬਾ ਮੋਤੀ ਰਾਮ ਮਹਿਰਾ ਦੀ ਯਾਦ 'ਚ ਦਾਣਾ ਮੰਡੀ ਵਿਖੇ ਲਗਾਇਆ ਦੁੱਧ ਦਾ ਲੰਗਰ



**ਮਜੀਠਾ (ਸੋਇਮ ਆਨੰਦ)-** ਸਿੱਖ ਕੌਮ ਦਾ ਕੁਰਬਾਨੀਆਂ ਭਰਿਆ ਇਤਿਹਾਸ ਅਤੇ ਪੰਜਾਬ ਦਾ ਜ਼ਰ੍ਹਾ-ਜ਼ਰ੍ਹਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਹੈ।ਇਸ ਮੌਕੇ ਕੁਲਦੀਪ ਸਿੰਘ ਕਾਹਲੋਂ ਤੇ ਸਤਿੰਦਰ ਸਿੰਘ ਸ਼ਾਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦੋਂ ਸ਼ਹੀਦੀ ਦਿਹਾੜਿਆਂ ਦੀ ਗੱਲ ਚੱਲਦੀ ਹੈ ਤਾਂ ਬਾਬਾ ਮੋਤੀ ਰਾਮ ਮਹਿਰਾ ਦਾ ਇਤਿਹਾਸ ਕਦੇ ਨਾ ਭੁੱਲਣ ਯੋਗ ਹੈ।ਪੋਹ ਦੇ ਮਹੀਨੇ ਕੜਾਕੇ ਦੀ ਠੰਡ ਵਿੱਚ ਠੰਡੇ ਬੁਰਜ ਵਿੱਚ ਬੈਠੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਲਈ ਭਾਈ ਮੋਤੀ ਰਾਮ ਮਹਿਰਾ ਦੁੱਧ ਲੈ ਕੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਜਦ ਦੁੱਧ ਛਕਾਉਣ ਬਾਰੇ ਜ਼ਾਲਮ ਹਕੂਮਤ ਨੂੰ ਪਤਾ ਲੱਗਦਾ ਹੈ ਤਾਂ ਉਨ੍ਹਾਂ ਭਾਈ ਮੋਤੀ ਰਾਮ ਮਹਿਰਾ ਦੇ ਸਾਰੇ ਪਰਿਵਾਰ ਨੂੰ ਬੇਦਰਦੀ ਦੇ ਨਾਲ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਜਿਸ ਸਬੰਧੀ ਬਾਬਾ ਮੋਤੀ ਰਾਮ ਮਹਿਰਾ ਨੂੰ ਯਾਦ ਕਰਦਿਆਂ ਸਮੂਹ ਆੜ੍ਹਤੀ, ਮਜ਼ਦੂਰ ਮਜੀਠਾ ਅਤੇ ਤਰਲੋਕ ਚਾਹ ਵਾਲੇ ਵੱਲੋਂ ਦਾਣਾ ਮੰਡੀ ਮਜੀਠਾ ਵਿੱਚ ਦੁੱਧ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਸਤਿੰਦਰ ਸਿੰਘ ਸ਼ਾਹ, ਕਾਬਲ ਸਿੰਘ ਗਿੱਲ, ਸੁਖਚੈਨ ਸਿੰਘ ਭੰਗੂ, ਅਨੂਪ ਸਿੰਘ ਸੰਧੂ, ਜਸਕਰਨ ਸਿੰਘ ਭੰਗੂ, ਮਲਕੀਤ ਸਿੰਘ, ਕਾਲਾ ਆੜ੍ਹਤੀ, ਤਰਲੋਕ ਸਿੰਘ, ਪ੍ਰਦੀਪ ਸਿੰਘ, ਦੀਪਕ ਸਿੰਘ, ਕੁਲਦੀਪ ਸਿੰਘ ਕਾਹਲੋਂ, ਹਰਦੀਪ ਸਿੰਘ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਵੱਲੋਂ ਸਾਲਾਨਾ ਗੁਰਮਤਿ ਸਮਾਗਮ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-** ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਜੋ ਹਰ ਸਾਲ ਦੀ ਤਰ੍ਹਾਂ ਯਾਤਰਾ ਦੌਰਾਨ ਸ਼੍ਰੀ ਹੇਮਕੁੰਡ ਸਾਹਿਬ ਦੇ ਰਸਤੇ ਵਿੱਚ ਲੰਗਰ ਦੀ ਸੇਵਾ ਕਰਦੀ ਹੈ, ਵੱਲੋਂ ਇਸ ਵਾਰ ਵੀ ਚੌਥਾ ਸਾਲਾਨਾ ਗੁਰਮਤਿ ਸਮਾਗਮ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਮਾਤਾ ਗੁਜਰ ਕੌਰ ਦੀ ਯਾਦ ਵਿੱਚ ਗੁਰਦੁਆਰਾ ਭਗਤ ਨਾਮਦੇਵ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਰਾਗੀ ਜਥੇ ਅਤੇ ਢਾਡੀ ਜੱਥਿਆਂ ਨੇ ਗੁਰੂ ਮਹਾਰਾਜ ਦਾ ਜੱਸ ਗਾਇਨ ਕਰਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕੀਤਾ। ਇਹ ਸਮਾਗਮ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਰਦਾਸ ਉਪਰੰਤ ਰਾਗੀ ਜਥਾ ਭਾਈ ਅਨੋਖ ਸਿੰਘ ਅਜਨਾਲੇ ਵਾਲੇ, ਕਥਾਵਾਚਕ ਭਾਈ ਬਲਕਾਰ ਸਿੰਘ ਅਜਨਾਲਾ, ਹਜ਼ੂਰੀ ਰਾਗੀ ਹਰਪਾਲ ਸਿੰਘ ਸਾਜਨ ਸ੍ਰੀ ਦਰਬਾਰ ਸਾਹਿਬ ਤੋਂ ਜਥਾ ਅਤੇ ਢਾਡੀ ਜਥਾ ਕੁਲਦੀਪ ਸਿੰਘ ਖਾਪੜਖੇੜੀ ਨੇ ਸਾਹਿਬਜ਼ਾਦਿਆਂ ਦੀ ਅਤੇ ਮਾਤਾ ਗੁਜਰ ਕੌਰ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਮਾਗਮ ਵਿੱਚ ਵੱਖ-ਵੱਖ ਪਾਰਟੀਆਂ ਦੇ ਰਾਜਨੀਤਿਕ ਅਤੇ ਅਫਸਰਾਂ ਨੇ ਆਪਣੀ ਹਾਜ਼ਰੀ ਭਰੀ ਜਿਵੇਂ ਕਿ ਅਜਨਾਲਾ ਦੇ ਸਾਬਕਾ ਵਿਧਾਇਕ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ, ਡੀਆਈਜੀ ਡਰੱਗ ਅਤੇ ਅਡੀਸ਼ਨਲ ਇੰਚਾਰਜ ਕਮਾਂਡੋ ਸੰਜੀਵ ਕੁਮਾਰ ਰਾਮਪਾਲ, ਸਾਬਕਾ ਪ੍ਰਧਾਨ ਨਗਰ ਪੰਚਾਇਤ ਸਰਦਾਰ ਜ਼ੋਰਾਵਰ ਸਿੰਘ, ਸ਼੍ਰੀ ਹੇਮਕੁੰਡ ਸਾਹਿਬ ਲੰਗਰ ਸੇਵਾ ਸੋਸਾਇਟੀ ਦੇ ਪ੍ਰਧਾਨ ਸਰਵਣ ਸਿੰਘ ਨੇਪਾਲ, ਸਰਪ੍ਰਸਤ ਅਮਰਜੀਤ ਸਿੰਘ ਬਾਜਵਾ, ਜਸਬੀਰ ਸਿੰਘ ਢਿੱਲੋਂ, ਹਰਜਿੰਦਰ ਸਿੰਘ ਨਿੱਕੋਸਰਾਂ ਖਜ਼ਾਨਚੀ, ਵਿਜੇ ਕੁਮਾਰ ਅਰੋੜਾ, ਭੁਪਿੰਦਰ ਸਿੰਘ ਬੈਂਕ ਵਾਲੇ, ਸੁਰਜੀਤ ਸਿੰਘ ਆਦਿ।



# ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਆਯੋਜਿਤ




**ਗੁਰਦਾਸਪੁਰ (ਜਨਕ ਮਹਾਜਨ)-** ਸ਼੍ਰੀ ਦਿਲਬਾਗ ਸਿੰਘ ਜੌਹਲ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ਼੍ਰੀ ਹਰਪ੍ਰੀਤ ਸਿੰਘ, ਸੀਜੇਐੱਮ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਗੁਰਦਾਸਪੁਰ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਤਹਿਤ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ, ਪਿੰਡਾਂ, ਡੀ-ਅਡਿਕਸ਼ਨ ਸੈਂਟਰ ਆਦਿ ਵਿਚ ਪੈਨਲ ਐਡਵੋਕੇਟ ਅਤੇ ਪੀਐੱਲਵੀ ਦੀਆਂ 22 ਟੀਮਾਂ ਵੱਲੋਂ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਹ ਪ੍ਰੋਗਰਾਮ 6 ਜਨਵਰੀ ਤੱਕ ਚੱਲਣਗੇ। ਹਰਪ੍ਰੀਤ ਸਿੰਘ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਨੇ ਦੱਸਿਆ ਕਿ 24 ਦਸੰਬਰ ਤੱਕ 172 ਸਕੂਲਾਂ ਵਿਚ ਡਿਬੇਟ/ਡੈਕਲਾਮੇਸ਼ਨ, ਪੇਂਟਿੰਗ ਕੰਪੀਟੀਸ਼ਨ ਅਤੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ। ਇਸ ਤੋਂ ਇਲਾਵਾ 61 ਪਿੰਡਾਂ, 5 ਡੀ-ਅਡਿਕਸ਼ਨ ਸੈਂਟਰ ਵਿਚ ਜਾਗਰੂਕਤਾ ਪ੍ਰੋਗਰਾਮ, ਇੱਕ ਨੁੱਕੜ ਨਾਟਕ, 13 ਵਾਕਥਾਨ/ਰੈਲੀਆਂ ਅਤੇ ਇੱਕ ਬਲੱਡ ਡੋਨੇਸ਼ਨ ਕੈਂਪ ਲਗਾਇਆ ਗਿਆ। ਇਨ੍ਹਾਂ ਪ੍ਰੋਗਰਾਮਾਂ ਵਿਚ ਲਗਭਗ 15494 ਬੱਚਿਆਂ/ ਆਮ ਪਬਲਿਕ ਵੱਲੋਂ ਹਿੱਸਾ ਲਿਆ ਗਿਆ। ਓਟ ਸੈਂਟਰ ਕਾਦੀਆਂ ਵਿਚ ਨਸ਼ਾ ਮੁਕਤ ਪੰਜਾਬ ਮੁਹਿੰਮ ਤਹਿਤ ਲੋਕਾਂ ਨੂੰ ਜਾਗਰੂਕ ਕੀਤਾ ਗਿਆ, ਜਿਸ 'ਚ ਐੱਸਐੱਮਓ ਕਾਦੀਆਂ, ਸਟਾਫ਼ ਅਤੇ ਗੁਰਚਰਨਜੀਤ ਸਿੰਘ ਚੱਠਾ ਵੀ ਮੌਜੂਦ ਸਨ।

# ਇਤਲਾਹ ਦੇਣ ਦੇ ਬਾਵਜੂਦ ਪੁਲਸ ਵੱਲੋਂ ਕਾਰਵਾਈ ਨਾ ਕਰਨ 'ਤੇ ਪੀੜਤ ਪਰਿਵਾਰ ਨੇ ਥਾਣਾ ਮਜੀਠਾ ਅੱਗੇ ਲਗਾਇਆ ਰੋਸ ਧਰਨਾ

**ਮਜੀਠਾ (ਸੋਇਮ ਆਨੰਦ)-** ਬੀਤੇ ਦਿਨ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਨੌਜਵਾਨ ਨੂੰ ਘਰੋਂ ਚੁੱਕ ਕੇ ਲਿਜਾਣ 'ਤੇ ਪਰਿਵਾਰ ਵੱਲੋਂ ਪੁਲਸ ਨੂੰ ਇਤਲਾਹ ਦਿੱਤੇ ਜਾਣ 'ਤੇ ਵੀ ਪੁਲਸ ਵੱਲੋਂ ਕੋਈ

**● ਮਾਮਲਾ ਮੁੰਡੇ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਚੁੱਕੇ ਜਾਣ ਦਾ**

ਕਾਰਵਾਈ ਨਾ ਕਰਨ 'ਤੇ ਪਰਿਵਾਰਕ ਮੈਂਬਰਾਂ ਵੱਲੋਂ ਮਜੀਠਾ ਅੰਮ੍ਰਿਤਸਰ ਸੜਕ ਰੋਕ ਕੇ ਧਰਨਾ ਲਗਾਉਣ ਦਾ ਮਾਮਲਾ ਸਾਹਮਣੇ ਆਇਆ। ਵਾਰਡ ਨੰਬਰ 5 ਮਜੀਠਾ ਦੇ ਵਸਨੀਕ ਅਵਤਾਰ ਸਿੰਘ ਲਾਡੀ ਨੇ ਮਾਮਲੇ ਸਬੰਧੀ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦੇ ਲੜਕੇ ਕਰਨਬੀਰ ਸਿੰਘ ਦਾ ਕੁਝ ਦਿਨ ਪਹਿਲਾਂ ਕੁਝ ਮੁੰਡਿਆਂ ਨਾਲ ਮਾਮੂਲੀ ਝਗੜਾ ਹੋਇਆ ਸੀ ਜਿਸ ਸਬੰਧੀ ਹੁਣ ਤੱਕ ਉਸ ਦੇ ਮੁੰਡੇ ਖਿਲਾਫ ਨਾ ਤਾਂ ਪੁਲਸ ਅਤੇ ਨਾ ਹੀ ਦੂਸਰੇ ਪਰਿਵਾਰ ਵੱਲੋਂ ਕੋਈ ਕਾਰਵਾਈ ਕੀਤੀ ਗਈ ਪਰ 25 ਦਸੰਬਰ ਵਾਲੇ ਦਿਨ ਦੇਰ ਸ਼ਾਮ ਵਕਤ ਕੁਝ ਅਣਪਛਾਤੇ ਵਿਅਕਤੀ ਜਿਨ੍ਹਾਂ ਦੀ ਗਿਣਤੀ ਕਰੀਬ 20-25 ਸੀ ਆਏ ਅਤੇ ਜ਼ਬਰਦਸਤੀ ਉਸ ਦੇ ਮੁੰਡੇ ਕਰਨਬੀਰ ਸਿੰਘ ਨੂੰ ਉਸ ਦੇ ਘਰੋਂ ਚੁੱਕ ਕੇ ਲੈ ਗਏ।ਪਰਿਵਾਰ ਨੇ ਬਹੁਤ ਤਲਾਸ਼ ਕੀਤੀ ਪਰ ਮੁੰਡੇ ਦਾ ਕੁਝ ਪਤਾ ਨਾਂ ਲੱਗਾ ਤਾਂ ਅੱਜ ਪਰਿਵਾਰਕ ਮੈਂਬਰਾਂ ਵੱਲੋਂ ਮਜੀਠਾ ਅੰਮ੍ਰਿਤਸਰ ਸੜਕ ਜਾਮ ਕਰਕੇ ਥਾਣਾ ਮਜੀਠਾ ਦੇ ਮੂਹਰੇ ਰੋਸ ਧਰਨਾ ਲਗਾ ਦਿੱਤਾ ਅਤੇ ਪੁਲਸ ਪਾਸੋਂ ਮੁੰਡੇ ਦਾ ਪਤਾ ਲਗਾ ਕੇ ਉਸ ਦੇ ਮੁੰਡੇ ਨੂੰ ਜ਼ਬਰਦਸਤੀ ਚੁੱਕਣ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ।ਥਾਣਾ ਮਜੀਠਾ ਦੇ ਐੱਸ. ਐੱਚ. ਓ. ਕਰਮਪਾਲ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਬੀਤੇ ਦਿਨ ਕੁਝ ਵਿਅਕਤੀ ਕਰਨਬੀਰ ਸਿੰਘ ਨੂੰ ਥਾਣਾ ਮਜੀਠਾ ਵਿਖੇ ਲਿਆਏ ਸਨ ਜਿਨ੍ਹਾਂ ਦਾ ਇਲਜ਼ਾਮ ਸੀ ਕਿ ਪਿਛਲੇ ਦਿਨੀਂ ਹੋਏ ਝਗੜੇ ਵਿਚ ਸ਼ਾਮਲ ਸੀ।ਉਨ੍ਹਾਂ ਦੱਸਿਆ ਕਿ ਲੜਕੇ ਪਾਸੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ, ਜੋ ਵੀ ਤੱਥ ਸਾਹਮਣੇ ਆਉਣਗੇ ਉਸ ਮੁਤਾਬਕ ਕਾਰਵਾਈ ਕੀਤੀ ਜਾਵੇਗੀ ਜਿਸ 'ਤੇ ਧਰਨਾਕਾਰੀਆਂ ਨੇ ਧਰਨਾ ਚੁੱਕ ਲਿਆ।



# ਧਾਰਮਿਕ ਸਮਾਗਮ ਮੌਕੇ ਐੱਸ ਡੀ ਐੱਮ ਡਾ. ਸ਼ਰਮਾ ਨੂੰ ਕੀਤਾ ਸਨਮਾਨਿਤ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਕਸਬਾ ਡੇਰਾ ਬਾਬਾ ਨਾਨਕ ਦੇ ਨਾਮਵਰ ਬੇਦੀ ਪਰਿਵਾਰ ਸਵ: ਸਤਿੰਦਰ ਪਾਲ ਸਿੰਘ ਬੇਦੀ ਦੇ ਪਰਿਵਾਰ ਵੱਲੋਂ ਯੋਗੇਸ਼ਵਰ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਦਿਹਾੜਾ ਗਲੀ ਆਰੀਆ ਸਮਾਜ ਮੰਦਰ ਡੇਰਾ ਬਾਬਾ ਨਾਨਕ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ।ਇਸ ਮੌਕੇ ਪਹਿਲਾਂ ਤੋਂ ਰੱਖੇ ਸ੍ਰੀ ਅਖੰਡ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਭਾਈ ਸ਼ਾਮ ਸਿੰਘ ਜੋੜੀਆਂ ਕਲਾਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਬੇਦੀ ਪਰਿਵਾਰ ਵੱਲੋਂ ਪ੍ਰਿੰਸੀਪਲ ਪਰਮਿੰਦਰ ਸਿੰਘ ਬੇਦੀ, ਐਡਵੋਕੇਟ ਰਾਜਨ ਬੇਦੀ ਅਤੇ ਸਾਬਕਾ ਐੱਸਐੱਸਪੀ ਮਨਿੰਦਰ ਸਿੰਘ ਬੇਦੀ ਦੀ ਅਗਵਾਈ ਵਿੱਚ ਧਾਰਮਿਕ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਡਾਕਟਰ ਆਦਿੱਤਿਆ ਸ਼ਰਮਾ (ਆਈਏਐੱਸ) ਐੱਸਡੀਐੱਮ ਡੇਰਾ ਬਾਬਾ ਨਾਨਕ ਦਾ ਮਾਣ ਸਨਮਾਨ ਕਰਦੇ ਹੋਏ ਉਨ੍ਹਾਂ ਨੂੰ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਐਡਵੋਕੇਟ ਅਸ਼ਵਨੀ ਪੁਰੀ, ਮਨਿੰਦਰ ਸਿੰਘ ਬੇਦੀ, ਕਮਲੇਸ਼ਵਰ ਸਿੰਘ ਬੇਦੀ, ਪ੍ਰਮੋਦ ਭੰਡਾਰੀ, ਸੁਭਾਸ਼ ਮਰਵਾਹਾ, ਸੁਸ਼ਾਂਤ ਖੋਸਲਾ, ਮੋਹਿਤ ਖੋਸਲਾ, ਸੰਜੀਵ ਸੌਂਧੀ ਆਦਿ ਹਾਜ਼ਰ ਸਨ।

# ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਨੇ ਦਸਮ ਪਾਤਸ਼ਾਹ ਦਾ 359ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਸਹਿਤ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 359ਵਾਂ ਪ੍ਰਕਾਸ਼ ਪੁਰਬ ਕਾਲਜ ਕੈਂਪਸ ਵਿਖੇ ਸਥਿਤ ਗੁਰਦੁਆਰਾ ਸਾਹਿਬ ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਸਹਿਤ ਮਨਾਇਆ ਗਿਆ।ਇਸ ਦੇ ਨਾਲ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ ਕਰਦਿਆਂ ਧਰਮ, ਕੌਮ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਦਿੱਤੀ ਕੁਰਬਾਨੀ ਨੂੰ ਵੀ ਯਾਦ ਕੀਤਾ ਗਿਆ।ਉਕਤ ਧਾਰਮਿਕ ਸਮਾਗਮ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਉਣ ਉਪਰੰਤ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਮੁਬਾਰਕਬਾਦ ਦਿੰਦਿਆਂ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।ਇਸ ਦੌਰਾਨ ਉਨ੍ਹਾਂ ਕਿਹਾ ਕਿ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਦੇ ਭੇਦਭਾਵ ਨੂੰ ਖ਼ਤਮ ਕਰਕੇ ਬਰਾਬਰੀ ਦੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੁਆਰਾ ਦੇਸ਼ ਕੌਮ ਲਈ ਦਿੱਤੀ ਗਈ ਕੁਰਬਾਨੀ ਨੂੰ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਕਿਹਾ ਕਿ ਕਲਗੀਧਰ ਪਿਤਾ ਨੇ ਜ਼ੁਲਮ ਦੇ ਖ਼ਾਤਮੇ ਅਤੇ ਕੌਮ ਦੀ ਰੱਖਿਆ ਲਈ ਜ਼ਾਲਮ ਮੁਗਲਾਂ ਨਾਲ ਟਾਕਰਾ ਲੈਂਦਿਆਂ ਆਪਣਾ ਸਰਬੰਸ ਵਾਰ ਦਿੱਤਾ ਸੀ।ਇਸ ਤੋਂ ਪਹਿਲਾਂ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ ਪਰਸੋਂ ਤੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕਾਲਜ ਦੇ ਗੁਰਮਤਿ ਸਟੱਡੀ ਸੈਂਟਰ ਦੇ ਵਿਦਿਆਰਥੀਆਂ ਵੱਲੋਂ 'ਤਹੀ ਪ੍ਰਕਾਸ਼ ਹਮਾਰਾ ਭਯੋ, ਪਟਨਾ ਸਹਰ ਵਿਖੈ ਭਾਵ ਲਯੋ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ', 'ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ', 'ਮਿੱਤਰ ਪਿਆਰੇ ਨੂੰ ਹਾਲ ਮਰੀਦਾਂ ਦਾ ਕਹਿਣਾ' ਸ਼ਬਦ ਗਾਇਨ ਕਰਕੇ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ।ਇਸ ਮੌਕੇ ਸ: ਛੀਨਾ ਨੇ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੁਆਰਾ ਵਿਖਾਏ ਮਾਰਗ ਅਤੇ ਉਪਦੇਸ਼ਾਂ ਨੂੰ ਅਪਣਾ ਕੇ ਸਵੈਮਾਨ ਨਾਲ ਜਿਊਣ ਲਈ ਪ੍ਰੇਰਿਤ ਕੀਤਾ, ਕਿਉਂਕਿ ਉਨ੍ਹਾਂ ਦਾ ਜੀਵਨ, ਇਤਿਹਾਸ ਅਤੇ ਸਿੱਖਿਆਵਾਂ ਵਿਸ਼ਵ ਭਰ ਲਈ ਪ੍ਰੇਰਣਾਦਾਇਕ ਹਨ।ਇਸ ਮੌਕੇ ਸਿੱਖ ਇਤਿਹਾਸ ਮਾਹਿਰ ਅਤੇ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਫ਼ਲਸਫ਼ੇ ਦੇ ਨਾਲ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਸਬੰਧੀ ਵੀ ਆਈ ਹੋਈ ਸੰਗਤ ਨੂੰ ਵਿਸਥਾਰ ਪੂਰਵਕ ਚਾਨਣਾ ਪਾਇਆ।ਇਸ ਮੌਕੇ ਸ: ਛੀਨਾ ਨੇ ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨਾਲ ਮਿਲ ਕੇ ਕੀਰਤਨ ਕਰ ਰਹੇ ਵਿਦਿਆਰਥੀਆਂ ਨੂੰ ਸਿਰੋਪਾਓ ਭੇਟ ਕੀਤਾ।ਇਸ ਮੌਕੇ ਕੌਂਸਲ ਦੇ ਜੁਆਇੰਟ ਸਕੱਤਰ ਸ: ਅਜਮੇਰ ਸਿੰਘ ਹੇਰ, ਸ: ਲਖਵਿੰਦਰ ਸਿੰਘ ਢਿੱਲੋਂ, ਸ: ਗੁਰਪ੍ਰੀਤ ਸਿੰਘ ਗਿੱਲ, ਮੈਂਬਰ ਰਮਿੰਦਰ ਕੌਰ, ਖਾਲਸਾ ਯੂਨੀਵਰਸਿਟੀ ਦੇ ਰਿਸਰਚ ਡੀਨ ਡਾ. ਆਰ. ਕੇ. ਧਵਨ, ਐਗਜ਼ਾਮੀਨੇਸ਼ਨ ਕੰਟਰੋਲਰ ਡੀਨ ਡਾ. ਕੰਵਲਜੀਤ ਸਿੰਘ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਪ੍ਰਿੰਸੀਪਲ ਡਾ. ਮਨਦੀਪ ਕੌਰ, ਖ਼ਾਲਸਾ ਕਾਲਜ ਆਫ਼ ਨਰਸਿੰਗ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ, ਖ਼ਾਲਸਾ ਕਾਲਜ ਚਵਿੰਡਾ ਦੇਵੀ ਗੁਰਦੇਵ ਸਿੰਘ, ਖ਼ਾਲਸਾ ਕਾਲਜ ਪਬਲਿਕ ਸਕੂਲ ਪ੍ਰਿੰਸੀਪਲ ਏ. ਐਸ. ਗਿੱਲ, ਖ਼ਾਲਸਾ ਕਾਲਜ ਪਬਲਿਕ ਸਕੂਲ, ਘੁੱਗ (ਜਲੰਧਰ) ਪ੍ਰਿੰਸੀਪਲ ਪਰਮਜੀਤ ਸਿੰਘ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ, ਖ਼ਾਲਸਾ ਕਾਲਜ ਪਬਲਿਕ ਸਕੂਲ, ਹੇਰ ਪ੍ਰਿੰਸੀਪਲ ਗੁਰਿੰਦਰਜੀਤ ਕੌਰ ਕੰਬੋਜ, ਕਾਲਜ ਅਧਿਆਪਕ, ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।



# ਥਿੰਕ ਗੈਸ ਵੱਲੋਂ ਪੰਜਾਬ 'ਚ ਪੀਐੱਨਜੀ ਅਤੇ ਸੀਐੱਨਜੀ ਦੀਆਂ ਕੀਮਤਾਂ 'ਚ ਕਟੌਤੀ

**ਜਲੰਧਰ :** ਪੈਟਰੋਲੀਅਮ ਅਤੇ ਪ੍ਰਾਕ੍ਰਿਤਿਕ ਗੈਸ ਨਿਯਾਮਕ ਬੋਰਡ (ਪੀਐੱਨਜੀਆਰਬੀ) ਵੱਲੋਂ ਕੀਤੀ ਕੀਮਤਾਂ ਵਿੱਚ ਸੋਧ ਤੋਂ ਬਾਅਦ ਥਿੰਕ ਗੈਸ ਨੇ ਪੰਜਾਬ ਵਿੱਚ ਪੀਐੱਨਜੀ ਅਤੇ ਸੀਐੱਨਜੀ ਦੇ ਮੁੱਲਾਂ ਵਿੱਚ ਕਟੌਤੀ ਦੀ ਐਲਾਨ ਕੀਤਾ ਹੈ, ਜਿਸ ਨਾਲ ਇਸ ਖੇਤਰ ਵਿੱਚ ਪਰਿਵਾਰਾਂ ਲਈ ਸਾਫ਼ ਕੁਕਿੰਗ ਅਤੇ ਪੈਟਰੋਲੀਅਮ ਕਿਫ਼ਾਇਤੀ ਹੋ ਜਾਵੇਗਾ। ਸੋਧੀਆਂ ਕੀਮਤਾਂ 1 ਜਨਵਰੀ, 2026 ਤੋਂ ਲਾਗੂ ਹੋਣਗੀਆਂ।

ਸੋਧੀਆਂ ਦਰਾਂ ਲਾਗੂ ਹੋਣ ਨਾਲ ਘਰੇਲੂ ਉਪਭੋਗਤਾਵਾਂ ਲਈ ਪਾਈਪਡ ਨੈਚੁਰਲ ਗੈਸ (ਪੀਐੱਨਜੀ) ਦੀ ਕੀਮਤ 2 ਰੁਪਏ ਪ੍ਰਤੀ ਐੱਸਸੀਐੱਮ ਘਟ ਕੇ 42 ਰੁਪਏ ਪ੍ਰਤੀ ਸਟੈਂਡਰਡ ਕਿਊਬਿਕ ਮੀਟਰ (ਐੱਸਸੀਐੱਮ) ਰਹਿ ਜਾਵੇਗੀ।ਕੀਮਤਾਂ ਵਿੱਚ ਕਮੀ ਨਾਲ ਪਰਿਵਾਰਾਂ ਨੂੰ ਵਧੇਰੇ ਬੱਚਤ ਹੋਵੇਗੀ ਅਤੇ ਰੋਜ਼ਾਨਾ ਖਾਣਾ ਪਕਾਉਣਾ ਹੋਰ ਕਿਫ਼ਾਇਤੀ ਬਣੇਗਾ।

# ਸਾਂਝੇ ਸੰਘਰਸ਼ ਦੀ ਲੋੜ

ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਭਾਜਪਾ-ਆਰ ਐੱਸ ਐੱਸ ਮੁਸਲਮਾਨਾਂ ਦੇ ਖਿਲਾਫ ਹਨ। ਸੱਚ ਇਹ ਹੈ ਕਿ ਉਹ ਸਮਾਜ ਦੇ ਹਾਸ਼ੀਆਗ੍ਰਸਤ ਤੇ ਮਿਹਨਤਕਸ਼ ਵਰਗਾਂ ਯਾਨੀ ਕਿ ਦਲਿਤਾਂ, ਮਜ਼ਦੂਰਾਂ, ਆਦਿਵਾਸੀਆਂ ਤੇ ਖਾਸਕਰ ਮਹਿਲਾਵਾਂ ਦੇ ਵੀ ਖਿਲਾਫ ਹਨ। ਅਸੀਂ ਦੇਖ ਚੁੱਕੇ ਹਾਂ ਕਿ ਖੇਤੀ ਕਾਨੂੰਨ ਕਿਸ ਢੀਠਤਾਈ ਨਾਲ ਲਿਆਂਦੇ ਗਏ ਸਨ, ਜਿਨ੍ਹਾਂ ਨੂੰ ਵਾਪਸ ਕਰਾਉਣ ਲਈ ਕਰੀਬ 600 ਕਿਸਾਨਾਂ ਨੂੰ ਕੁਰਬਾਨੀ ਦੇਣੀ ਪਈ। ਹਾਲ ਹੀ ਵਿੱਚ ਨਵੇਂ ਲੇਬਰ ਕੋਡ ਲਾਗੂ ਕਰਕੇ ਮਿਹਨਤਕਸ਼ ਵਰਗ ਵੱਲੋਂ ਸਖਤ ਸੰਘਰਸ਼ ਦੇ ਬਾਅਦ ਹਾਸਲ ਕੀਤੇ ਗਏ ਅਧਿਕਾਰਾਂ ਨੂੰ ਖੋਹ ਲਿਆ ਗਿਆ। ਇਹੀ ਪੇਂਡੂ ਮਜ਼ਦੂਰਾਂ ਦੇ ਮਾਮਲੇ ਵਿੱਚ ਦੇਖਿਆ ਜਾ ਰਿਹਾ ਹੈ, ਕਿਉਂਕਿ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ (ਮਨਰੇਗਾ) ਨੂੰ ਹਟਾ ਕੇ 'ਵਿਕਸਤ ਭਾਰਤ—ਜੀ ਰਾਮ ਜੀ' ਨੂੰ ਲਾਗੂ ਕੀਤਾ ਜਾ ਰਿਹਾ ਹੈ। ਜੀ ਰਾਮ ਜੀ ਦੀਆਂ ਮੁੱਖ ਮੱਦਾਂ ਵਿੱਚ ਇੱਕ ਰੁਜ਼ਗਾਰ ਦਿਨਾਂ ਦੀ ਗਿਣਤੀ 100 ਤੋਂ ਵਧਾ ਕੇ 125 ਕਰਨਾ ਹੈ। ਪਹਿਲੀ ਨਜ਼ਰ ਵਿੱਚ ਇਹ ਸੁਧਾਰ ਨਜ਼ਰ ਆਉਂਦਾ ਹੈ, ਪਰ ਮਨਰੇਗਾ ਬੇਰੁਜ਼ਗਾਰ ਨਾਗਰਿਕ ਦੀ ਮੰਗ 'ਤੇ ਅਧਾਰਤ ਸੀ, ਜਿਸ ਮੁਤਾਬਕ ਉਸ ਨੂੰ ਕੰਮ ਦੇਣਾ ਲਾਜ਼ਮੀ ਸੀ। ਜੀ ਰਾਮ ਜੀ ਦੀ ਧਾਰਾ 5 (1) ਮੁਤਾਬਕ ਰਾਜ ਸਰਕਾਰ ਕੇਂਦਰ ਵੱਲੋਂ ਦੱਸੇ ਪ੍ਰੋਜੈਕਟਾਂ ਵਿੱਚ 125 ਦਿਨ ਦੇ ਰੁਜ਼ਗਾਰ ਦੀ ਗਰੰਟੀ ਦੇਵੇਗੀ। ਮਤਲਬ ਕੇਂਦਰ ਸਰਕਾਰ 'ਤੇ ਨਿਰਭਰ ਕਰੇਗਾ ਕਿ ਉਹ ਕਿੱਥੇ ਕੰਮ ਕਰਾਉਣਾ ਚਾਹੁੰਦੀ ਹੈ। ਪਹਿਲਾਂ ਇਸ ਯੋਜਨਾ ਦਾ ਸਰੂਪ ਸਰਬਵਿਆਪੀ ਸੀ। ਦੇਸ਼ ਭਰ ਵਿੱਚ ਪੇਂਡੂ ਮਜ਼ਦੂਰ ਕੰਮ ਦੀ ਮੰਗ ਕਰ ਸਕਦਾ ਸੀ। ਨਵੇਂ ਕਾਨੂੰਨ ਦੀ ਧਾਰਾ 4 (5) ਮੁਤਾਬਕ ਕੇਂਦਰ ਸਰਕਾਰ ਹਰ ਸਾਲ ਰਾਜਵਾਰ ਫੰਡ ਦਾ ਫੈਸਲਾ ਕਰੇਗੀ। ਧਾਰਾ 4 (6) ਮੁਤਾਬਕ ਜੇ ਰਾਜ ਦਿੱਤੇ ਫੰਡ ਨਾਲੋਂ ਵੱਧ ਖਰਚ ਕਰਦਾ ਹੈ ਤਾਂ ਉਸ ਨੂੰ ਖੁਦ ਸਹਿਣਾ ਪਵੇਗਾ। ਮਨਰੇਗਾ ਵਿੱਚ ਕੇਂਦਰ ਸਰਕਾਰ 90 ਫੀਸਦੀ ਫੰਡ ਦਿੰਦੀ ਸੀ, ਪਰ ਨਵੇਂ ਕਾਨੂੰਨ ਤਹਿਤ 60 ਫੀਸਦੀ ਦੇਵੇਗੀ ਤੇ ਬਾਕੀ 40 ਫੀਸਦੀ ਪੈਸਾ ਰਾਜ ਦੇਣਗੇ। ਰਾਜ ਸਰਕਾਰਾਂ ਤਾਂ ਪਹਿਲਾਂ ਹੀ ਮਾਲੀ ਸੰਕਟ ਵਿੱਚੋਂ ਲੰਘ ਰਹੀਆਂ ਹਨ। ਉਹ ਕਿਸੇ ਕੰਮ ਨੂੰ ਹੱਥ ਪਾਉਣ ਤੋਂ ਪਹਿਲਾਂ ਦੋ ਵਾਰ ਸੋਚਣਗੀਆਂ। ਇਸ ਤਰ੍ਹਾਂ ਪੇਂਡੂ ਮਜ਼ਦੂਰਾਂ ਲਈ ਨਵੇਂ ਕਾਨੂੰਨ ਤਹਿਤ ਕੰਮ ਹਾਸਲ ਕਰਨਾ ਨਾਂਹ ਦੇ ਬਰਾਬਰ ਹੋ ਜਾਵੇਗਾ।

ਕਮਿਊਨਿਸਟ ਪਾਰਟੀਆਂ ਨੇ ਨਵੇਂ ਕਾਨੂੰਨ ਖਿਲਾਫ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਉਸ ਨੇ ਮੁਜ਼ਾਹਰੇ ਵੀ ਕੀਤੇ ਹਨ। ਪਾਰਟੀਆਂ ਨਾਲ ਸੰਬੰਧਤ ਮਜ਼ਦੂਰ ਜਥੇਬੰਦੀਆਂ ਨੇ ਵੀ ਘੋਲ ਉਲੀਕੇ ਹਨ। ਕਿਸਾਨ ਤੇ ਮੁਲਾਜ਼ਮ ਵੀ ਇਸ ਨਵੇਂ ਕਾਨੂੰਨ ਦੇ ਖਿਲਾਫ ਉਨ੍ਹਾਂ ਦੀ ਹਮਾਇਤ ਵਿੱਚ ਨਿੱਤਰ ਆਏ ਹਨ। ਕਾਂਗਰਸ ਨੇ ਵੀ ਨਵੇਂ ਕਾਨੂੰਨ ਨੂੰ ਵਾਪਸ ਕਰਾਉਣ ਲਈ ਪੰਜ ਜਨਵਰੀ ਤੋਂ ਦੇਸ਼ਵਿਆਪੀ ਸੰਘਰਸ਼ ਦਾ ਐਲਾਨ ਕਰ ਦਿੱਤਾ ਹੈ। ਇਹ ਕਾਨੂੰਨ ਤਾਂ ਹੀ ਵਾਪਸ ਕਰਵਾਇਆ ਜਾ ਸਕੇਗਾ ਕਿ ਜੇ ਕਿਸਾਨ ਅੰਦੋਲਨ ਵਰਗਾ ਅੰਦੋਲਨ ਖੜ੍ਹਾ ਕੀਤਾ ਜਾਵੇਗਾ। ਹਾਲਾਂਕਿ ਕਾਂਗਰਸ ਨੇ ਦੂਜੀਆਂ ਪਾਰਟੀਆਂ ਦੇ ਵੀ ਮੈਦਾਨ ਵਿੱਚ ਆਉਣ ਦੀ ਉਮੀਦ ਜਤਾਈ ਹੈ, ਗੱਲ ਉਮੀਦ ਨਾਲ ਨਹੀਂ ਬਣਨੀ। ਲੜਾਈ ਲਹੂ-ਵੀਟਵੀਂ ਹੋਣੀ ਹੈ। ਸਭ ਤੋਂ ਵੱਡੀ ਆਪੋਜ਼ੀਸ਼ਨ ਪਾਰਟੀ ਹੋਣ ਦੇ ਨਾਤੇ ਕਾਂਗਰਸ ਨੂੰ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਕਰਕੇ ਮੁਤਹਿਦਾ ਅੰਦੋਲਨ ਦੀ ਰੂਪਰੇਖਾ ਬਣਾਉਣੀ ਚਾਹੀਦੀ ਹੈ। ਉਸ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਜਦੋਂ ਯੂ ਪੀ ਏ ਸਰਕਾਰ ਨੇ ਮਨਰੇਗਾ ਲਾਗੂ ਕੀਤਾ ਸੀ, ਉਦੋਂ ਸਰਕਾਰ ਨੂੰ ਕਮਿਊਨਿਸਟ ਪਾਰਟੀਆਂ ਦਾ ਪੂਰਾ ਸਮਰਥਨ ਮਿਲਿਆ ਸੀ। ਜੇ ਉਸ ਨੇ ਮਨਰੇਗਾ ਨੂੰ ਬਚਾਉਣਾ ਹੈ ਤਾਂ ਦੂਜੀਆਂ ਪਾਰਟੀਆਂ ਨੂੰ ਨਾਲ ਲੈ ਕੇ ਤਿੱਖਾ ਸੰਘਰਸ਼ ਕਰਨਾ ਹੀ ਸਮੇਂ ਦਾ ਤਕਾਜ਼ਾ ਹੈ।

# 'ਵੰਦੇ ਮਾਤਰਮ'-ਫਿਰਕੂ ਏਜੰਡੇ ਦੇ ਵਿਸਥਾਰ ਦਾ ਇਕ ਹਥਿਆਰ

**ਨਰਭਿੰਦਰ**

ਜਦੋਂ ਦੇਸ਼ ਵਿੱਚ ਬੇਰੁਜ਼ਗਾਰੀ, ਗੈਰ ਬਰਾਬਰੀ, ਅਰਾਜਕਤਾ ਸਿਖਰਾਂ 'ਤੇ ਹਨ। ਜਦੋਂ ਰਾਜ ਆਪਣੇ ਦੇਸ਼ ਦੇ ਨਾਗਰਿਕਾਂ ਪ੍ਰਤੀ ਬਣਦੀ ਭੂਮਿਕਾ ਤੋਂ ਪਿੱਛੇ ਹਟ ਚੁੱਕਾ ਹੈ। ਜਦੋਂ ਦੇਸ਼ ਦੇ ਸੰਸਾਧਨਾਂ, ਕੁਦਰਤੀ ਸਰੋਤਾਂ ਤੋਂ ਲੈ ਕੇ ਦੇਸ਼ ਦੇ ਹਰ ਖੇਤਰ ਨੂੰ ਨਿੱਜੀ ਪੂੰਜੀ ਭਾਵ ਕਾਰਪੋਰੇਟ ਘਰਾਣਿਆਂ ਨੂੰ ਇਕ-ਇਕ ਕਰਕੇ ਸੌਂਪ ਰਿਹਾ ਹੈ। ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਖਾਮੋਸ਼ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਘੱਟ-ਗਿਣਤੀਆਂ ਮੁਸਲਮਾਨਾਂ ਤੇ ਇਸਾਈਆਂ ਨੂੰ ਵੱਖ-ਵੱਖ ਇਲਜ਼ਾਮ ਲਾ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਭਾਸ਼ਨਾਂ ਤੋਂ ਲੈ ਕੇ ਮੁੱਖ ਮੰਤਰੀ ਨਿਤੀਸ਼ ਵੱਲੋਂ ਹਿਜਾਬ ਲਾਹੁਣ ਤੱਕ ਲੱਚਰਤਾ ਹੱਦਾਂ ਪਾਰ ਕਰ ਰਹੀ ਹੋਵੇ, ਤਾਂ ਉਸ ਸਮੇਂ 'ਵੰਦੇ ਮਾਤਰਮ' ਦਾ ਛੇੜਿਆ ਰਾਗ, ਬਹੁਤ ਸਪੱਸ਼ਟ ਕਰਦਾ ਹੈ ਕਿ ਭਾਜਪਾ ਫਿਰਕਾਪ੍ਰਸਤੀ ਦੇ ਏਜੰਡੇ ਵਿੱਚ ਨਵੀਂ ਬਦਰੂਹ ਫੂਕਣ ਦੀ ਤਿਆਰੀ ਵਿੱਚ ਲੱਗੀ ਹੈ।

7 ਨਵੰਬਰ 2025 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 'ਵੰਦੇ ਮਾਤਰਮ' ਗੀਤ ਦੀ ਰਚਨਾ ਦੇ 150 ਸਾਲ ਪੂਰੇ ਹੋ ਰਹੇ ਹਨ ਅਤੇ ਭਾਜਪਾ ਸਰਕਾਰ, ਇਸ ਸੰਬੰਧੀ ਵੱਡੇ ਪ੍ਰੋਗਰਾਮ ਉਲੀਕ ਰਹੀ ਹੈ। ਇਸ ਮੌਕੇ 'ਵੰਦੇ ਮਾਤਰਮ' ਨੂੰ ਲੈ ਕੇ ਉਨ੍ਹਾਂ ਕਾਂਗਰਸ ਤੇ ਨਹਿਰੂ ਨੂੰ ਨਿਸ਼ਾਨ ਬਣਾਇਆ। ਬਹੁਤ ਸਾਫ਼ ਹੈ ਕਿ ਅਗਲੇ ਸਾਲ ਬੰਗਾਲ ਰਾਜ ਦੀਆਂ ਚੋਣਾਂ ਵੀ ਸਿਰ ਉੱਤੇ ਹਨ। ਮੋਦੀ ਇਹ ਦਾਅਵਾ ਕਰਦਾ ਹੈ ਕਿ ਇਸ ਗੀਤ 'ਤੇ ਪ੍ਰੋਗਰਾਮਾਂ ਤਹਿਤ ਨਵੀਂ ਪੀੜ੍ਹੀ ਨੂੰ ਗੀਤ ਦੇ ਇਤਿਹਾਸ ਅਤੇ ਆਜ਼ਾਦੀ ਦੀ ਲੜਾਈ ਦੇ ਮਹੱਤਵ ਨੂੰ ਵੀ ਸਮਝਾਇਆ ਜਾਵੇਗਾ।

ਇਸ 'ਚ ਕੋਈ ਸ਼ੱਕ ਨਹੀਂ ਕਿ 'ਬੰਦੇ ਮਾਤਰਮ' ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਦੀਵਾਨਿਆਂ ਦਾ ਪ੍ਰਮੁੱਖ ਨਾਹਰਾ ਰਿਹਾ ਹੈ, ਪਰ ਇਹ ਵੀ ਹਕੀਕਤ ਹੈ ਕਿ ਜਦੋਂ 'ਵੰਦੇ ਮਾਤਰਮ' ਗੀਤ ਨੂੰ ਚੇਤੰਨ ਹਿੱਸਿਆਂ ਨੇ ਗਹੁ ਨਾਲ ਵਾਚਿਆ ਤਾਂ ਇਸ ਪ੍ਰਤੀ ਇਕ ਵਿਗਿਆਨਕ ਨਜ਼ਰੀਆ ਵੀ ਉੱਭਰ ਕੇ ਸਾਹਮਣੇ ਆਇਆ, ਬੇਸ਼ੱਕ ਇਹ ਕਮਜ਼ੋਰ ਹੀ ਕਿਉਂ ਨਹੀਂ ਸੀ।

'ਵੰਦੇ ਮਾਤਰਮ' ਬੰਕਿਮ ਚੰਦਰ ਚਟੋਪਾਧਿਆਏ ਦੇ ਇਕ ਚਰਚਿਤ ਨਾਵਲ-'ਆਨੰਦ ਮੱਠ' ਵਿੱਚ ਦਰਜ ਕੀਤਾ ਇਕ ਗੀਤ ਹੈ, ਜੋ ਪਿਛਲੇ ਪੰਨਿਆ 'ਤੇ ਅੰਕਿਤ ਹੈ। ਆਨੰਦ ਮੱਠ ਲੱਗਭੱਗ 1875 ਦੇ ਆਸ ਪਾਸ ਲਿਖਿਆ ਗਿਆ। ਪਹਿਲਾਂ ਇਹ ਮਾਰਚ ਅਪ੍ਰੈਲ 1818 ਵਿੱਚ ਇਕ ਬੰਗਾਲੀ ਪਰਚੇ ਬੰਗ ਦਰਸ਼ਨ ਵਿੱਚ ਲੜੀਵਾਰ ਛਪਿਆ। ਇਸ ਦੀਆਂ ਇਨ੍ਹਾਂ ਲਗਾਤਾਰ ਛਪੀਆ ਕਿਸ਼ਤਾਂ ਵਿੱਚ ਇਹ ਗੀਤ ਦਰਜ ਨਹੀਂ ਸੀ। ਪ੍ਰਧਾਨ ਮੰਤਰੀ ਦਾ ਇਹ ਦਾਅਵਾ ਕਿ ਇਹ 7 ਨਵੰਬਰ 1875 ਨੂੰ ਹੀ ਲਿਖਿਆ ਗਿਆ, ਨਿਰਾਧਾਰ ਹੈ, ਇਹਦੇ ਕੋਈ ਸਬੂਤ ਨਹੀਂ। ਵੰਦੇ ਮਾਤਰਮ ਗੀਤ ਦੇ ਇਤਿਹਾਸ 'ਤੇ ਖੋਜ ਕਰਕੇ ਥੀਸਜ਼ ਲਿਖਣ ਵਾਲੇ ਸਵੈਆਸਾਦੀ ਭੱਟਾਚਾਰੀਆ ਨੇ ਆਪਣੀ ਕਿਤਾਬ-'ਵੰਦੇ ਮਾਤਰਮ ਦਾ ਬਾਇਓਗ੍ਰਾਫ਼ੀ ਆਫ਼ ਦਾ ਸੌਂਗ, ਵਿੱਚ ਵੀ ਕੋਈ ਨਿਸ਼ਚਤ ਤਰੀਕ ਜਾਂ ਸਾਲ ਨਹੀਂ ਦਿੱਤਾ। ਉਨ੍ਹਾਂ ਇਸ ਨੂੰ 19ਵੀਂ ਸਦੀ ਦੇ ਅੱਠਵੇਂ ਦਹਾਕੇ ਦੀ ਰਚਨਾ ਹੀ ਲਿਖਿਆ ਹੈ। ਇਹ ਸਾਫ਼ ਹੈ ਕਿ ਇਹ ਗੀਤ 1872 ਤੋਂ ਪਿੱਛੋਂ ਹੀ ਲਿਖਿਆ ਗਿਆ, ਕਿਉਂਕਿ ਇਸ 'ਚ 1872 ਦੀ ਬੰਗਾਲ ਦੀ ਜਨਸੰਖਿਆ ਦਾ ਜ਼ਿਕਰ ਆਉਂਦਾ ਹੈ।

'ਆਨੰਦ ਮੱਠ' ਨਾਵਲ ਵਿਸ਼ੇਸ਼ ਕਰਕੇ 1770 ਦੇ ਸੰਨਿਆਸੀ ਵਿਦਰੋਹ ਦੇ ਆਧਾਰ ਨੂੰ ਬਣਾ ਕੇ ਲਿਖਿਆ ਗਿਆ ਸੀ। ਭਾਰਤ ਦਾ ਪਹਿਲਾ ਵਿਦਰੋਹ ਜੋ ਅੰਗਰੇਜ਼ ਹਾਕਮਾਂ ਵਿਰੁੱਧ ਉਠਿਆ, ਉਹ ਸੰਨਿਆ ਸੀ, ਵਿਦਰੋਹ ਹੀ ਸੀ। 1757 'ਚ ਬੰਗਾਲ ਉਹੀ ਕਬਜ਼ਾ ਕਰਨ ਪਿੱਛੋਂ, ਈਸਟ ਇੰਡੀਆ ਕੰਪਨੀ ਨੇ ਜੋ ਤਬਾਹੀ ਮਚਾਈ, ਆਰਥਿਕ ਸਰੋਤਾਂ ਦਾ ਉਜਾੜਾ ਕੀਤਾ, ਉਸ ਨੇ ਬੰਗਾਲ ਨੂੰ ਇੱਕ ਭਿਆਨਕ ਅਕਾਲ ਤ੍ਰਾਸਦੀ ਵੱਲ ਧੱਕ ਦਿੱਤਾ ਸੀ ਅਤੇ ਅਕਾਲ ਤੇ ਭੁੱਖਮਰੀ ਗ੍ਰਸਤ ਇਹ ਲੋਕ ਜੋ ਜੰਗਲਾਂ ਵਿੱਚ ਸੰਨਿਆਸੀ ਦੇ ਰੂਪ 'ਚ ਘੁੰਮ ਰਹੇ ਸਨ, ਇਸ ਵਿਦਰੋਹ ਦੇ ਵਾਹਕ ਬਣੇ। ਕਈ ਸਾਲ ਲੰਬੇ ਇਸ ਵਿਦਰੋਹ ਦਾ ਆਪਣਾ ਇਕ ਇਤਿਹਾਸ ਹੈ। ਖੈਰ ਬੰਕਿਮ ਚੰਦਰ ਨੇ 'ਆਨੰਦ ਮੱਠ' ਨਾਵਲ ਰਾਹੀਂ ਇਸ ਵਿਦਰੋਹ ਨੂੰ ਸਾਂਭਣ ਦਾ ਯਤਨ ਕੀਤਾ, ਕਿਉਂਕਿ ਉਸ ਦੌਰ ਦੇ ਵਿੱਚ ਰਹਿ ਕੇ ਗੱਲ ਕਰਨੀ ਹੋਵੇ ਤਾਂ ਬੰਕਿਮ ਚੰਦਰ ਵੀ ਆਪਣੀ ਸਮਾਜਿਕ, ਰਾਜਨੀਤਕ ਸਮਝ ਦੀ ਧਾਰਾ ਨੂੰ ਜੋ ਨਾਵਲੀ ਲਿਖਤ ਤੇ ਰਚਨਾਵਾਂ ਰਾਹੀਂ ਪ੍ਰਗਟ ਕਰਦੇ ਹਨ, ਉਸ ਤੋਂ ਉਨ੍ਹਾਂ ਦੇ 'ਹਿੰਦੂ ਪੁਨਰ ਜਾਗਰਣ' ਕਾਲ ਦੇ ਪਲੇਠੇ ਲੇਖਕ ਹੋਣਾ ਦਿਖਾਈ ਦਿੰਦਾ ਹੈ। 1857 ਤੋਂ ਲੈ ਕੇ 1900 ਤੱਕ ਦੇ ਸਮੁੱਚੇ ਵਿਦਰੋਹ ਜੋ ਅੰਗਰੇਜ਼ਾਂ ਵਿਰੁੱਧ ਉੱਠੇ, ਇਨ੍ਹਾਂ ਨੂੰ ਧਾਰਮਿਕ ਰੰਗਤ ਤੋਂ ਮੁਕਤ ਕਰਕੇ ਨਹੀਂ ਦੇਖਿਆ ਜਾ ਸਕਦਾ, ਪਰ ਨਾਲ ਹੀ ਉਸ ਦੌਰ ਵਿੱਚ ਧਰਮ ਦਾ ਮਤਲਬ ਇਨਸਾਨੀਅਤ ਤੇ ਸਮਾਜ ਪ੍ਰਤੀ ਬਣਦਾ ਆਪਣਾ ਧਰਮ (ਫਰਜ਼) ਸੀ, ਇਨ੍ਹਾਂ 'ਚ ਧਾਰਮਿਕ ਕੱਟੜਤਾ ਵਰਗੀ ਕੋਈ ਚੀਜ਼ ਨਹੀਂ ਸੀ। ਇਹ ਧਾਰਮਿਕ ਕੱਟੜਤਾ ਦੀ ਪਿਉਂਦ ਕਿਉਂ ਤੇ ਕਿਵੇਂ ਲੱਗੀ, ਇਹ ਅਲੱਗ ਵਿਸ਼ਾ ਹੈ।

ਇਸ ਗੀਤ ਦੀ ਪ੍ਰੇਰਨਾਦਾਇਕ ਭੂਮਿਕਾ ਪਹਿਲਾਂ ਵਿਸ਼ੇਸ਼ ਕਰਕੇ ਬੰਗਾਲੀਆਂ ਤੇ ਫਿਰ ਭਾਰਤ ਦੇ ਇਨਕਲਾਬੀਆਂ ਵਿੱਚ ਵੀ ਰਹੀ ਅਤੇ ਕਾਂਗਰਸ ਨੇ ਵੀ ਇਸ ਨੂੰ ਇਵੇਂ ਹੀ ਅਪਣਾਇਆ 1896 ਵਿੱਚ ਪਹਿਲੀ ਵਾਰ ਕਾਂਗਰਸ ਦੇ ਇਕ ਵੱਡੇ ਸਮਾਗਮ ਵਿੱਚ ਇਸ ਗੀਤ ਨੂੰ ਰਾਬਿੰਦਰ ਨਾਥ ਟੈਗੋਰ ਨੇ ਹੀ ਗਾਇਆ ਸੀ। ਵੰਦੇ ਮਾਤਰਮ ਨੂੰ ਵਧੇਰੇ ਹਰਮਨ-ਪਿਆਰਤਾ 1905 ਵਿੱਚ ਬੰਗਾਲ ਦੀ ਵੰਡ ਪਿੱਛੋਂ ਉੱਠੇ ਬੰਗ ਭੰਗੀ ਅੰਦੋਲਨ ਵਿੱਚ ਮਿਲੀ। ਇਸ ਸਮੇਂ ਦੋ ਗੀਤ ਪ੍ਰਚਲਤ ਸਨ ਇਕ 'ਵੰਦੇ ਮਾਤਰਮ', ਦੂਸਰਾ ਟੈਗੋਰ ਦਾ 'ਆਮਾਰ ਸਨਾਰ ਬੰਗਲਾ'। ਹਾਲਾਂਕਿ ਭਾਜਪਾ ਨੇ ਇਸ ਦੂਸਰੇ ਗੀਤ ਦੀ ਕਦੇ ਚਰਚਾ ਨਹੀਂ ਕੀਤੀ, ਕਿਉਂਕਿ ਇਹ ਗੀਤ ਹੁਣ ਬੰਗਲਾਦੇਸ਼ ਦਾ ਰਾਸ਼ਟਰਗਾਨ ਹੈ ਅਤੇ ਭਾਜਪਾ ਦੀ ਫਿਰਕਾਪ੍ਰਸਤ ਨੀਤੀ ਦੇ ਸਾਂਚੇ ਵਿੱਚ ਇਹ ਫਿੱਟ ਨਹੀਂ ਆਉਂਦਾ। ਹਾਲਾਂਕਿ ਇਹ ਦੋਵੇਂ ਗੀਤ ਉਸ ਸਮੇਂ ਜਿਸ ਖੇਤਰ ਵਿੱਚ ਪ੍ਰਚੱਲਤ ਸਨ, ਅੱਜ ਉਹ ਬੰਗਾਲ, ਬੰਗਲਾਦੇਸ਼, ਉੜੀਸਾ ਵਿੱਚ ਵੰਡਿਆ ਹੋਇਆ ਹੈ।

'ਵੰਦੇ ਮਾਤਰਮ' ਉਸ ਦੌਰ ਦੀ ਰਚਨਾ ਹੈ, ਜਦੋਂ ਭਾਰਤ ਦੀ ਆਜ਼ਾਦੀ ਦਾ ਅੰਦੋਲਨ ਕੌਮੀ ਮਾਨਤਾ ਤੇ ਧਰਮ ਦੇ ਘਾਲੇ ਮਾਲੇ ਦਾ ਦੌਰ ਸੀ। ਇਸ ਮੌਕੇ ਧਰਮ ਨਿਰਪੱਖਤਾ ਦਾ ਪੱਖ ਬੇਹੱਦ ਕਮਜ਼ੋਰ ਸੀ। ਦਰਅਸਲ ਅਜੋਕੀ ਧਰਮ ਨਿਰਪੱਖਤਾ ਵਾਲਾ ਨਜ਼ਰੀਆ ਬਹੁਤ ਪਿੱਛੋਂ ਆਜ਼ਾਦੀ ਦੇ ਅੰਦੋਲਨ ਵਿੱਚ ਪ੍ਰਵੇਸ਼ ਕੀਤਾ। ਇਸ ਕਮਜ਼ੋਰੀ ਦਾ ਖਮਿਆਜ਼ਾ ਆਜ਼ਾਦੀ ਦੇ ਅੰਦੋਲਨ ਤੋਂ ਪਹਿਲਾਂ ਤੇ ਪਿੱਛੋਂ ਲਗਾਤਾਰ ਚੱਲਣ ਵਾਲੇ ਫਿਰਕੂ ਦੰਗਿਆਂ ਦੇ ਰੂਪ ਵਿੱਚ ਭੁਗਤਣਾ ਵੀ ਪਿਆ। ਹਿੰਦੂ ਮਹਾਂ ਸਭਾ, ਰਾਸ਼ਟਰੀ ਸੋਇਮ ਸੇਵਕ ਸੰਘ, ਮੁਸਲਿਮ ਲੀਗ ਤੇ ਅਖੀਰ ਵਿੱਚ ਦੇਸ਼ ਦੀ ਧਰਮ ਦੇ ਆਧਾਰਤ ਵੰਡ ਤੇ ਪਿੱਛੋਂ ਅਲੱਗ ਹੋਏ ਭਾਰਤੀ ਸਮਾਜ ਵਿੱਚ ਇਸ ਪੀੜਦਾਇਕ ਕੈਂਸਰ ਦੀ ਗ੍ਰਿਫ਼ਤ ਲਗਾਤਾਰ ਚੱਲਦੀ ਆ ਰਹੀ ਹੈ। 1857 ਦੀ ਪਹਿਲੀ ਆਜ਼ਾਦੀ ਦੀ ਲੜਾਈ ਵਿੱਚ ਵੀ ਧਰਮ ਇੱਕ ਮਹੱਤਵਪੂਰਨ ਪ੍ਰਸ਼ਨ ਸੀ, ਬੇਸ਼ੱਕ ਇਹ ਲੜਾਈ ਸਾਂਝੇ ਤੌਰ 'ਤੇ ਵੀ ਲੜੀ ਗਈ ਅਤੇ ਅੰਗਰੇਜ਼ਾਂ ਨੇ ਇਕ-ਦੂਸਰੇ ਨੂੰ ਭੜਕਾਅ ਕੇ ਆਪਣੇ ਮੁਫਾਦ ਲਈ ਇਸ ਦੀ ਵਰਤੋਂ ਵੀ ਕੀਤੀ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਵੀ ਪਹਿਲੇ ਦੋ ਦਹਾਕਿਆਂ ਦੇ ਕੌਮੀ ਇਨਕਲਾਬੀਆਂ-ਯੁਗਾਂਤਰ ਤੇ ਅਨੁਸ਼ੀਲਨ ਸੰਮਤੀ ਆਦਿ ਦੇ ਲੋਕ ਵੀ ਧਾਰਮਿਕ ਪ੍ਰਤੀਕਾਂ ਜਿਨ੍ਹਾਂ 'ਚ ਕਾਲੀ ਮਾਂ ਦੀ ਪੂਜਾ, ਲਹੂ ਦੇ ਟਿੱਕੇ ਲਾਉਣਾ, ਪਵਿੱਤਰ ਨਦੀਆਂ 'ਚ ਇਸ਼ਨਾਨ ਕਰਨ ਦੇ ਨਾਲ-ਨਾਲ ਧਰਤੀ ਮਾਤਾ ਲਈ ਖੂਨ ਜਾਂ ਬਲੀ ਦੇਣ ਆਦਿ ਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਸਨ। ਦੇਸ਼ ਦੀ ਸਭ ਤੋਂ ਪ੍ਰਮੁੱਖ ਪਾਰਟੀ ਕਾਂਗਰਸ ਵੀ ਹਿੰਦੂ ਮਾਨਸਿਕਤਾ ਵਿੱਚ ਬੁਰੀ ਤਰ੍ਹਾਂ ਗ੍ਰਸਤ ਸੀ। ਨਹਿਰੂ ਦੇ ਰੂਪ ਵਿੱਚ ਬਹੁਤ ਛੋਟੇ ਜਿਹੇ ਹਿੱਸੇ ਹੀ ਸਨ, ਜਿਨ੍ਹਾਂ 'ਤੇ ਪੱਛਮੀ ਵਿੱਦਿਆ ਦਾ ਪ੍ਰਭਾਵ ਸੀ ਅਤੇ ਧਰਮ ਨਿਰਪੱਖਤਾ ਦੇ ਹਮਾਇਤੀ ਤੇ ਪ੍ਰਚਾਰਕ ਸਨ। ਖੁਦ ਗਾਂਧੀ ਜਿਹੜੇ ਬੇਸ਼ੱਕ ਧਾਰਮਿਕ ਕੱਟੜਵਾਦਤਾ ਵਿੱਚ ਸੰਘ ਵਾਂਗੂੰ ਬੇਸ਼ੱਕ ਗ੍ਰਸਤ ਨਹੀਂ ਸਨ, ਪਰ ਹਿੰਦੂ ਧਰਮ ਦੀ ਮਹਿਮਾ ਦਾ ਗੁਣਗਾਨ ਕਰਦੇ ਰਹਿੰਦੇ ਸਨ। ਉਨ੍ਹਾਂ ਦੀਆਂ ਲਿਖਤਾਂ ਇਹ ਸਪੱਸ਼ਟ ਕਰਦੀਆਂ ਹਨ। ਗੋਬਿੰਦ ਵੱਲਭ ਪੰਤ, ਰਾਜਗੋਪਾਲਾਚਾਰੀ, ਕੇ ਐੱਮ ਮੁਨਸ਼ੀ, ਰਾਜਿੰਦਰ ਪ੍ਰਸ਼ਾਦ, ਪਟੇਲ ਆਦਿ ਸਾਰੇ ਹਿੰਦੂ-ਮੁਸਲਮ ਸੁਆਲ ਦੇ ਮਾਮਲਿਆਂ ਵਿੱਚ ਹਿੰਦੂ ਮਹਾਂ ਸਭਾ ਦੇ ਵਿਚਾਰਾਂ ਦੇ ਨੇੜੇ ਜਾ ਢੁੱਕਦੇ ਸਨ।

ਸੰਖੇਪ ਵਿੱਚ ਇਸ ਨੂੰ ਸਮਝੇ ਬਿਨਾ 'ਵੰਦੇ ਮਾਤਰਮ' ਦੇ ਵਿਵਾਦ ਨੂੰ ਸਮਝਣਾ ਮੁਸ਼ਕਲ ਹੈ। ਦਰਅਸਲ ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿੱਚ ਜਦੋਂ ਹਿੰਦੂ-ਮੁਸਲਮ ਫਿਰਕੂ ਰਾਜਨੀਤੀ ਆਪਣੇ ਅਸਲੀ ਰੂਪ ਵਿੱਚ ਸਾਹਮਣੇ ਆ ਚੁੱਕੀ ਸੀ, ਉਸ ਸਮੇਂ ਇਹਦੇ ਵਿਵਾਦ ਦਾ ਮੁੱਢ ਬੱਝਦਾ ਹੈ। ਹਾਲਾਂਕਿ 1905 ਦੇ ਬੰਗਾਲ ਵੰਡ ਵਿਰੋਧੀ ਅੰਦੋਲਨ ਸਮੇਂ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਸ ਅੰਦੋਲਨ ਸਮੇਂ ਬਰਿਸਾਲ ਖੇਤਰ (ਅੱਜਕੱਲ੍ਹ ਬੰਗਲਾਦੇਸ਼) ਖੇਤਰ ਵਿੱਚ ਅੰਦੋਲਨਕਾਰੀ ਜਦੋਂ ਇਕ ਮਸਜਿਦ ਅੱਗੋਂ ਦੀ ਜਲੂਸ ਦੇ ਰੂਪ ਵਿੱਚ ਲੰਘ ਰਹੇ ਸਨ ਤੇ ਨਾਹਰੇ ਲਾ ਰਹੇ ਸਨ ਤਾਂ ਉਸੇ ਸਮੇਂ ਮਸਜਿਦ ਅੰਦਰ ਮੁਸਲਮਾਨ ਨਮਾਜ਼ ਅਦਾ ਕਰਨ ਲਈ ਇਕੱਠੇ ਹੋਏ ਸਨ। ਉਹ ਆਪਣੀ ਨਮਾਜ਼ ਪੜ੍ਹ ਰਹੇ ਸਨ, ਅੰਦੋਲਨਕਾਰੀਆਂ ਨੇ ਬਾਹਰ ਬੰਦੇ ਮਾਤਰਮ ਗੀਤ ਗਾਉਣਾ ਸ਼ੁਰੂ ਕਰ ਦਿੱਤਾ। ਉਧਰੋਂ ਵੀ ਧਾਰਮਿਕ ਨਾਹਰੇ ਲੱਗਣ ਲੱਗੇ। ਇਹ ਤਨਾਅ ਪਿੱਛੋਂ ਬਰਤਾਨਵੀ ਹਾਕਮਾਂ ਨੇ ਜਿਹੜੀ ਇਸ ਘਟਨਾ ਨਾਲ ਜਾਂਚ ਰਿਪੋਰਟ ਜਾਰੀ ਕੀਤੀ, ਉਸ ਵਿੱਚ ਇਹ ਨੋਟ ਕੀਤਾ ਕਿ "ਵੰਦੇ ਮਾਤਰਮ" ਗੀਤ ਦੀ ਵਰਤੋਂ ਅੰਦੋਲਨਕਾਰੀ ਫਿਰਕੂ ਤਨਾਅ ਪੈਦਾ ਕਰਨ ਲਈ ਕਰ ਰਹੇ ਹਨ। ਪਹਿਲਾਂ ਇਹ ਅਜਿਹਾ ਮੁੱਦਾ ਨਹੀਂ ਸੀ ਬਣਿਆ।

ਇਸ ਪਿੱਛੋਂ ਜਿਵੇਂ ਹੀ ਇਹ ਗੀਤ ਗਾਇਆ ਜਾਣ ਲੱਗਾ, ਮੁਸਲਮਾਨਾਂ ਦੇ ਇਕ ਹਿੱਸੇ ਵਿੱਚ ਇਸ 'ਤੇ ਇਤਰਾਜ਼ ਆਉਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਨੂੰ ਇਹ ਰੜਕਣ ਲੱਗਾ। ਦੂਸਰੇ ਪਾਸੇ ਕੱਟੜ ਫਿਰਕਾਪ੍ਰਸਤ ਹਿੰਦੂ ਤੱਤ, 'ਵੰਦੇ ਮਾਤਰਮ' ਗੀਤ ਨੂੰ ਮੁਸਲਮਾਨਾਂ ਦੀ ਦੇਸ਼ ਭਗਤੀ ਦੀ ਪ੍ਰੀਖਿਆ ਲੈਣ ਲਈ ਇਕ ਹਥਿਆਰ ਵਜੋਂ ਜ਼ੋਰ ਦੇਣ ਲੱਗੇ। ਇਸ ਨੇ ਇਕ ਬੇਮਤਲਬ ਵਿਵਾਦ ਨੂੰ ਜਨਮ ਦੇਣਾ ਸ਼ੁਰੂ ਕੀਤਾ। ਇਹ ਵਿਵਾਦ ਨਾ ਬਣਦਾ ਤਾਂ ਬਰਤਾਨਵੀ ਹਾਕਮਾਂ ਖ਼ਿਲਾਫ਼ ਆਜ਼ਾਦੀ ਦਾ ਅੰਦੋਲਨ ਇਕ ਮਜ਼ਬੂਤ ਦੀਵਾਰ ਬਣਨਾ ਸੀ, ਜਿਸ ਵਿੱਚ ਧਰਮ ਨਿਰਪੱਖਤਾ ਭਾਰੂ ਰਹਿਣੀ ਸੀ।

1937 ਵਿੱਚ ਜਦੋਂ ਪ੍ਰਾਂਤਕ ਅਸੈਂਬਲੀਆਂ ਦੇ ਗਠਨ ਪਿੱਛੋਂ ਚੋਣਾਂ ਹੋਈਆਂ ਤਾਂ 'ਵੰਦੇ ਮਾਤਰਮ' ਨੂੰ ਲੈ ਕੇ ਵਿਵਾਦ ਹੋਰ ਵਧ ਗਿਆ। ਪਹਿਲੀ ਵਾਰ ਇਨ੍ਹਾਂ ਅਸੈਂਬਲੀਆਂ ਵਿੱਚ ਭਾਰਤੀਆਂ ਨੂੰ ਹਿੱਸੇਦਾਰੀ ਮਿਲੀ ਸੀ। ਇਸ ਸਮੇਂ ਇਨ੍ਹਾਂ ਅਸੈਂਬਲੀਆਂ ਵਿੱਚ ਕਿਸੇ ਰਾਸ਼ਟਰੀ ਗੀਤ ਦੀ ਲੋੜ ਪਈ ਤਾਂ 'ਵੰਦੇ ਮਾਤਰਮ' ਦੀ ਹਰਮਨ-ਪਿਆਰਤਾ ਕਰਕੇ ਇਸ ਨੂੰ ਚੁਣਿਆ ਗਿਆ। ਇਸ 'ਤੇ ਮੁਸਲਿਮ ਮੈਂਬਰਾਂ ਨੇ ਇਤਰਾਜ਼ ਰੱਖਣਾ ਸ਼ੁਰੂ ਕੀਤਾ। ਮੁਸਲਿਮ ਲੀਗ ਦੇ ਆਗੂ ਮੁਹੰਮਦ ਅਲੀ ਜਿਨਾਹ ਨੇ 'ਵੰਦੇ ਮਾਤਰਮ' ਦੇ ਰਾਹੀਂ ਕਾਂਗਰਸ 'ਤੇ ਘੱਟ ਗਿਣਤੀ ਮੁਸਲਮਾਨਾਂ ਉਤੇ ਬਹੁਗਿਣਤੀ ਦਾ ਏਜੰਡਾ ਥੋਪਣ ਦਾ ਦੋਸ਼ ਲਾਇਆ। ਇਸ ਨਾਲ ਜਿਨਾਹ ਨੂੰ ਮੌਕਾ ਮਿਲ ਗਿਆ ਕਿ ਉਹ ਆਪਣੇ ਪਾਕਿਸਤਾਨ ਦੇ ਏਜੰਡੇ ਲਈ ਮਜ਼ਬੂਤ ਮੁਸਲਿਮ ਪੱਖ ਦੀ ਕਤਾਰਬੰਦੀ ਕਰਾਵੇ। ਉਹਨੇ ਇਹ ਪ੍ਰਚਾਰਿਆ ਕਿ ਜੇ ਪਾਕਿਸਤਾਨ ਨਾ ਮਿਲਿਆ ਤਾਂ ਕਾਂਗਰਸ ਆਪਣਾ ਬਹੁਗਿਣਤੀ ਵਾਲਾ ਏਜੰਡਾ ਮੁਸਲਮਾਨਾਂ ਉਤੇ ਥੋਪੇਗੀ। ਆਖਿਰ ਨਹਿਰੂ ਦੀ ਅਗਵਾਈ 'ਚ ਇਕ ਕਮੇਟੀ ਬਣੀ ਤੇ ਇਸ ਕਮੇਟੀ ਨੇ 'ਵੰਦੇ ਮਾਤਰਮ' ਗੀਤ ਨੂੰ ਮੁੜ ਵਾਚਿਆ। ਫੈਸਲਾ ਲੈਣਾ ਸੀ ਕਿ ਇਸ ਗੀਤ ਦੀ ਆਮ ਸਮਾਗਮਾਂ ਉਤੇ ਵਰਤੋਂ ਕਿਵੇਂ ਕੀਤੀ ਜਾਵੇ। ਨਹਿਰੂ ਇਸ ਗੀਤ ਦੀ ਇਤਿਹਾਸਕ ਭੂਮਿਕਾ, ਧਰਮ ਨਿਰਪੱਖਤਾ ਦੀ ਕਸਵੱਟੀ ਉਤੇ ਇਸ ਦੀਆਂ ਸੀਮਤਾਈਆਂ, ਆਧੁਨਿਕ ਯੁੱਗ ਦੀਆਂ ਲੋੜਾਂ ਆਦਿ ਨੂੰ ਧਿਆਨ 'ਚ ਰੱਖਦੇ ਕੋਈ ਠੋਸ ਫੈਸਲਾ ਲੈ ਕੇ ਇਸ ਵਿਵਾਦ ਦਾ ਸਥਾਈ ਹੱਲ ਕੱਢ ਸਕਦੇ ਸਨ, ਪਰ ਉਹਨਾ ਵਿੱਚ-ਵਿਚਾਲੇ ਵਾਲਾ ਰਾਹ ਅਪਣਾਇਆ। ਉਸ ਦੀ ਅਗਵਾਈ ਵਾਲੀ ਕਮੇਟੀ ਨੇ ਸੁਝਾਅ ਦਿੱਤਾ ਕਿ ਇਹਦੇ 6 ਬੰਦੇ ਵਿੱਚੋਂ ਪਹਿਲੇ ਦੋ ਦੀ ਹੀ ਵਰਤੋਂ ਕੀਤੀ ਜਾਵੇ, ਬਾਕੀ ਨੂੰ ਛੱਡ ਦਿੱਤਾ ਜਾਵੇ।

1937 ਵਾਲੀ ਗਲਤੀ ਹੀ 1950 ਵਿੱਚ ਦੁਹਰਾਈ ਗਈ ਜਦੋਂ 'ਜਨ ਗਨ ਮਨ' ਨੂੰ ਤਾਂ ਰਾਸ਼ਟਰੀ ਗਨ ਦੇ ਤੌਰ 'ਤੇ ਪ੍ਰਵਾਨ ਕਰ ਲਿਆ ਗਿਆ ਅਤੇ 'ਵੰਦੇ ਮਾਤਰਮ' ਨੂੰ ਰਾਸ਼ਟਰੀ ਗੀਤ ਦੇ ਤੌਰ 'ਤੇ ਰੱਖ ਲਿਆ ਗਿਆ। ਆਮ ਸਮਾਗਮਾਂ ਵਿੱਚ ਰਾਸ਼ਟਰੀ ਗਾਨ ਨੂੰ ਜੋ ਮਾਨਤਾ ਤੇ ਪ੍ਰਤੀਬੱਧਤਾ ਸੀ, ਉਹ ਰਾਸ਼ਟਰੀ ਗੀਤ ਲਈ ਨਹੀਂ ਸੀ। ਇਹ ਫੈਸਲਾ ਅਯੋਜਕਾਂ ਉਤੇ ਛੱਡ ਦਿੱਤਾ ਗਿਆ ਅਤੇ ਇਕ ਵਾਰ ਇਸ ਗੀਤ ਬਾਰੇ ਵਿਵਾਦ ਪਿੱਛੇ ਪੈ ਗਿਆ।

ਪਰ ਭਾਜਪਾ ਤੇ ਸੰਘ ਨੇ ਇਸ ਗੀਤ ਦੇ ਮੁੱਦੇ ਨੂੰ ਕਦੇ ਵੀ ਵਿਸਾਰਿਆ ਨਹੀਂ। ਪਹਿਲਾਂ ਤਾਂ ਸੰਘ ਨੇ ਲੰਮਾ ਸਮਾਂ ਇਹ ਝੂਠਾ ਪ੍ਰਚਾਰ ਕੀਤਾ ਕਿ ਰਾਬਿੰਦਰ ਨਾਥ ਟੈਗੋਰ ਨੇ 'ਜਨ ਗਨ ਮਨ' ਨੇ ਜਾਰਜ ਪੰਚਮ ਦੀ ਉਸਤਤ ਤੇ ਸਵਾਗਤ ਵਿੱਚ ਲਿਖਿਆ ਸੀ। ਇਉਂ ਉਨ੍ਹਾਂ ਰਾਸ਼ਟਰ ਗਾਨ ਨੂੰ ਬਦਨਾਮ ਕੀਤਾ। ਭਾਜਪਾ ਤੇ ਸੰਘ ਦੇ ਪ੍ਰੋਗਰਾਮਾਂ ਵਿੱਚ ਰਾਸ਼ਟਰ ਗਾਨ ਕਦੇ ਵੀ ਨਹੀਂ ਗਾਇਆ ਗਿਆ। ਸੰਘ ਤੇ ਭਾਜਪਾ ਨੇ ਵੰਦੇ ਮਾਤਰਮ ਨੂੰ ਹੀ ਸਭ ਤੋਂ ਉਪਰ ਰੱਖਿਆ। ਵਿੱਦਿਆ ਭਾਰਤੀ ਸਕੂਲਾਂ ਵਿੱਚ ਬੰਦੇ ਮਾਤਰਮ ਨੂੰ ਹੀ ਤਰਜੀਹ ਦਿੱਤੀ ਜਾਂਦੀ ਰਹੀ ਹੈ। ਸਵੇਰ ਦੀ ਪ੍ਰਾਰਥਨਾ ਸਭਾ 'ਚ ਬੰਦੇ ਮਾਤਰਮ ਹੀ ਗਾਇਆ ਜਾਂਦਾ ਸੀ।

ਮਾਮਲਾ ਫਿਰ ਉਦੋਂ ਉੱਭਰਿਆ, ਜਦੋਂ 1998 ਵਿੱਚ ਕੇਂਦਰ ਵਿੱਚ ਵਾਜਪਾਈ ਦੀ ਅਗਵਾਈ ਹੇਠ ਸਰਕਾਰ ਬਣੀ। ਉੱਤਰ ਪ੍ਰਦੇਸ਼ ਵਿੱਚ ਰਾਜਨਾਥ ਸਿੰਘ ਮੁੱਖ ਮੰਤਰੀ ਸਨ। ਉਨ੍ਹਾਂ ਉੱਤਰ ਪ੍ਰਦੇਸ਼ ਦੇ ਸਕੂਲਾਂ ਵਿੱਚ ਬੰਦੇ ਮਾਤਰਮ ਗੀਤ ਨੂੰ ਪ੍ਰਾਰਥਨਾ ਸਭਾ ਵਿੱਚ ਗਾਉਣ ਦੇ ਲਿਖਤੀ ਆਦੇਸ਼ ਸਕੂਲਾਂ ਨੂੰ ਜਾਰੀ ਕੀਤੇ। ਇਸ 'ਤੇ ਮੁਸਲਿਮ ਪਰਸਨਲ ਲਾਅ ਬੋਰਡ ਨੇ ਆਪਣੀ ਸ਼ਿਕਾਇਤ ਦਰਜ ਕਰਵਾਈ। ਜਦੋਂ ਪ੍ਰਧਾਨ ਮੰਤਰੀ ਵਾਜਪਾਈ ਲਖਨਊ ਆਏ ਤਾਂ ਸੁਆਲ ਪੁੱਛਿਆ ਗਿਆ, ਤਾਂ ਉਹਨੇ 'ਜਾਣਕਾਰੀ ਨਾ ਹੋਣ' ਦਾ ਬਹਾਨਾ ਲਾ ਕੇ ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ਼ਾਰਾ ਕਰ ਦਿੱਤਾ ਅਤੇ ਰਾਜ ਸਰਕਾਰ ਇਕ ਵਾਰ ਚੁੱਪ ਚੁਪੀਤੇ ਪਿੱਛੇ ਹਟ ਗਈ। ਇਹ ਆਦੇਸ਼ ਠੰਢੇ ਬਸਤੇ ਵਿੱਚ ਚਲਾ ਗਿਆ।

ਹੁਣ ਮੋਦੀ ਸਰਕਾਰ ਵਾਜਪਾਈ ਸਰਕਾਰ ਨਾਲੋਂ ਕਿਤੇ ਵੱਧ ਤਾਕਤਵਰ ਹੈ ਤੇ ਤਾਨਾਸ਼ਾਹ ਹੈ, ਉਹਦੇ ਸਾਹਮਣੇ ਕੋਈ ਮਜਬੂਰੀ ਨਹੀਂ ਹੈ। ਉਹ 2014 ਤੋਂ ਪਿੱਛੋਂ ਫਿਰਕਾਪ੍ਰਸਤ ਏਜੰਡਿਆਂ ਉੱਤੇ ਖੁੱਲ੍ਹ ਕੇ ਖੇਡ ਰਹੀ ਹੈ ਅਤੇ ਮੁਸਲਮਾਨ ਵੀ ਇਕ ਤਰ੍ਹਾਂ ਨਾਲ ਕਮਜ਼ੋਰ ਤੇ ਪਿੱਛੇ ਹਟ ਚੁੱਕੇ ਹਨ। ਧਰਮ ਨਿਰਪੱਖ ਤਾਕਤਾਂ ਵੀ ਹਾਸ਼ੀਏ ਉਤੇ ਹਨ। ਅਜਿਹੇ ਸਮੇਂ ਭਾਜਪਾ 'ਵੰਦੇ ਮਾਤਰਮ' ਰਾਹੀਂ ਫਿਰਕਾਪ੍ਰਸਤ ਏਜੰਡੇ ਦੀ ਰਾਜਨੀਤੀ ਨੂੰ ਹੋਰ ਅੱਗੇ ਵਧਾਉਣਾ ਚਾਹੁੰਦੀ ਹੈ। ਸੰਘ ਤੇ ਭਾਜਪਾ ਇਹ ਜਾਣਦੇ ਹਨ ਕਿ ਧਾਰਮਿਕ ਬਿੰਬਾਂ ਅਤੇ ਪੇਸ਼ਕਾਰੀ ਦੇ ਰਾਹੀਂ 'ਵੰਦੇ ਮਾਤਰਮ' ਗੀਤ ਦਾ ਹਥਿਆਰ ਇਕ ਤਰ੍ਹਾਂ ਨਾਲ ਮੁਸਲਮਾਨਾਂ ਵਿੱਚ ਅਸਹਿਜਤਾ ਪੈਦਾ ਕਰੇਗਾ। ਇਹ ਮਹੌਲ ਤਿਆਰ ਕਰਨਾ ਹੀ ਸੰਘੀ ਏਜੰਡਾ ਹੈ।

ਇਸ 'ਚ ਕੋਈ ਸ਼ੱਕ ਨਹੀਂ ਕਿ 'ਵੰਦੇ ਮਾਤਰਮ' ਗੀਤ ਨੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਆਮ ਲੋਕਾਈ ਨੂੰ ਖਿੱਚਣ ਲਈ ਪ੍ਰੇਰਿਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ, ਪਰ ਇਹ ਧਿਆਨ ਦੇਣ ਯੋਗ ਹੈ ਕਿ ਪ੍ਰੇਰਨਾ ਇਕ ਸਾਪੇਖਿਕ ਭਾਵ ਹੈ। ਇਨ੍ਹਾਂ ਭਾਵਾਂ ਦੀਆਂ ਅਲੱਗ-ਅਲੱਗ ਹਾਲਤਾਂ ਅਤੇ ਵਿਚਾਰਕ ਪਿਛੋਕੜ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਕਿਸੇ ਵਿਅਕਤੀ, ਸਮੂਹ ਜਾਂ ਦੇਸ਼ ਦੇ ਅੱਗੇ ਵਧਣ ਲਈ ਜਿਹੜੀ ਪ੍ਰੇਰਨਾ ਇਕ ਸਮੇਂ ਰਹੀ ਹੋਵੇ, ਉਹ ਅਗਲੇ 100 ਸਾਲ ਵੀ ਚੱਲਦੀ ਰਹੇ। ਭਾਜਪਾ ਤੇ ਸੰਘ ਜਿਹੜੇ ਸਮਾਜ ਨੂੰ ਪਿਛਾਂਹ ਵੱਲ ਲਿਜਾਣ ਉਤੇ ਤੁਲੇ ਹੋਏ ਹਨ, ਉਨ੍ਹਾਂ ਲਈ ਇਹ ਪ੍ਰਤੀਕ ਸਿਰਫ਼ ਫਿਰਕਾਪ੍ਰਸਤ ਨਫ਼ਰਤ ਦੀ ਜ਼ਮੀਨ ਤਿਆਰ ਕਰਨ ਲਈ ਹੀ ਵਰਤੇ ਜਾ ਰਹੇ ਹਨ। ਇਹੀ ਕਾਰਨ ਕਿ ਉਹ ਇਨ੍ਹਾਂ ਪੁਰਾਣੇ ਵਿਵਾਦਾਂ ਨੂੰ ਵਾਰ-ਵਾਰ ਹਵਾ ਦੇ ਕੇ ਆਪਣੀ ਨਫ਼ਰਤ ਦੀ ਰਾਜਨੀਤੀ ਨੂੰ ਅੱਗੇ ਵਧਾਉਣ ਦੇ ਆਹਰ 'ਚ ਲੱਗੇ ਹੋਏ ਹਨ।

# ਸੰਪਰਕ : 93544-30211

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਹੈੱਡਮਾਸਟਰ ਦਿਆਲ ਸਿੰਘ ਗੋਸਲ ਤੇ ਮਾਤਾ ਨਸੀਬ ਕੌਰ ਨੂੰ ਚੇਤੇ ਕਰਦਿਆਂ

**ਹਰਨੇਕ ਸਿੰਘ ਮਾਵੀ**



ਹੈੱਡਮਾਸਟਰ ਦਿਆਲ ਸਿੰਘ ਗੋਸਲ ਦਾ ਦਿਹਾਂਤ ਕੈਨੇਡਾ ਵਿਖੇ ਹੋ ਗਿਆ ਸੀ । ਉਹਨਾ ਦੀ ਧਰਮ ਪਤਨੀ ਸਰਦਾਰਨੀ ਨਸੀਬ ਕੌਰ ਵੀ ਕੈਨੇਡਾ ਵਿਖੇ ਹੀ ਸਦੀਵੀ ਵਿਛੋੜਾ ਦੇ ਗਏ ਸਨ। ਅੰਤਮ ਰਸਮਾਂ ਪਰਵਾਰ ਨੇ ਕੈਨੇਡਾ ਵਿਖੇ ਹੀ ਕਰ ਦਿੱਤੀਆਂ ਸਨ। ਇਧਰਲੇ ਸਨੇਹੀਆਂ ਲਈ ਸ਼ਰਧਾਂਜਲੀ ਸਮਾਗਮ ਉਹਨਾਂ ਦੇ ਪਿੰਡ ਗੋਸਲਾਂ, ਜ਼ਿਲ੍ਹਾ ਮੋਹਾਲੀ ਵਿਖੇ ਕੀਤਾ ਗਿਆ। ਉੱਚੇ-ਲੰਮੇ ਮਜ਼ਬੂਤ ਹੱਡ-ਮਾਸ ਵਾਲੇ ਸਰੀਰ ਦੇ ਮਾਲਕ ਹੈੱਡਮਾਸਟਰ ਦਿਆਲ ਸਿੰਘ ਨੇ 99 ਸਾਲ ਦੀ ਲੰਮੀ ਉਮਰ ਭੋਗ ਕੇ ਆਪਣੇ ਜਾਣਕਾਰਾਂ ਦੇ ਵੱਡੇ ਸਮੂਹ ਨੂੰ ਸਦੀਵੀ ਵਿਛੋੜਾ ਦਿੱਤਾ ।

ਆਪ ਨੇ ਬੀ ਏ ਹਿਸਾਬ ਦੇ ਵਿਸ਼ੇ ਨਾਲ ਸਿੱਖ ਨੈਸ਼ਨਲ ਕਾਲਜ ਲਾਹੌਰ ਤੋਂ ਕੀਤੀ, ਕਿਉਂਕਿ ਇਹ ਕਾਲਜ ਆਜ਼ਾਦੀ ਘੁਲਾਟੀਆਂ ਅਤੇ ਇਨਕਲਾਬੀਆਂ ਦਾ ਕੇਂਦਰ ਸੀ, ਇਸ ਲਈ ਹੈਡਮਾਸਟਰ ਦਿਆਲ ਸਿੰਘ ਮਾਰਕਸਵਾਦ ਨਾਲ ਨੇੜੇ ਦਾ ਲਗਾਓ ਲਾਹੌਰ ਤੋਂ ਹੀ ਲੈ ਕੇ ਆਏ ਅਤੇ ਜੀਵਨ ਦੇ ਆਖਰੀ ਸਾਹ ਤੱਕ ਅਡੋਲ ਇਸ ਨਾਲ ਜੁੜੇ ਰਹੇ । ਐੱਮ ਏ ਮੈਥਮੈਟਿਕਸ ਕਰਨ ਉਪਰੰਤ ਬਤੌਰ ਮੈਥਮੈਟਿਕਸ ਮਾਸਟਰ ਨਿਯੁਕਤ ਹੋਏ। ਜਲਦੀ ਹੀ ਮੁੱਖ ਅਧਿਆਪਕ ਪ੍ਰਮੋਟ ਹੋ ਕੇ 10 ਸਾਲ ਖਿਜ਼ਰਾਬਾਦ ਅਤੇ ਆਖਰੀ 6-7 ਸਾਲ ਕਿਸ਼ਨਪੁਰੇ ਲਗਾ ਕੇ 1984 ਵਿੱਚ ਸੇਵਾ-ਮੁਕਤ ਹੋਏ।

ਹੈੱਡਮਾਸਟਰ ਦਿਆਲ ਸਿੰਘ ਦਾ ਸਾਰਾ ਪਰਵਾਰ ਕੈਨੇਡਾ ਵਿੱਚ ਹੈ। ਆਪ ਜੀ ਦੇ ਤਿੰਨ ਪੁੱਤਰਾਂ ਤੇ ਪੋਤਰਿਆਂ ਨੇ ਵੀ ਮੈਥਮੈਟਿਕਸ ਦੀ ਪਰੰਪਰਾ ਨੂੰ ਜਾਰੀ ਰੱਖਦਿਆਂ ਸਭ ਤੋਂ ਛੋਟੇ ਬੇਟੇ ਸਤਵਿੰਦਰ ਸਿੰਘ ਨੇ ਸੀ ਏ ਕੀਤੀ। ਇਕ ਪੋਤਰੇ ਜਸਕਿਰਨਵੀਰ ਸਿੰਘ ਨੇ ਬੀ ਟੈਕ ਅਤੇ ਦੂਜੇ ਪੋਤਰੇ ਰਾਜਵੀਰ ਸਿੰਘ ਨੇ ਐੱਮ ਐੱਸ ਸੀ ਆਈ.ਟੀ ਕੀਤੀ। ਰਾਜਵੀਰ (ਮੋਨਾ) ਤਾਂ ਫੁਟਬਾਲਰ ਵੀ ਰਿਹਾ ਹੈ। ਹੈੱਡਮਾਸਟਰ ਦਿਆਲ ਸਿੰਘ ਨੇ ਮੈਥਮੈਟਿਕਸ ਅਤੇ ਕਿੱਤੇ ਨਾਲ ਇਨਸਾਫ ਇਸ ਕਦਰ ਨਿਭਾਇਆ ਕਿ ਆਪਣਾ ਪੀਰੀਅਡ ਕਦੇ ਮਿਸ ਨਾ ਕੀਤਾ। ਸਟਾਫ ਵਿੱਚ ਕੰਮ ਸੱਭਿਆਚਾਰ ਰੋਅਬ ਦੀ ਥਾਂ ਆਪਣੀ ਮਿਸਾਲ ਨਾਲ ਵਿਕਸਤ ਕੀਤਾ। ਜੇਕਰ ਕੋਈ ਟੀਚਰ ਸਕੂਲ ਪਹੁੰਚਣ ਵਿੱਚ ਲੇਟ ਹੋ ਵੀ ਜਾਂਦਾ ਤਾਂ ਪਹਿਲਾਂ ਉਸ ਨੂੰ ਸੁੱਖ-ਸਾਂਦ ਪੁੱਛਦੇ।

ਇਕ ਅਸਲੀ ਐਜੂਕੇਸ਼ਨਿਸਟ ਵਾਂਗ ਉਹਨਾ ਸਟਾਫ ਮੈਂਬਰਾਂ ਦੀ ਸੋਚ ਬਣਾ ਛੱਡੀ ਸੀ ਕਿ ਅਧਿਆਪਕ ਜੇਕਰ ਦਿਲੋਂ ਚਾਹੇ ਤਾਂ ਘਾਟ ਨੂੰ ਪੂਰਾ ਕਰਨ ਲਈ ਬਹੁਤ ਸਮਾਂ ਮਿਲ ਜਾਂਦਾ ਹੈ ।ਦੋਵਾਂ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਲਈ ਦਾਨੀ ਸੱਜਣਾਂ ਦਾ ਭਰਪੂਰ ਸਹਿਯੋਗ ਪ੍ਰਾਪਤ ਕਰਦੇ ਰਹੇ। ਖੇਡਾਂ ਅਤੇ ਹੋਰ ਕਿਰਿਆਵਾਂ ਵਿੱਚ ਵੀ ਉਹਨਾਂ ਵਿਲੱਖਣ ਪ੍ਰਾਪਤੀਆਂ ਕੀਤੀਆਂ।

ਸੇਵਾ-ਮੁਕਤੀ ਉਪਰੰਤ ਆਪ ਨੇ ਪਿੰਡ ਗੋਸਲਾ ਦੀ ਸਰਪੰਚੀ ਵੀ ਕੀਤੀ। ਨਿਰਵਿਵਾਦ ਸ਼ਖਸੀਅਤ ਹੋਣ ਕਰਕੇ ਹੀ ਆਪ ਅਨੇਕਾਂ ਵਾਰ ਜੀ ਟੀ ਯੂ ਦੀਆਂ ਚੋਣਾਂ ਵਿੱਚ ਜ਼ਿਲ੍ਹਾ ਪ੍ਰਜਾਈਡਿੰਗ ਅਫ਼ਸਰ ਬਣਦੇ ਰਹੇ। ਆਪ ਕਿਉਂਕਿ ਜੀ.ਟੀ.ਯੂ ਦੇ ਰਾਣਾ ਗਰੁੱਪ ਦੇ ਮੋਢੀ ਅਤੇ ਮੋਹਰੀ ਆਗੂ ਸਨ, ਇਸ ਲਈ ਹਰ ਐਕਸ਼ਨ ਵਿੱਚ ਭਾਗ ਲੈਂਦੇ। ਸਿੱਖਿਆ ਮੰਤਰੀ ਹਰਚਰਨ ਸਿੰਘ ਅਜਨਾਲਾ ਵਿਰੁੱਧ ਜਿਸ ਮੁਜ਼ਾਹਰੇ ਵਿੱਚ ਮੁਜ਼ਾਹਰਾ ਕਰਦਿਆਂ ਅਧਿਆਪਕਾਂ ਪੁਲਸ ਤਸ਼ੱਦਦ ਹੋਇਆ, ਉਸ ਵਿੱਚ ਹੈੱਡਮਾਸਟਰ ਦਿਆਲ ਸਿੰਘ ਅਧਿਆਪਕ ਸਾਥੀਆਂ ਦੀ ਬੱਸ ਭਰ ਕੇ ਸ਼ਾਮਲ ਹੋਏ ਸਨ।

ਹੈੱਡਮਾਸਟਰ ਦਿਆਲ ਸਿੰਘ ਗੋਸਲ ਪਹਿਲਾਂ ਅਣਵੰਡੀ ਸੀ ਪੀ ਆਈ ਫਿਰ ਸੀ ਪੀ ਐੱਮ ਅਤੇ ਫਿਰ ਆਰ ਐੱਮ ਪੀ ਆਈ ਨਾਲ ਜੁੜੇ ਰਹੇ। ਪਾਰਟੀ ਦੀ ਅਤੇ ਲੋੜਵੰਦ ਕਾਮਰੇਡਾਂ ਦੀ ਸਹਾਇਤਾ ਕਰਨ ਵਿੱਚ ਹੈੱਡਮਾਸਟਰ ਸਾਹਿਬ ਨੂੰ ਵਿਸ਼ੇਸ਼ ਸੰਤੁਸ਼ਟੀ ਮਿਲਦੀ ਸੀ।ਆਪ ਅਖਬਾਰਾਂ ਪੜ੍ਹਨ ਅਤੇ ਖੱਬੀ ਵਿਚਾਰਧਾਰਾ ਸੰਬੰਧੀ ਲਿਖਤਾਂ ਪੜ੍ਹਨ ਵਿੱਚ ਅਥਾਹ ਰੁਚੀ ਰੱਖਦੇ ਸਨ।

ਇਹੀ ਕਾਰਨ ਸੀ ਕਿ ਹੈੱਡਮਾਸਟਰ ਦਿਆਲ ਸਿੰਘ ਅਤੇ ਉਨ੍ਹਾ ਦੀ ਜੀਵਨ ਸਾਥਣ ਸਰਦਾਰਨੀ ਨਸੀਬ ਕੌਰ ਦੇ ਸ਼ਰਧਾਂਜਲੀ ਸਮਾਗਮ ਵਿੱਚ ਵੱਡਾ ਇਕੱਠ ਜੁੜਿਆ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਉੱਘੇ ਪੱਤਰਕਾਰ ਜਤਿੰਦਰ ਪਨੂੰ, ਮੰਗਤ ਰਾਮ ਪਾਸਲਾ, ਸੁੱਚਾ ਸਿੰਘ ਖੱਟੜਾ, ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਸੁਖਵਿੰਦਰ ਸਿੰਘ ਚਾਹਲ ਪ੍ਰਧਾਨ ਜੀ ਟੀ ਯੂ ਪੰਜਾਬ, ਗੁਰਵਿੰਦਰ ਸਿੰਘ ਸਸਕੌਰ ਜਨਰਲ ਸਕੱਤਰ ਜੀ ਟੀ ਯੂ ਅਤੇ ਕਰਨਲ ਇਕਬਾਲ ਸਿੰਘ ਨੇ ਹੈਡਮਾਸਟਰ ਦਿਆਲ ਸਿੰਘ ਨਾਲ ਜੁੜੀਆਂ ਯਾਦਾਂ ਅਤੇ ਉਹਨਾ ਦੀ ਸ਼ਖਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਸੰਗਤ ਨਾਲ ਸਾਂਝਾ ਕੀਤਾ ਅਤੇ ਹੈੱਡਮਾਸਟਰ ਦਿਆਲ ਸਿੰਘ ਤੇ ਉਨ੍ਹਾ ਦੀ ਧਰਮ ਪਤਨੀ ਸਰਦਾਰਨੀ ਨਸੀਬ ਕੌਰ ਨੂੰ ਇਕ-ਦੂਜੇ ਦੇ ਪੂਰਕ ਮੰਨਦਿਆਂ ਪਤੀ-ਪਤਨੀ ਨੂੰ ਸ਼ਰਧਾਂਜਲੀਆਂ ਦਿੱਤੀਆਂ।

# ਸੰਪਰਕ : 94631-67723

# ਸਮਾਜਿਕ ਪੀੜ੍ਹੀ ਦੇ ਸੰਕਲਪ ਤੇ ਸੰਬੰਧ



**ਰਮੇਸ਼ ਰਤਨ**

ਸਿਰਫ ਪਰਵਾਰਾਂ ਵਿੱਚ ਹੀ ਨਹੀਂ ਸਗੋਂ ਵਿਗਿਆਨ, ਟੈਕਨਾਲੋਜੀ, ਕਾਰੋਬਾਰ, ਸਮਾਜ ਅਤੇ ਰਾਜਨੀਤੀ ਵਿੱਚ ਵੀ ਪੀੜ੍ਹੀਆਂ ਹੁੰਦੀਆਂ ਹਨ।

ਅੱਜ-ਕੱਲ੍ਹ ਮੋਬਾਇਲ ਫੋਨਾਂ, ਆਟੋ ਮੋਬਾਇਲ ਅਤੇ ਸਾਫਟਵੇਅਰ ਆਦਿ ਦੀਆ ਪੀੜ੍ਹੀਆਂ ਕੁਝ ਮਹੀਨਿਆਂ ਜਾਂ ਹਫਤਿਆਂ ਵਿੱਚ ਵੀ ਬਦਲ ਜਾਂਦੀਆ ਹਨ। ਪਰਵਾਰਕ ਪੀੜ੍ਹੀ ਦੀ ਵਿੱਥ 20 ਤੋਂ 25 ਸਾਲ ਤੱਕ ਹੋ ਸਕਦੀ ਹੈ।

ਬੇਸ਼ੱਕ ਸਮਾਜਿਕ ਖੇਤਰ ਵਿੱਚ ਵੀ ਲੰਬਾ ਸਮਾਂ ਪੀੜ੍ਹੀ ਦਾ ਸੰਕਲਪ ਉਮਰ ਨਾਲ ਹੀ ਜੋੜਿਆ ਜਾਂਦਾ ਰਿਹਾ ਹੈ ਅਤੇ ਹਾਲੇ ਵੀ ਪੁਰਾਣੀ ਸਦੀ ਦੇ ਲੋਕ, ਆਜ਼ਾਦੀ ਦੇ ਬਾਅਦ ਦੀ ਪੀੜ੍ਹੀ ਜਾਂ ਆਧੁਨਿਕ ਸਮੇਂ ਦੀ ਨਵੀਂ ਪੀੜ੍ਹੀ ਆਦਿ ਵਰਤਿਆ ਜਾਂਦਾ ਹੈ, ਪਰੰਤੂ ਸਮਾਜਿਕ ਪੀੜ੍ਹੀ ਦੀਆਂ ਤਾਂ ਬੁਨਿਆਦਾਂ ਹੀ ਵੱਖਰੀਆਂ ਹੁੰਦੀਆਂ ਹਨ।

ਸਮਾਜਿਕ ਪੀੜ੍ਹੀ ਦਾ ਸੰਕਲਪ ਜੰਗਾਂ, ਆਜ਼ਾਦੀ ਲਹਿਰਾਂ, ਟੈਕਨਾਲੋਜੀ ਅਤੇ ਸੱਭਿਆਚਾਰਕ ਹਾਲਾਤ ਆਦਿ ਵਾਤਾਵਰਨ ਨਾਲ ਸੰਬੰਧਤ ਹੁੰਦਾ ਹੈ। ਉਘੇ ਸਮਾਜ ਵਿਗਿਆਨੀ ਕਾਰਲ ਮਨਹੇਮ ਦਾ ਮੰਨਣਾ ਹੈ ਕਿ ਸਮਾਜਿਕ ਪੀੜ੍ਹੀਆਂ ਜਨਮ ਤਿੱਥੀਆਂ 'ਤੇ ਆਧਾਰਤ ਨਹੀਂ ਹੁੰਦੀਆਂ, ਸਗੋਂ ਇਹ ਸਮਾਜਕ, ਇਤਿਹਾਸਕ ਅਤੇ ਤਕਨੀਕੀ ਘਟਨਾਵਾਂ ਅਤੇ ਹਾਲਾਤ ਦੇ ਪ੍ਰਭਾਵ ਇਸ ਨੂੰ ਸਿਰਜਦੇ ਹਨ।

ਸਮਾਜਿਕ ਪੀੜ੍ਹੀ ਨੂੰ ਉਮਰਾਂ ਦੀ ਬਰੈਕਟ ਵਿੱਚ ਨਹੀ ਬੰਨ੍ਹਿਆ ਜਾ ਸਕਦਾ। ਇਹ ਤਾਂ ਨਵੀਂਆਂ ਤਕਨੀਕਾਂ ਨੂੰ ਵਰਤਣ, ਸੰਸਾਰ ਨੂੰ ਵਾਚਣ, ਘਟਨਾਵਾਂ ਨੂੰ ਘੋਖਣ, ਨਿਰਣੇ ਆਦਿ ਲੈਣ ਦੇ ਦ੍ਰਿਸ਼ਟੀਕੋਣ ਨਾਲ ਸੰਬੰਧਿਤ ਹੁੰਦੀ ਹੈ। ਨਵੀਂਆਂ ਤਕਨੀਕਾਂ ਨੂੰ ਵਰਤਣਾ ਸਿੱਖ ਲੈਣ ਵਾਲੇ ਵਡੇਰੀ ਉਮਰ ਦੇ ਵਿਅਕਤੀ ਵੀ ਜਦੋਂ ਸਮਾਜਿਕ ਮਾਮਲਿਆਂ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਅਪਣਾ ਲੈਂਦੇ ਹਨ, ਉਹ ਨਵੀ ਪੀੜ੍ਹੀ ਵਿੱਚ ਸ਼ਾਮਿਲ ਹੋ ਜਾਂਦੇ ਹਨ। ਇਸ ਦੇ ਉਲਟ ਅਜਿਹੇ ਨੌਜਵਾਨ ਹੋ ਸਕਦੇ ਹਨ, ਜਿਹਨਾਂ ਦੇ ਵਿਚਾਰ, ਵਿਸ਼ਵਾਸ ਅਤੇ ਸਮਾਜਿਕ ਦ੍ਰਿਸ਼ਟੀਕੋਣ ਜਗੀਰਦਾਰੀ ਯੁੱਗ ਦੇ ਹੋਣ।

ਅਜੋਕੀ ਨਵੀਂ ਪੀੜ੍ਹੀ ਇਹ ਸੋਚ ਕੇ ਹੀ ਹੈਰਾਨ ਹੋ ਸਕਦੀ ਹੈ ਕਿ ਨਰਿੰਦਰ ਬੀਬਾ ਅਤੇ ਗਰੇਵਾਲ ਦਾ 1960ਵਿਆਂ ਵਿੱਚ ਗਾਇਆ ਗੀਤ 'ਉੜਾ ਐੜਾ....ਰਾੜਾ ਵੇ, ਮੈਨੂੰ ਜਾਣ ਦੇ ਸਕੂਲੇ ਇਕ ਵਾਰ ਹਾੜਾ ਵੇ' ਮਸ਼ਹੂਰ ਹੁੰਦਾ ਸੀ, ਜਿਸ ਵਿੱਚ ਪੜ੍ਹਨ ਦੀ ਤਾਂਘ ਹਿੱਤ ਸਕੂਲੇ ਜਾਣ ਲਈ ਔਰਤ ਹਾੜੇ ਕੱਢਦੀ ਹੈ। ਅੱਜ ਪੜ੍ਹਾਈ ਦੇ ਮਾਮਲਿਆ ਵਿੱਚ ਲੜਕੀਆਂ ਅੱਗੇ ਹਨ।

ਔਰਤਾਂ ਦਾ ਚਿਹਰਾ ਢੱਕਣ ਦਾ ਰਿਵਾਜ ਹਾਲੇ ਵੀ ਭਾਰਤ ਦੇ ਪਛੜੇ ਹੋਏ ਪਿੰਡਾਂ, ਈਰਾਨ ਜਾਂ ਅਫਗਾਨਿਸਤਾਨ ਵਰਗੇ ਸਮਾਜਾਂ ਵਿੱਚ ਪ੍ਰਚਲਤ ਹੈ। ਇਹ ਸਮਾਜਿਕ ਤੌਰ 'ਤੇ ਇੱਕ ਪੁਰਾਣੀ ਪੀੜ੍ਹੀ ਹੈ।

ਅੱਜ ਦੇ ਦਾਦਿਆਂ , ਨਾਨਿਆਂ ਦੀ ਜਵਾਨੀ ਸਮੇਂ ਵਿਆਹ-ਸ਼ਾਦੀਆਂ ਮੌਕੇ ਪਿੰਡਾਂ ਅੰਦਰ ਪਹਿਲਾਂ ਬਰਾਤੀਆਂ ਨੂੰ ਰੋਟੀ ਖਲਾਈ ਜਾਂਦੀ ਸੀ, ਫਿਰ ਘਰ ਦੇ ਮਰਦ ਖਾਣਾ ਖਾਂਦੇ ਸਨ। ਉਸ ਤੋਂ ਬਾਅਦ ਤੀਜੇ ਨੰਬਰ ਤੇ ਔਰਤਾਂ ਅਤੇ ਬੱਚਿਆਂ ਨੂੰ ਖਾਣਾ ਖਿਲਾਇਆ ਜਾਂਦਾ ਸੀ। ਨਵੀਂ ਸਮਾਜਿਕ ਪੀੜ੍ਹੀ ਵਿੱਚ ਇਹ ਵੀ ਵੱਡੀ ਤਬਦੀਲੀ ਆਈ ਹੈ ਕਿ ਬਰਾਤ ਆਉਣ ਤੋਂ ਪਹਿਲਾਂ ਹੀ ਲਾੜੇ ਅਤੇ ਲਾੜੀ ਵਾਲੇ ਪਾਸਿਓਂ ਸੱਦੇ ਗਏ ਮਹਿਮਾਨ ਆਪਣੀ ਪੇਟ ਪੂਜਾ ਕਰ ਚੁੱਕੇ ਹਨ ਹੁੰਦੇ ਹਨ। ਆਮ ਤੌਰ 'ਤੇ ਬਰਾਤੀਆਂ ਦੇ ਪਹੁੰਚਣ ਤੱਕ ਬਾਹਰ ਲੱਗੀਆਂ ਸਟਾਲਾਂ ਨੂੰ ਬੰਦ ਕਰਨ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੁੰਦਾ ਹੈ। ਇੰਝ ਹੀ ਅਫਸੋਸ ਮੌਕੇ ਪਿੰਡਾਂ ਦੀਆਂ ਔਰਤਾਂ ਘੱਗਰੇ ਪਾ ਕੇ ਦੁੱਖ ਦੇ ਸਮੇਂ ਮਕਾਣ ਦੇਣ ਜਾਇਆ ਕਰਦੀਆਂ ਸਨ। ਅੱਜ ਇਹ ਸਭ ਕੁਝ ਬਦਲ ਗਿਆ ਹੈ।

ਅਜੋਕੇ ਸਮੇਂ ਸਮਾਜ ਉਪਰ ਸਭ ਤੋਂ ਵੱਡਾ ਪ੍ਰਭਾਵ ਡਿਜੀਟਲ ਸੰਚਾਰ ਤਕਨੀਕ ਪਾ ਰਹੀ ਹੈ। ਇਸ ਤਕਨੀਕ ਨੂੰ ਵਰਤਣ ਵਾਲੀ ਹੀ ਅਜੋਕੀ ਪੀੜ੍ਹੀ ਹੈ। ਮਾਰਕ ਪਰੇਨਸਕੀ ਦੀ ਨਵੀਂ ਪੀੜ੍ਹੀ ਬਾਰੇ ਵਿਆਖਿਆ ਇਸ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੰਦੀ ਹੈ। ਨਵੀਂ 'ਡਿਜੀਟਲ ਨੇਟਿਵ' ਅਤੇ 'ਡਿਜੀਟਲ ਇਮੀਗਰੈਂਟ' ਪੀੜ੍ਹੀ ।

ਅਜੋਕੀ ਸਮਾਜਿਕ ਪੀੜ੍ਹੀ ਦੇ ਡਿਜੀਟਲ ਇਮੀਗਰੈਂਟ ਉਹ ਵਿਅਕਤੀ ਹਨ, ਜੋ ਜੰਮੇ-ਪਲੇ ਤਾਂ ਵੱਖਰੇ ਹਾਲਾਤ ਵਿੱਚ ਸਨ, ਪ੍ਰੰਤੂ ਵੱਡੀ ਉਮਰ ਵਿੱਚ ਆ ਕੇ ਉਹਨਾਂ ਨਵੀਆਂ ਤਕਨੀਕਾਂ ਨੂੰ ਸਿੱਖ ਲਿਆ ਅਤੇ ਅਜੋਕੀ ਪੀੜ੍ਹੀ ਵਿੱਚ ਸ਼ਾਮਲ ਹੋ ਗਏ ਹਨ।

ਬਾਲਪਨ ਤੋਂ ਹੀ ਸਮਾਰਟ ਫੋਨ ਰਾਹੀਂ ਹਾਈਪਰ ਕਨੈਕਟਡ ਨੌਜਵਾਨਾਂ ਦੀ ਡਿਜੀਟਲ ਨੇਟਿਵ ਪੀੜ੍ਹੀ ਬਣ ਗਈ ਹੈ। ਉਹ ਆਪਣੀ ਸੁਰਤ ਸੰਭਾਲਣ ਦੇ ਸਮੇਂ ਤੋਂ ਲਗਾਤਾਰ ਸਮਾਰਟ ਫੋਨਾਂ ਦੇ ਨਾਲ ਜੁੜ ਜਾਂਦੇ ਹਨ। ਉਹਨਾਂ ਦੇ ਗਿਆਨ ਹਾਸਲ ਕਰਨ ਅਤੇ ਸਿੱਖਣ ਦੇ ਢੰਗ ਵੀ ਬਹੁਤ ਵਖਰੇਵੇਂ ਵਾਲੇ ਹਨ। ਬਚਪਨ ਤੋਂ ਹੀ ਅਨੇਕ ਸੋਮਿਆਂ ਤੋਂ ਜੁਟਾਈ ਜਾਣਕਾਰੀ ਅਤੇ ਗਿਆਨ ਨੂੰ ਉਹ ਆਪਣੇ ਆਨਲਾਈਨ ਤੇ ਆਫਲਾਈਨ ਅਨੁਭਵ ਨਾਲ ਮੇਲ ਕੇ ਇੱਕ ਨਵਾਂ ਸਮਾਜਿਕ ਵਾਤਾਵਰਨ ਸਿਰਜ ਰਹੇ ਹਨ। ਉਹਨਾਂ ਦੇ ਹੁਨਰ, ਦਿਲਚਸਪੀਆਂ, ਉਮੀਦਾਂ ਅਤੇ ਕਦਰਾਂ-ਕੀਮਤਾਂ ਇਸ ਤੋਂ ਹੀ ਤੈਅ ਹੁੰਦੀਆਂ ਹਨ। ਨਵੀਂ ਪੀੜ੍ਹੀ ਦੇ ਪੋਟਿਆਂ 'ਤੇ ਆਈ ਜਾਣਕਾਰੀ ਉਹਨਾਂ ਨੂੰ ਵਧੇਰੇ ਘੋਖੀ ਅਤੇ ਵਿਹਾਰਕ ਫੈਸਲੇ ਲੈਣ ਦੇ ਯੋਗ ਬਣਾਉਂਦੀ ਹੈ। ਉਹ ਜਿਨਸਾਂ ਦੀਆ ਕੀਮਤਾਂ, ਵਰਤਣ ਦੇ ਅਨੁਭਵਾਂ ਅਤੇ ਨੈਤਿਕ ਪ੍ਰਭਾਵਾਂ ਬਾਰੇ ਵੀ ਵੱਧ ਜਾਣਕਾਰੀ ਲੈ ਸਕਦੇ ਹਨ। ਇਹ ਸਾਰੀ ਦੇਣ ਉਹਨਾਂ ਦੇ ਜਨਮ ਜਾਂ ਉਮਰ ਕਾਰਨ ਨਹੀਂ ਪ੍ਰਾਪਤ ਹੋਈ, ਸਗੋਂ ਤਕਨੀਕੀ ਸਾਧਨਾਂ ਦੇ ਇਸਤੇਮਾਲ ਨੇ ਹੀ ਉਹਨਾਂ ਦੀ ਮਾਨਸਿਕ ਅਵਸਥਾ ਨੂੰ ਆਧਾਰ ਬਖਸ਼ਿਆ ਹੈ।

ਨਵੀਂ ਪੀੜ੍ਹੀ ਵਿੱਦਿਆ ਹਾਸਲ ਕਰਨ ਦੇ ਪੁਰਾਣੇ ਢੰਗਾਂ ਤੋਂ ਵੱਖਰੇ, ਆਰਾਮਦਾਇਕ ਢੰਗ ਨਾਲ ਤੁਰੰਤ ਸੂਚਨਾਵਾਂ ਇਕੱਤਰ ਕਰਨ ਅਤੇ ਉਹਨਾਂ ਨੂੰ ਆਪਣੇ ਅੰਦਰਲੇ ਗਿਆਨ ਨਾਲ ਮੇਲ ਕੇ ਅੱਗੇ ਵਧਦੇ ਹਨ। ਉਹ ਯੂ-ਟਿਊਬ ਆਦਿ ਅਨੇਕਾਂ

(ਬਾਕੀ ਸਫ਼ਾ 9 'ਤੇ)

# 1 ਕਿੱਲੋ 25 ਗ੍ਰਾਮ ਹੈਰੋਇਨ, 3 ਪਿਸਟਲ ਤੇ ਕਾਰ ਸਮੇਤ ਤਸਕਰ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੀ.ਜੀ.ਪੀ. ਪੰਜਾਬ ਵੱਲੋਂ ਨਸ਼ਾ ਤਸਕਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਨੀਲਾਂਬਰੀ ਜਗਦਲੇ ਵਿਜੇ ਡੀ.ਆਈ.ਜੀ ਫਰੀਦਕੋਟ ਰੇਂਜ, ਅਜੈ ਗਾਂਧੀ ਐਸ.ਐਸ.ਪੀ ਮੋਗਾ ਦੇ ਦਿਸ਼ਾ ਨਿਰਦੇਸ਼ਾ ਹੇਠ ਬਾਲ ਕ੍ਰਿਸ਼ਨ ਸਿੰਗਲਾ, ਐੱਸ ਪੀ (ਆਈ) ਮੋਗਾ ਤੇ ਜਸਵਰਿੰਦਰ ਸਿੰਘ ਡੀ.ਐਸ.ਪੀ. ਧਰਮਕੋਟ ਦੀ ਸੁਪਰਵੀਜਨ ਹੇਠ ਥਾਣਾ ਕੋਟ ਈਸੇ ਖਾਂ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਐੱਸ ਆਈ ਜਨਕ ਰਾਜ ਮੁੱਖ ਅਫਸਰ ਥਾਣਾ ਕੋਟ ਈਸੇ ਖਾਂ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੇ ਕਾਸੋ ਆਪ੍ਰੇਸ਼ਨ ਦੌਰਾਨ ਇੱਕ ਨਸ਼ਾ ਤਸਕਰ ਨੂੰ 1 ਕਿੱਲੋ 25 ਗ੍ਰਾਮ ਹੈਰੋਇਨ, 3 ਪਿਸਟਲ .30 ਬੋਰ ਸਮੇਤ ਮੈਗਜ਼ੀਨ, ਇੱਕ ਵੱਡੇ ਸਾਈਜ਼ ਦਾ ਖਾਲੀ ਮੈਗਜ਼ੀਨ ਤੇ 31 ਜ਼ਿੰਦਾ ਰੌਂਦ .30 ਬੋਰ, ਸਿਆਜ ਕਾਰ ਰੰਗ ਚਿੱਟਾ, 01 ਮੋਬਾਇਲ ਫੋਨ ਸਮੇਤ ਕਾਬੂ ਕਰਕੇ ਮੁਕੱਦਮਾ ਦਰਜ ਕੀਤਾ।

ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਨੇ ਦੱਸਿਆ ਕਿ ਐਸ ਆਈ ਜਨਕ ਰਾਜ ਮੁੱਖ ਅਫਸਰ ਥਾਣਾ ਕੋਟ ਈਸੇ ਖਾਂ ਸਮੇਤ ਸਾਥੀ ਕਰਮਚਾਰੀਆ ਦੇ ਕਾਸੋ ਆਪ੍ਰੇਸ਼ਨ ਸਬੰਧੀ ਪਿੰਡ ਮਸਤੇਵਾਲਾ ਤੋਂ ਪਿੰਡ ਦੌਲੇਵਾਲਾ ਨੂੰ ਜਾ ਰਹੇ ਸੀ ਤਾਂ ਪਿੰਡ ਦੌਲੇਵਾਲਾ ਦੀ ਤਰਫੋਂ ਆ ਰਹੀ ਇੱਕ ਗੱਡੀ ਸਿਆਜ ਨੰਬਰੀ ਯੂਪੀ16-ਸੀਕੇ-4336 ਰੰਗ ਚਿੱਟਾ, ਜਿਸ ਨੂੰ ਸ਼ੱਕ ਦੀ ਬਿਨਾਅ 'ਤੇ ਰੋਕਿਆ ਗਿਆ।ਕਾਰ ਚਾਲਕ ਨੇ ਨਾਮ ਪਤਾ ਪੁੱਛਣ 'ਤੇ ਆਪਣਾ ਨਾਮ ਜੰਡ ਸਿੰਘ ਪੁੱਤਰ ਬਾਜ ਸਿੰਘ ਪੁੱਤਰ ਸੁਰੈਣ ਸਿੰਘ ਵਾਸੀ ਦੌਲੇਵਾਲਾ ਦੱਸਿਆ, ਜਿਸ 'ਤੇ ਐਸ ਆਈ ਜਨਕ ਰਾਜ ਮੁੱਖ ਅਫਸਰ ਥਾਣਾ ਕੋਟ ਈਸੇ ਖਾਂ ਨੇ ਡੀ.ਐੱਸ.ਪੀ. ਧਰਮਕੋਟ ਜਸਵਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਗੱਡੀ ਦੀ ਤਲਾਸ਼ੀ ਕੀਤੀ।ਚੈਕਿੰਗ ਦੌਰਾਨ ਗੱਡੀ ਦੇ ਡੈਸ਼ਬੋਰਡ ਵਿੱਚੋਂ ਇੱਕ ਪਾਰਦਰਸ਼ੀ ਮੋਮੀ ਲਿਫਾਫਾ ਮਿਲਿਆ, ਜਿਸ ਵਿੱਚੋਂ 1 ਕਿੱਲੋ 25 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਤੇ ਕੰਡਕਟਰ ਸੀਟ ਦੇ ਥੱਲਿਓਂ ਇੱਕ ਤਨੀਦਾਰ ਝੋਲਾ ਮਿਲਿਆ, ਜਿਸ ਵਿੱਚੋਂ 3 ਪਿਸਟਲ, 30 ਬੋਰ ਸਮੇਤ ਮੈਗਜ਼ੀਨ, ਇੱਕ ਵੱਡੇ ਸਾਈਜ਼ ਦਾ ਮੈਗਜ਼ੀਨ ਅਤੇ 31 ਜ਼ਿੰਦਾ ਰੌਂਦ 30 ਬੋਰ ਬ੍ਰਾਮਦ ਹੋਏ ਅਤੇ ਜੰਡ ਸਿੰਘ ਦੀ ਪਹਿਨੀ ਹੋਈ ਜੈਕੇਟ ਦੀ ਖੱਬੀ ਜੇਬ ਵਿੱਚੋਂ ਇੱਕ ਮੋਬਾਇਲ ਫੋਨ ਕੀਪੈਡ ਮਾਰਕਾ ਲਾਵਾ ਰੰਗ ਨੀਲਾ ਮਿਲਿਆ, ਜਿਸ ਸਬੰਧੀ ਮੁਕੱਦਮਾ ਨੰਬਰ 286 ਮਿਤੀ 27.12.2025 ਅ/ਧ 21,25-61-85 ਐਨ ਡੀ ਪੀ ਐਸ ਐਕਟ ਅਤੇ 25/54/59 ਅਸਲਾ ਐਕਟ ਥਾਣਾ ਕੋਟ ਈਸੇ ਖਾਂ ਵਿਖੇ ਦਰਜ ਰਜਿਸਟਰ ਕੀਤਾ ਗਿਆ।ਜੰਡ ਸਿੰਘ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਜੋ 3 ਪਿਸਟਲ 30 ਬੋਰ ਸਮੇਤ ਮੈਗਜ਼ੀਨ, ਇੱਕ ਵੱਡੇ ਸਾਈਜ਼ ਦਾ ਮੈਗਜ਼ੀਨ, 31 ਜ਼ਿੰਦਾ ਰੌਂਦ 30 ਬੋਰ ਤੇ 1 ਕਿੱਲੋ 25 ਗ੍ਰਾਮ ਹੈਰੋਇਨ ਉਸ ਪਾਸੋਂ ਬ੍ਰਾਮਦ ਹੋਈ ਹੈ, ਉਹ ਉਸਦਾ ਲੜਕਾ ਸੁਖਵਿੰਦਰ ਸਿੰਘ ਉਰਫ ਜਿੰਦੂ ਕਿਸੇ ਪਾਸੋਂ ਲੈ ਕੇ ਆਇਆ ਸੀ, ਜਿਸ ਸਬੰਧੀ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਮਨਰੇਗਾ ਮਜ਼ਦੂਰਾਂ ਨੇ ਮਜ਼ਦੂਰ ਵਿਰੋਧੀ 'ਜੀ ਰਾਮ ਜੀ' ਕਾਨੂੰਨ ਦੀਆਂ ਕਾਪੀਆਂ ਸਾੜੀਆਂ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਗੁਰਦਿੱਤਪੁਰਾ ਦੇ ਮਨਰੇਗਾ ਮਜ਼ਦੂਰਾਂ ਨੇ ਕੇਂਦਰ ਸਰਕਾਰ ਵੱਲੋਂ ਪੇਂਡੂ ਰੁਜ਼ਗਾਰ ਯੋਜਨਾ ਦੀ ਥਾਂ ਗ਼ਰੀਬ ਵਿਰੋਧੀ ਵਿਕਸਤ ਭਾਰਤ-ਗਾਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਣ) (ਵੀ.ਬੀ.ਜੀ ਰਾਮ ਜੀ) ਐਕਟ ਖਿਲਾਫ਼ ਜਨਤਕ ਇਕੱਠ ਕਰਕੇ ਇਸ ਕਾਲੇ ਕਾਨੂੰਨ ਦੀਆਂ ਕਾਪੀਆਂ ਨੂੰ ਸਾੜ ਕੇ ਆਪਣੇ ਰੋਹ ਦਾ ਪ੍ਰਗਟਾਵਾ ਕਰਦੇ ਹੋਏ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।

ਮਨਰੇਗਾ ਮਜ਼ਦੂਰਾਂ ਦੇ ਜਨਤਕ ਇਕੱਠ ਨੂੰ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ (ਰਜਿ:) ਦੇ ਪ੍ਰਧਾਨ ਹਰਜਿੰਦਰ ਸਿੰਘ ਨੇ ਸੰਬੋਧਨ ਕੀਤਾ।ਮਜ਼ਦੂਰ ਆਗੂ ਨੇ ਮੋਦੀ ਸਰਕਾਰ ਵਲੋਂ ਮਨਰੇਗਾ ਮਜ਼ਦੂਰਾਂ ਨੂੰ 125 ਦਿਨ ਰੁਜ਼ਗਾਰ ਦੇਣ ਨੂੰ ਗੁੰਮਰਾਹਕੁੰਨ ਕਰਾਰ ਦਿੰਦੇ ਹੋਏ ਤੱਤ ਰੂਪ 'ਚ ਨਵੇਂ ਕਾਨੂੰਨ 100 ਦਿਨ ਰੁਜ਼ਗਾਰ ਦੀ ਦੇਣ ਦੀ ਗਾਰੰਟੀ ਤੇ ਜਵਾਬਦੇਹੀ ਤੋਂ ਵੀ ਭੱਜਣ ਤੇ ਗ਼ਰੀਬਾਂ ਦੇ ਬਲਦੇ ਚੁੱਲ੍ਹਿਆਂ ਨੂੰ ਠੰਡੇ ਕਰਨ ਦੇ ਤੁਲ ਦੱਸਿਆ, ਕਿਉਂਕਿ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦਾ ਬੱਜਟ 90 ਪ੍ਰਤੀਸ਼ਤ ਤੋਂ ਘਟਾ ਕੇ 60 ਪ੍ਰਤੀਸ਼ਤ ਕਰ ਦਿੱਤਾ ਹੈ।ਸੂਬਾ ਸਰਕਾਰਾਂ ਪਹਿਲਾਂ ਹੀ ਬਣਦਾ ਹਿੱਸਾ ਪਾਉਣ ਤੋਂ ਹੱਥ ਖੜੇ ਕਰ ਚੁੱਕੀਆਂ ਹਨ। ਅਜਿਹੀ ਹਾਲਤ 'ਚ ਮਨਰੇਗਾ ਲਈ ਪੈਸਾ ਨਹੀਂ ਤਾਂ ਮਨਰੇਗਾ ਕੰਮ ਨਹੀਂ।ਜਦਕਿ ਪਹਿਲਿਆਂ ਕੇਂਦਰ ਤੇ ਸੂਬਾ ਸਰਕਾਰਾਂ ਵੀ ਮਨਰੇਗਾ ਦਾ ਬਜਟ ਲਗਾਤਾਰ ਘਟਾਉਂਦੀਆਂ ਆ ਰਹੀਆਂ ਤੇ ਵੱਡੇ ਘਰਾਣਿਆਂ ਨੂੰ ਮੋਟੇ ਗੱਫੇ ਦਿੰਦੀਆਂ ਆ ਰਹੀਆਂ ਹਨ।ਮਜ਼ਦੂਰ ਆਗੂ ਨੇ ਦੱਸਿਆ ਕਿ ਮਜ਼ਦੂਰ ਯੂਨੀਅਨਾਂ ਲੰਮੇ ਸਮੇਂ ਤੋਂ ਮਨਰੇਗਾ ਮਜ਼ਦੂਰਾਂ ਲਈ ਨਿਗੂਣੇ 100 ਦਿਨ ਰੁਜ਼ਗਾਰ ਦੀ ਥਾਂ 200 ਦਿਨ ਰੁਜ਼ਗਾਰ ਤੇ ਘੱਟੋ-ਘੱਟ 700 ਰੁਪਏ ਦਿਹਾੜੀ ਦੇਣ ਦੀ ਮੰਗ ਕਰਦੀਆਂ ਆ ਰਹੀਆਂ ਹਨ, ਪ੍ਰੰਤੂ ਕੇਂਦਰ ਦੀ ਮੋਦੀ ਸਰਕਾਰ ਵਲੋਂ ਉਲਟੀ ਗੰਗਾ ਵਹਾਉਂਦੇ ਹੋਏ 100 ਦਿਨ ਰੁਜਗਾਰ ਗਾਰੰਟੀ ਵੀ ਖ਼ਤਮ ਕਰ ਦਿੱਤੀ ਹੈ।ਇਸੇ ਸਮੇਂ ਦੌਰਾਨ ਮਜ਼ਦੂਰਾਂ ਨੂੰ ਲੁੱਟਣ-ਕੁੱਟਣ ਤੇ ਗੁਲਾਮ ਬਣਾਉਣ ਵਾਲੇ 4 ਕਿਰਤ ਕੋਡ ਬਣਾਉਣ, ਬਿਜਲੀ ਸੋਧ ਬਿੱਲ-2025, ਬੀਜ ਬਿੱਲ, ਸਰਕਾਰੀ ਜਾਇਦਾਦਾਂ ਤੇ ਪੰਚਾਇਤੀ ਜ਼ਮੀਨਾਂ ਵੇਚਣ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਦੇ ਤਾਜ਼ਾ ਹਮਲਿਆਂ ਬਾਰੇ ਵੀ ਚੇਤੰਨ ਕਰਦੇ ਹੋਏ ਇਨ੍ਹਾਂ ਸੱਜਰੇ ਹਮਲਿਆਂ ਖਿਲਾਫ਼ ਸੂਬੇ ਦੀਆਂ 90 ਦੇ ਕਰੀਬ ਮਜ਼ਦੂਰ ਕਿਸਾਨ, ਮੁਲਾਜ਼ਮ, ਨੌਜਵਾਨ, ਵਿਦਿਆਰਥੀ ਜਥੇਬੰਦੀਆਂ ਵਲੋਂ ਵਿੱਢੇ ਸਾਂਝੇ ਸੰਘਰਸ਼ ਵਿੱਚ ਸ਼ਾਮਿਲ ਹੋਣ ਦਾ ਵੀ ਸੱਦਾ ਦਿੱਤਾ ਗਿਆ।

# ਸਾਹਿਬਜ਼ਾਦਿਆਂ ਦੀ ਕੁਰਬਾਨੀ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਣਾਸਰੋਤ : ਡਾ. ਸੀਮਾਂਤ ਗਰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਵੀਰ ਬਾਲ ਦਿਵਸ ਦਸਵੇਂ ਸਿੱਖ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਦੀ ਹਿੰਮਤ ਅਤੇ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ ਅਤੇ ਸਾਨੂੰ ਕੌਮ ਦੀ ਅਖੰਡਤਾ ਤੇ ਤਾਕਤ ਦਾ ਰਸਤਾ ਵੀ ਦਿਖਾਉਂਦਾ ਹੈ।ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਨੇ ਇਹ ਵਿਚਾਰ ਅੱਜ ਮੇਨ ਬਾਜ਼ਾਰ ਸਥਿਤ ਗੁਰਦੁਆਰਾ ਸੰਤ ਗੁਲਾਬ ਸਿੰਘ ਘੋਲੀਆਂ ਵਾਲੇ ਵਿਖੇ ਚਾਰਾਂ ਵਿਧਾਨ ਸਭਾ ਹਲਕਿਆਂ ਦੇ ਭਾਜਪਾ ਅਧਿਕਾਰੀਆਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਨਿਧੜਕ ਸਿੰਘ ਬਰਾੜ, ਜਨਰਲ ਸਕੱਤਰ ਸਾਬਕਾ ਐੱਸ ਪੀ ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸਿਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਸੀਨੀਅਰ ਆਗੂ ਰਾਕੇਸ਼ ਭੱਲਾ, ਸਾਬਕਾ ਜ਼ਿਲ੍ਹਾ ਪ੍ਰਧਾਨ ਵਿਜੇ ਸ਼ਰਮਾ, ਮੀਤ ਪ੍ਰਧਾਨ ਸੋਨੀ ਮੰਗਲਾ, ਰਾਜਵਿੰਦਰ ਗਾਬਾ, ਓ.ਬੀ.ਸੀ. ਮੋਰਚਾ ਦੇ ਪ੍ਰਧਾਨ ਸੁਰਿੰਦਰ ਸਿੰਘ, ਮੰਡਲ ਪ੍ਰਧਾਨ ਭੁਪਿੰਦਰ ਹੈਪੀ, ਅਮਿਤ ਗੁਪਤਾ, ਸ਼ੇਖਾਂ ਵਿੱਕੀ, ਸ਼ਹਿਜ਼ਾਦਾ ਯੂ.ਪੀ. ਆਰੀਆ, ਸੁਖਦੀਪ ਕੌਰ ਸੁੱਖੀ, ਮੰਡਲ ਪ੍ਰਧਾਨ ਦੀਪਕ ਤਲਵਾੜ, ਮੰਡਲ ਪ੍ਰਧਾਨ ਅਮਨਦੀਪ ਗਰੋਵਰ, ਸੁਕੇਸ਼ ਸੂਦ, ਗਗਨਦੀਪ ਲੂੰਬਾ, ਗੁਰਚਰਨ ਸਿੰਘ, ਨਰਿੰਦਰ ਸੇਠੀ, ਮੁਕੇਸ਼ ਸ਼ਰਮਾ ਆਈ.ਟੀ.ਸੈੱਲ, ਜਤਿੰਦਰ ਚੱਢਾ, ਹੇਮੰਤ ਸੂਦ, ਸਚਿਨ ਗਰਗ, ਸੁੱਖਾ ਸਿੰਘ, ਗੁਲਾਬ ਕੌਰ, ਅਸ਼ੀਸ਼ ਸਿੰਗਲਾ, ਕਸ਼ਿਸ਼ ਕੁਮਾਰ ਸੰਚਾਲਕ, ਯੁਵਤੀ ਕੁਮਾਰ ਧਾਮੀ, ਯੁਵਕੇਂਦਰ ਧਾਮੀ, ਬੀ.ਜੇ.ਪੀ. ਅਗਰਵਾਲ, ਸ਼ਸ਼ੀਕਾਂਤ ਪਾਂਡੇ, ਸੋਨੂੰ ਅਰੋੜਾ, ਅਮਨਦੀਪ ਮੋਗਾ, ਸ਼ਿਵ ਟੰਡਨ, ਧਰਮਵੀਰ ਭਾਰਤੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਦੇ ਅਧਿਕਾਰੀ ਤੇ ਵਰਕਰ ਹਾਜ਼ਰ ਸਨ।ਇਸ ਬਾਲ ਦਿਵਸ 'ਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਲਈ ਭੇਟਾਂ ਚੜ੍ਹਾਈਆਂ ਗਈਆਂ ਤੇ ਸਭ ਦੇ ਭਲੇ ਲਈ ਅਰਦਾਸ ਤੋਂ ਬਾਅਦ, ਦੇਗ ਵੰਡੇ ਗਏ ਤੇ ਕੇਸਰ ਵਾਲੇ ਦੁੱਧ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ।ਇਸ ਮੌਕੇ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਨੇ ਕਿਹਾ ਕਿ ਦੇਸ਼ ਦੀ ਰੱਖਿਆ ਵਿੱਚ ਸਿੱਖਾਂ ਦੀ ਹਿੰਮਤ, ਕੁਰਬਾਨੀ ਤੇ ਯੋਗਦਾਨ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ।ਸਿੱਖ ਭਾਈਚਾਰਾ ਹਮੇਸ਼ਾ ਰਾਸ਼ਟਰੀ ਸੁਰੱਖਿਆ ਵਿੱਚ ਸਭ ਤੋਂ ਅੱਗੇ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਬਹਾਦਰੀ ਤੇ ਕੁਰਬਾਨੀ ਇਸ ਗੱਲ ਦਾ ਸਬੂਤ ਹੈ ਕਿ ਸਿੱਖਾਂ ਨੇ ਧਰਮ ਤੇ ਕੌਮ ਦੀ ਰੱਖਿਆ ਲਈ ਆਪਣੀਆਂ ਜਾਨਾਂ ਵੀ ਕੁਰਬਾਨ ਕਰ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2022 ਤੋਂ ਹਰ ਸਾਲ 26 ਦਸੰਬਰ ਨੂੰ ਭਾਰਤ ਵਿੱਚ ਵੀਰ ਬਾਲ ਦਿਵਸ ਮਨਾਉਣ ਦਾ ਐਲਾਨ ਕੀਤਾ ਹੈ।ਇਹ ਦਿਨ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਹਿੰਮਤ ਤੇ ਕੁਰਬਾਨੀ ਨੂੰ ਸਮਰਪਤ ਹੈ।ਉਨ੍ਹਾਂ ਕਿਹਾ ਕਿ ਅੱਜ ਲੋਕਾਂ ਨੂੰ ਧਰਮ ਪਰਿਵਰਤਨ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹਨ ਤੇ ਸਾਨੂੰ ਅਜਿਹੇ ਧਰਮ ਪਰਿਵਰਤਨ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੇ ਦੇਸ਼ ਦੀ ਅਖੰਡਤਾ ਤੇ ਪ੍ਰਭੂਸੱਤਾ ਨੂੰ ਬਣਾਈ ਰੱਖ ਸਕੀਏ।ਇਸ ਮੌਕੇ ਡਾ: ਸੀਮਾਂਤ ਗਰਗ ਨੇ ਮੋਗਾ ਜ਼ਿਲ੍ਹੇ ਦੀਆਂ ਚਾਰਾਂ ਵਿਧਾਨ ਸਭਾਵਾਂ ਤੋਂ ਵੱਡੀ ਗਿਣਤੀ ਵਿੱਚ ਆਏ ਭਾਜਪਾ ਅਧਿਕਾਰੀਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ, ਜੋ ਵੀਰ ਬਾਲ ਦਿਵਸ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਤ ਧਾਰਮਿਕ ਇਕੱਠ ਵਿੱਚ ਮੱਥਾ ਟੇਕਣ ਲਈ ਆਏ ਸਨ।

## ਕਾਤਰਾਂ

### ਸ਼ਰਾਬ ਦੀ ਚਲਦੀ ਭੱਠੀ ਫੜੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਥਾਣਾ ਮਹਿਲ ਕਲਾਂ ਪੁਲਸ ਨੇ ਨਜਾਇਜ਼ ਸ਼ਰਾਬ ਕੱਢਣ ਵਾਲੀ ਚਲਦੀ ਭੱਠੀ ਸਮੇਤ ਇੱਕ ਨੌਜਵਾਨ ਨੂੰ ਕਾਬੂ ਕਰਨ ਦੀ ਖ਼ਬਰ ਮਿਲੀ ਹੈ।ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਸਰਬਜੀਤ ਸਿੰਘ ਨੇ ਦੱਸਿਆ ਕਿ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਏ ਐੱਸ ਆਈ ਜਗਰੂਪ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਕੀਤੀ ਛਾਪੇਮਾਰੀ ਦੌਰਾਨ ਰਣਧੀਰ ਸਿੰਘ ਵਾਸੀ ਚੰਨਣਵਾਲ ਨੂੰ ਉਸ ਦੇ ਘਰੋਂ ਚਲਦੀ ਭੱਠੀ 25 ਲੀਟਰ ਲਾਹਣ, 5 ਲੀਟਰ ਨਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ ਕੀਤਾ ਗਿਆ।ਥਾਣਾ ਮਹਿਲ ਕਲਾਂ ਪੁਲਸ ਨੇ ਗ੍ਰਿਫਤਾਰ ਕੀਤੇ ਨੌਜਵਾਨ ਖ਼ਿਲਾਫ਼ ਥਾਣਾ ਮਹਿਲ ਕਲਾਂ ਵਿਖੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਕੇਂਦਰ ਸਰਕਾਰ ਗਰੀਬ ਲੋਕਾਂ ਦੇ ਚੁੱਲ੍ਹਿਆਂ ਨੂੰ ਠੰਢਾ ਕਰਨਾ ਚਾਹੁੰਦੀ : ਰਣ ਸਿੰਘ ਮਹਿਲਾਂ

**ਦਿੜ੍ਹਬਾ (ਜਸਵੀਰ ਸਿੰਘ)**-ਕੇਂਦਰ ਦੀ ਮੋਦੀ ਸਰਕਾਰ ਵੱਲੋ ਮਨਰੇਗਾ ਦਾ ਨਾਂਅ ਬਦਲ ਕੇ ਵਿਕਸਿਤ ਭਾਰਤ ਜੀ ਰਾਮ ਜੀ ਰੱਖਣ ਸਬੰਧੀ ਬਿੱਲ ਦਾ ਮਕਸਦ ਮਨਰੇਗਾ ਸਕੀਮ ਨੂੰ ਖਤਮ ਕਰਕੇ ਦੇਸ਼ ਦੇ ਕਰੋੜਾਂ ਮਜ਼ਦੂਰ ਵਰਗ ਦੇ ਮਨਰੇਗਾ ਸਕੀਮ ਤਹਿਤ ਬਲਦੇ ਚੁੱਲ੍ਹਿਆਂ ਦੀ ਅੱਗ ਠੰਡਾ ਕਰਨਾ ਅਤੇ ਕਾਰਪੋਰੇਟ ਘਰਾਣਿਆ ਨੂੰ ਸਸਤੀ ਮਜ਼ਦੂਰੀ ਦੇਣਾ ਹੈ, ਕਿਉਂਕਿ ਇਹ ਬਿੱਲ ਆਉਣ ਨਾਲ ਮਜ਼ਦੂਰ ਤੋਂ ਅੱਠ ਘੰਟਿਆਂ ਦੀ ਥਾਂ ਬਾਰਾਂ ਘੰਟੇ ਕਰਾਉਣ ਦੀ ਚੁਪ ਚਪੀਤੇ ਬਣਾਈ ਜਾ ਰਹੀ ਘਟੀਆ ਨੀਤੀ ਕਾਰਪੋਰੇਟ ਘਰਾਣਿਆ ਨੂੰ ਫਾਇਦਾ ਪੁਚਾਉਣ ਹੈ ਵਾਲੀ ਹੈ। ਕਾਂਗਰਸ ਦੇ ਸੀਨੀਅਰ ਆਗੂ ਰਣ ਸਿੰਘ ਮਹਿਲਾਂ ਨੇ ਕਿਹਾ ਕਿ ਸੰਨ 2005 'ਚ ਸੈਂਟਰ ਵਿੱਚ ਕਾਂਗਰਸ ਦੀ ਸਰਕਾਰ 'ਚ ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮਨਰੇਗਾ ਸਕੀਮ ਚਾਲੂ ਕਰਕੇ ਦੇਸ਼ ਦੇ ਕਰੋੜਾਂ ਹੀ ਗਰੀਬ ਲੋਕਾਂ ਨੂੰ ਰੁਜ਼ਗਾਰ ਦੇ ਕੇ ਆਰਥਿਕ ਸੰਕਟ 'ਚੋਂ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਅੱਜ ਕੇਂਦਰ ਦੀ ਮੋਦੀ ਸਰਕਾਰ ਇਸ ਸਕੀਮ ਦਾ ਨਾਂਅ ਬਦਲਣ ਲਈ ਲਿਆਂਦੇ ਨਵੇਂ ਕਨੂੰਨ ਦੀ ਆੜ ਹੇਠ ਇਸ ਸਕੀਮ ਨੂੰ ਬੰਦ ਕਰਕੇ ਮਜ਼ਦੂਰ ਵਰਗ ਨੂੰ ਮਿਲੇ ਇਸ ਰੁਜ਼ਗਾਰ ਨੂੰ ਬੰਦ ਕਰਨਾ ਚਾਹੁੰਦੀ ਹੈ, ਜੋ ਅਸੀਂ ਕਿਸੇ ਵੀ ਕੀਮਤ 'ਤੇ ਮਨਰੇਗਾ ਸਕੀਮ ਨੂੰ ਬੰਦ ਨਹੀਂ ਹੋਣ ਦੇਵਾਂਗੇ।ਰਣ ਸਿੰਘ ਮਹਿਲਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਕੇਂਦਰ ਸਰਕਾਰ ਵੱਲੋ ਲਿਆਂਦੇ ਇਸ ਮਜ਼ਦੂਰ ਵਿਰੋਧੀ ਬਿੱਲ ਨੂੰ ਕੇਰਲਾ ਸਰਕਾਰ ਦੀ ਤਰ੍ਹਾਂ ਪੰਜਾਬ ਦੀ ਵਿਧਾਨ ਸਭਾ 'ਚ ਵੀ ਇਸ ਬਿੱਲ ਵਿਰੁੱਧ ਮਤਾ ਪਾਸ ਕਰਕੇ ਪੰਜਾਬ ਲਾਗੂ ਨਾ ਹੋਣ ਦਿੱਤਾ ਜਾਵੇ ਤਾਂ ਜੁ ਮਜ਼ਦੂਰ ਵਰਗ ਨੂੰ ਮਨਰੇਗਾ ਤਹਿਤ ਮਿਲ ਰਹੀ ਰਾਹਤ ਨੂੰ ਬਰਕਰਾਰ ਰੱਖਿਆ ਜਾ ਸਕੇ।

### ਗੁਰਦੁਆਰਾ ਸਿੱਧ ਸਮਾਧਾਂ ਵਿਖੇ ਦਸਵੀਂ ਦਾ ਦਿਹਾੜਾ ਭਲਕੇ

**ਲੌਂਗੋਵਾਲ (ਪ੍ਰਦੀਪ ਸੱਪਲ)**-ਸਥਾਨਕ ਗੁਰਦੁਆਰਾ ਸਿੱਧ ਸਮਾਧਾਂ ਵਿਖੇ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ 30 ਦਸੰਬਰ ਨੂੰ ਸਮੂਹ ਸੰਗਤਾਂ ਵੱਲੋਂ ਦਸਵੀਂ ਦਾ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ।ਜਾਣਕਾਰੀ ਦਿੰਦਿਆਂ ਹੈੱਡ ਗ੍ਰੰਥੀ ਭਾਈ ਮੱਖਣ ਸਿੰਘ ਨੇ ਦੱਸਿਆ ਕਿ ਦਸਵੀਂ ਦੇ ਦਿਹਾੜੇ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋ ਗਏ ਹਨ ਅਤੇ ਇਨ੍ਹਾਂ ਪਾਠਾਂ ਦੇ ਭੋਗ 30 ਦਸੰਬਰ ਨੂੰ ਪਾਏ ਜਾਣਗੇ ਤੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਸੰਧਵਾਂ ਨੇ ਪਰਵਾਰ ਸਮੇਤ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਟੇਕਿਆ ਮੱਥਾ

## ਦੀਵਾਨ ਟੋਡਰ ਮੱਲ ਹਵੇਲੀ ਨੂੰ ਮੁੜ ਸੁਰਜੀਤ ਕਰਨ ਦੇ ਪ੍ਰੋਜੈਕਟ ਦਾ ਲਿਆ ਜਾਇਜ਼ਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਪਰਵਾਰ ਸਮੇਤ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਪੁੱਜੇ। ਉਨ੍ਹਾਂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਨਮਨ ਕੀਤਾ ਤੇ ਸੂਬੇ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਇਸ ਤੋਂ ਪਹਿਲਾਂ ਉਨ੍ਹਾਂ ਨੇ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਵੱਲੋਂ ਮੁੜ ਸੁਰਜੀਤ ਕੀਤੀ ਜਾ ਰਹੀ ਦੀਵਾਨ ਟੋਡਰ ਮੱਲ ਦੀ ਜਹਾਜ਼ੀ ਹਵੇਲੀ ਦਾ ਵੀ ਦੌਰਾ ਕੀਤਾ। ਉਨ੍ਹਾਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਸਾਡੀ ਇਤਿਹਾਸਕ ਧਰੋਹਰ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਦੀ ਮੁੜ ਤੋਂ ਸੰਭਾਲ ਦਾ ਬਲ, ਪ੍ਰਮਾਤਮਾ ਨੇ ਫਾਊਂਡੇਸ਼ਨ ਨੂੰ ਬਖਸ਼ਿਆ।ਉਨ੍ਹਾਂ ਇਸ ਨੇਕ ਕਾਰਜ 'ਚ ਫਾਊਂਡੇਸ਼ਨ ਨੂੰ ਸਹਿਯੋਗ ਦੇਣ ਲਈ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਸੰਗਤਾਂ ਦਾ ਵੀ ਧੰਨਵਾਦ ਕੀਤਾ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਦੀਵਾਨ ਟੋਡਰ ਮੱਲ ਹਵੇਲੀ ਦੇ ਨਵ ਨਿਰਮਾਣ ਦਾ ਪਹਿਲਾ ਪੜਾਅ ਮੁਕੰਮਲ ਹੋ ਚੁੱਕਾ ਹੈ, ਜਿਸ 'ਤੇ 9 ਕਰੋੜ ਰੁਪਏ ਦੀ ਲਾਗਤ ਆਈ ਹੈ।ਉਨ੍ਹਾਂ ਦੱਸਿਆ ਕਿ ਦੂਜੇ ਪੜਾਅ ਤਹਿਤ 6 ਕਰੋੜ ਰੁਪਏ ਦੀ ਲਾਗਤ ਨਾਲ ਕੰਮ ਕਰਾਏ ਜਾਣਗੇ ਤੇ ਫਾਊਂਡੇਸ਼ਨ ਵੱਲੋਂ ਇਸ ਪ੍ਰੋਜੈਕਟ ਲਈ 50 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਸਪੀਕਰ ਸੰਧਵਾਂ ਨੇ ਪਰਵਾਰ ਸਮੇਤ ਉਸ ਪਵਿੱਤਰ ਸ੍ਰੀ ਸਾਹਿਬ ਦੇ ਵੀ ਦਰਸ਼ਨ ਕੀਤੇ, ਜੋ ਕਿ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਾਅ ਦਾ ਨਾਅਰਾ ਮਾਰਨ ਵਾਲੇ ਮਲੇਰਕੋਟਲਾ ਦੇ ਨਵਾਬ ਸ਼ੇਰ ਖਾਨ ਨੂੰ ਬਖਸ਼ੀ ਸੀ।ਉਨ੍ਹਾਂ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਸ੍ਰੀ ਸਾਹਿਬ ਦੀ ਸੰਭਾਲ ਦਾ ਜ਼ਿੰਮਾ ਲਿਆ ਗਿਆ ਹੈ, ਜੋ ਸ਼ਲਾਘਾਯੋਗ ਹੈ।

# ਰੰਜਿਸ਼ ਦੇ ਚੱਲਦਿਆਂ ਚਾਚੀ-ਭਤੀਜੇ ਦੇ ਮਾਰੀਆਂ ਸੱਟਾਂ, 3 ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਜਾਮਾ ਰਖੱਈਆ ਉਤਾੜ ਵਿਖੇ ਰੰਜਿਸ਼ ਦੇ ਚੱਲਦਿਆਂ ਇਕ ਔਰਤ ਤੇ ਉਸ ਦੇ ਭਤੀਜੇ ਦੇ ਸੱਟਾਂ ਮਾਰਨ ਦੀ ਖਬਰ ਮਿਲੀ ਹੈ। ਥਾਣਾ ਮਮਦੋਟ ਪੁਲਸ ਨੇ 2 ਵਿਅਕਤੀਆਂ ਖਿਲਾਫ 298, 118 (1), 115 (2), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਮਨਪ੍ਰੀਤ ਸਿੰਘ ਪੁੱਤਰ ਲਖਵੰਤ ਸਿੰਘ ਵਾਸੀ ਜਾਮਾ ਰਖੱਈਆ ਉਤਾੜ ਨੇ ਦੱਸਿਆ ਕਿ 27 ਦਸੰਬਰ ਨੂੰ ਕਰੀਬ 12.30 ਵਜੇ ਉਹ ਅੱਜ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹੋਣ ਕਰਕੇ ਉਨ੍ਹਾਂ ਦੇ ਪਿੰਡ ਵਿੱਚ ਬਣੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਤੇ ਸੇਵਾ ਕਰਨ ਲਈ ਗਿਆ ਸੀ ਤਾਂ ਜਦ ਉਹ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਹਰਮੇਸ਼ ਸਿੰਘ ਪੁੱਤਰ ਸਾਧਾ ਸਿੰਘ ਵਾਸੀ ਜਾਮਾ ਰਖੱਈਆ ਉਤਾੜ ਦੇ ਘਰ ਤੋਂ ਲੰਗਰ ਲੈਣ ਲਈ ਜਾ ਰਿਹਾ ਸੀ ਤਾਂ ਦੋਸ਼ੀਅਨ ਗੁਰਪ੍ਰੀਤ ਸਿੰਘ ਪੁੱਤਰ ਸੋਹਣ ਸਿੰਘ ਅਤੇ ਸੋਹਣ ਸਿੰਘ ਪੁੱਤਰ ਤੇਜਾ ਸਿੰਘ ਵਾਸੀਅਨ ਜਾਮ ਰਖੱਈਆ ਉਤਾੜ ਗਲੀ 'ਚ ਹਮਮਸ਼ਵਰਾ ਹੋ ਕੇ ਖੜੇ ਸਨ, ਜਿਨ੍ਹਾਂ ਨੇ ਉਸ ਦੇ ਤੇ ਉਸ ਦੀ ਚਾਚੀ ਰਾਣੀ ਪਤਨੀ ਜਸਪਾਲ ਸਿੰਘ ਦੇ ਸੱਟਾਂ ਮਾਰੀਆਂ। ਵਜ੍ਹਾ ਰੰਜਿਸ਼ ਇਹ ਹੈ ਕਿ ਕੁਝ ਦਿਨ ਪਹਿਲਾਂ ਦੋਵਾਂ ਧਿਰਾਂ ਦੀ ਆਪਸ 'ਚ ਮਾਮੂਲੀ ਤਕਰਾਰ ਕਰਕੇ ਗਾਲੀ ਗਲੋਚ ਹੋਇਆ ਸੀ। ਇਸੇ ਦੇ ਚੱਲਦਿਆਂ ਉਕਤ ਦੋਸ਼ੀਅਨ ਨੇ ਉਨ੍ਹਾਂ ਦੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਹਾਦਸਿਆਂ ਦੇ ਬਾਵਜੂਦ ਟੀ ਪੁਆਇੰਟ 'ਤੇ ਨਹੀਂ ਹੋਇਆ ਕੋਈ ਇੰਤਜ਼ਾਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਟਿਆਲਾ ਰੋਡ ਉੱਤੇ ਸੰਗਰੂਰ ਕੈਂਚੀਆਂ ਸ਼ਹੀਦ ਊਧਮ ਸਿੰਘ ਚੌਕ ਵਿਖੇ ਇੱਕ ਵਾਰ ਫਿਰ ਵੱਡਾ ਸੜਕ ਹਾਦਸਾ ਵਾਪਰ ਗਿਆ।ਟੀ ਪੁਆਇੰਟ ਉੱਤੇ ਵਾਪਰੇ ਇਸ ਹਾਦਸੇ ਵਿੱਚ ਭਾਵੇਂ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ, ਪਰ ਹਾਦਸੇ ਵਿੱਚ ਪਲਟੀ ਹੋਈ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ।

ਸੰਗਰੂਰ ਸਾਈਡ ਤੋਂ ਆ ਰਹੀ ਇੱਕ ਕਾਰ ਖਤਰਨਾਕ ਕੀ ਪੁਆਇੰਟ 'ਤੇ ਅਚਾਨਕ ਸੰਤੁਲਨ ਖੋ ਬੈਠੀ ਤੇ ਪਲਟ ਗਈ।ਲੋਕਾਂ ਦਾ ਕਹਿਣਾ ਹੈ ਕਿ ਇਸ ਕੈਂਚੀਆਂ 'ਤੇ ਅਕਸਰ ਹਾਦਸੇ ਵਾਪਰ ਰਹੇ ਹਨ, ਪਰ ਇਸ ਦੇ ਬਾਵਜੂਦ ਪ੍ਰਸ਼ਾਸਨ ਤੇ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਕੋਈ ਠੋਸ ਪ੍ਰਬੰਧ ਨਹੀਂ ਕੀਤੇ ਗਏ।ਸੜਕ 'ਤੇ ਨਾ ਤਾਂ ਸਫੈਦ ਪੱਟੀਆਂ (ਰੋਡ ਮਾਰਕਿੰਗ) ਬਣੀਆਂ ਹਨ, ਨਾ ਹੀ ਸਟਰੀਟ ਲਾਈਟਾਂ ਲੱਗੀਆਂ ਹਨ ਤੇ ਨਾ ਹੀ ਕੋਈ ਚੇਤਾਵਨੀ ਜਾਂ ਸਾਵਧਾਨੀ ਬੋਰਡ ਲਗਾਏ ਗਏ ਹਨ।ਲੋਕਾਂ ਨੇ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਐੱਸਡੀਐੱਮ ਪਾਤੜਾਂ ਅਸ਼ੋਕ ਕੁਮਾਰ ਨੇ ਸੰਬੰਧਤ ਐਨਐੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇੱਥੇ ਪੱਕੇ ਪ੍ਰਬੰਧ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਸਨ, ਪਰ ਜ਼ਮੀਨੀ ਪੱਧਰ 'ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ।ਹਾਲਾਤ ਜਿਵੇਂ ਦੇ ਤਿਵੇਂ ਹਨ ਤੇ ਹਰ ਰੋਜ਼ ਕਿਸੇ ਵੱਡੇ ਹਾਦਸੇ ਦਾ ਡਰ ਬਣਿਆ ਰਹਿੰਦਾ ਹੈ।ਹਾਦਸੇ ਤੋਂ ਬਾਅਦ ਲੋਕਾਂ ਵਿੱਚ ਰੋਸ ਵੇਖਣ ਨੂੰ ਮਿਲਿਆ।ਦੱਸਣਯੋਗ ਹੈ ਕਿ ਇਸ ਟੀ ਪੁਆਇੰਟ ਚੌਕ ਵਿਚ ਕਈ ਵਾਰ ਵੱਡੇ ਹਾਦਸੇ ਵਾਪਰ ਚੁੱਕੇ ਹਨ, ਪਰ ਪ੍ਰਸ਼ਾਸਨ ਵੱਲੋਂ ਹਾਦਸਿਆਂ ਨੂੰ ਰੋਕਣ ਲਈ ਕੋਈ ਇੰਤਜ਼ਾਮ ਨਹੀਂ ਕੀਤਾ ਜਾ ਰਿਹਾ।ਲੋਕਾਂ ਨੇ ਸਵਾਲ ਉਠਾਇਆ ਕਿ ਕੀ ਪ੍ਰਸ਼ਾਸਨ ਕਿਸੇ ਵੱਡੀ ਅਨਹੋਣੀ ਦੀ ਉਡੀਕ ਕਰ ਰਿਹਾ ਹੈ।ਜੇ ਸਮੇਂ ਸਿਰ ਸੜਕ 'ਤੇ ਲਾਈਟਾਂ, ਸਪੀਡ ਬ੍ਰੇਕਰ, ਸਾਈਨ ਬੋਰਡ ਅਤੇ ਰੋਡ ਮਾਰਕਿੰਗ ਕਰ ਦਿੱਤੀ ਜਾਵੇ, ਤਾਂ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

# ਬਠਿੰਡਾ 'ਚ ਨੌਜਵਾਨ ਲੜਕੀ ਦਾ ਕਤਲ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਦੁਪਹਿਰੇ ਵੇਲੇ ਬਠਿੰਡਾ 'ਚ ਕਤਲ ਹੋਣ ਦੀ ਖ਼ਬਰ ਸਾਹਮਣੇ ਆਈ ਹੈ।ਮ੍ਰਿਤਕ ਲੜਕੀ ਦੀ ਸ਼ੱਕੀ ਹਾਲਾਤ ਵਿੱਚ ਲਾਸ਼ ਠੰਢੀ ਸੜਕ ਦੇ ਨਜ਼ਦੀਕ ਇੱਕ ਪੰਪ ਦੀ ਡਿੱਗੀ ਕੋਲੋਂ ਬਰਾਮਦ ਹੋਈ ਹੈ।ਲਾਸ਼ ਬੁਰੀ ਤਰ੍ਹਾਂ ਵੱਢੀ-ਟੁੱਕੀ ਹੋਈ ਸੀ। ਘਟਨਾ ਦਾ ਪਤਾ ਲੱਗਦਿਆਂ ਹੀ ਪੁਲਿਸ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਮੌਕੇ 'ਤੇ ਪੁੱਜ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਮ੍ਰਿਤਕ ਲੜਕੀ ਦੀ ਪਛਾਣ ਰਿਤਿਕਾ ਗੋਇਲ (23, 24 ਦੇ ਸਾਲ ਦੇ ਲਗਭਗ) ਪਤਨੀ ਸਾਹਿਲ ਯਾਦਵ ਵਾਸੀ ਅਰਜਨ ਨਗਰ ਬਠਿੰਡਾ ਵਜੋਂ ਹੋਈ ਹੈ।

ਰਿਤਿਕਾ ਤੇ ਸਾਹਿਲ ਦਾ ਤਿੰਨ ਸਾਲ ਪਹਿਲਾਂ ਪ੍ਰੇਮ ਵਿਆਹ ਹੋਇਆ ਸੀ ਤੇ ਹੁਣ ਦੋਨਾਂ ਦੇ ਇੱਕ 2 ਸਾਲ ਬੱਚਾ ਹੈ। ਹਾਲੇ ਤੱਕ ਅਧਿਕਾਰਤ ਤੌਰ 'ਤੇ ਪੁਲਸ ਵੱਲੋਂ ਇਸ ਮਾਮਲੇ ਸਬੰਧੀ ਕੋਈ ਖੁਲਾਸਾ ਨਹੀਂ ਕੀਤਾ ਗਿਆ, ਪ੍ਰੰਤੂ ਚੱਲ ਰਹੀ ਚਰਚਾ ਮੁਤਾਬਕ ਲੜਕੀ ਦਾ ਕਾਤਲ ਉਸਦੀ ਕੋਈ ਖਾਸ ਜਾਣ ਪਛਾਣ ਵਾਲਾ ਹੀ ਹੈ।ਚਰਚਾ ਨਜਾਇਜ਼ ਸਬੰਧਾਂ ਦੀ ਵੀ ਚੱਲ ਰਹੀ ਹੈ।ਲੜਕੀ ਦੇ ਪਤੀ ਸਾਹਿਲ ਮੁਤਾਬਕ ਰਿਤਿਕਾ ਬੀਤੇ ਕੱਲ ਦੁਪਿਹਰ ਸਮੇਂ ਘਰੋਂ ਮੋਬਾਇਲ ਦਾ ਕਲੇਮ ਲੈਣ ਦਾ ਦਾਅਵਾ ਕਰਕੇ ਘਰੋਂ ਗਈ ਸੀ ਤੇ ਮੁੜ ਕੇ ਵਾਪਸ ਨਹੀਂ ਪਰਤੀ, ਜਿਸ ਦੇ ਚੱਲਦੇ ਪਰਵਾਰ ਵੱਲੋਂ ਪੁਲਿਸ ਕੋਲ ਸਿਕਾਇਤ ਕੀਤੀ ਗਈ।ਰਿਤਿਕਾ ਸ਼ਹਿਰ ਦੇ ਬੈਂਕ ਬਜ਼ਾਰ 'ਚ ਇੱਕ ਸ਼ੋਅਰੂਮ 'ਤੇ ਨੌਕਰੀ ਕਰਦੀ ਸੀ, ਜਦਕਿ ਉਸਦਾ ਘਰ ਵਾਲਾ ਵੀ ਇੱਕ ਪ੍ਰਾਈਵੇਟ ਨੌਕਰੀ ਕਰਦਾ ਸੀ।ਐਸਪੀ ਸਿਟੀ ਨਰਿੰਦਰ ਸਿੰਘ ਮੁਤਾਬਕ ਮੁੱਢਲੀ ਜਾਂਚ ਤੋਂ ਬਾਅਦ ਥਾਣਾ ਕੈਨਾਲ ਕਲੋਨੀ ਵਿੱਚ ਪਰਚਾ ਦਰਜ ਕਰ ਲਿਆ ਗਿਆ ਹੈ ਤੇ ਜਲਦੀ ਹੀ ਕੇਸ ਨੂੰ ਹੱਲ ਕਰ ਲਿਆ ਜਾਵੇਗਾ।

# ਬੀ ਐੱਲ ਓ ਤੇ ਹੋਰ ਗ਼ੈਰ-ਵਿੱਦਿਅਕ ਕਾਰਜ ਤੋਂ ਅਧਿਆਪਕਾਂ ਨੂੰ ਫ਼ਾਰਗ ਕੀਤਾ ਜਾਵੇ : ਜੀ ਟੀ ਯੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਨੇ ਅਧਿਆਪਕਾਂ ਨੂੰ ਬੀ.ਐੱਲ.ਓ. ਕਾਰਜਾਂ ਸਮੇਤ ਗ਼ੈਰ-ਵਿੱਦਿਅਕ ਕਾਰਜਾਂ ਤੋਂ ਫ਼ਾਰਗ ਕਰਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਪੰਜਾਬ ਤੋਂ ਸਿੱਖਿਆ ਦੀ ਬਿਹਤਰੀ ਲਈ ਕੀਤੇ ਵਾਅਦੇ ਅਨੁਸਾਰ ਅਧਿਆਪਕ ਵਰਗ ਨੂੰ ਬੀ.ਐੱਲ.ਓ. ਕਾਰਜ ਤੋਂ ਫ਼ਾਰਗ ਕਰਨ ਦੀ ਮੰਗ ਕੀਤੀ।ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ, ਜਰਨਲ ਸਕੱਤਰ ਗੁਰਪ੍ਰੀਤ ਸਿੰਘ ਸੰਧੂ, ਅਜੀਤਪਾਲ ਸਿੰਘ, ਮੋਹਨ ਲਾਲ, ਭੋਲਾ ਸਿੰਘ, ਜਸਵਿੰਦਰ ਸਿੰਘ, ਸੁਮੇਸ਼ ਕੁਮਾਰ, ਸੁਖਵੰਤ ਸਿੰਘ, ਗੁਰਮੀਤ ਸਿੰਘ, ਪਵਿੱਤਰ ਸਿੰਘ, ਦਵਿੰਦਰ ਸਿੰਘ ਬੇਦੀ, ਸਾਹਿਬ ਸਿੰਘ, ਗੁਰਵਿੰਦਰ ਸਿੰਘ, ਗਗਨਦੀਪ ਸਿੰਘ, ਰਾਜਿੰਦਰ ਸਿੰਘ, ਨੇਪਾਲ ਸਿੰਘ ਗਿੱਲ, ਅਸ਼ੋਕ ਸ਼ਰਮਾ, ਨਵਦੀਪ ਸਿੰਘ ਸੁੱਖੀ, ਮਨੋਜ ਕੁਮਾਰ, ਸੁਨੀਲ ਕੁਮਾਰ, ਸੁਖਵਿੰਦਰ ਸਿੰਘ ਸੇਖੋਂ, ਭੁਪਿੰਦਰ ਸਿੰਘ, ਅਦੀਸ ਜੈਨ ਤੇ ਬਲਜਿੰਦਰ ਸਿੰਘ ਨੇ ਮੁੱਖ ਮੰਤਰੀ ਨੂੰ ਚੇਤੇ ਕਰਾਇਆ ਕਿ ਤੁਸੀਂ ਆਪਣੀ ਸਰਕਾਰ ਬਣਨ 'ਤੇ ਅਧਿਆਪਕਾਂ ਨੂੰ ਗੈਰ-ਵਿੱਦਿਅਕ ਕਾਰਜਾਂ ਤੋਂ ਫ਼ਾਰਗ ਕਰਨ ਦਾ ਵਾਅਦਾ ਕੀਤਾ ਸੀ, ਉਹ ਵਾਅਦਾ ਪੂਰਾ ਕੀਤਾ ਜਾਵੇ।ਅਧਿਆਪਕ ਵਰਗ ਵਿੱਚ ਲਗਭਗ 70% ਅਧਿਆਪਕ ਬੀ.ਐੱਲ.ਓ. ਕਾਰਜਾਂ ਵਿੱਚ ਲੱਗੇ ਹੋਏ ਹਨ।ਚੋਣਾਂ ਦਾ ਕਾਰਜ ਸਾਰਾ ਸਾਲ ਚੱਲਦਾ ਰਹਿੰਦਾ ਹੈ, ਜਿਸ ਨਾਲ ਬੱਚਿਆਂ ਦੀ ਸਿੱਖਿਆ 'ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ, ਅਧਿਆਪਕ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਰਹੇ ਹਨ।ਅਧਿਆਪਕਾਂ ਤੋਂ ਸਿੱਖਿਆ ਵਿਭਾਗ ਸਕੂਲਾਂ ਵਿੱਚ ਕਮਰੇ ਬਣਾਉਣ ਤੋਂ ਲੈ ਕੇ ਹੋਰ ਗ੍ਰਾਂਟਾਂ ਦਾ ਅਧਿਆਪਕਾਂ ਤੋਂ ਲੈ ਰਿਹਾ ਹੈ।ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਸਿਰਫ ਸਿੱਖਿਆ ਹੀ ਨਹੀਂ ਦੇਣ ਦਿੱਤੀ ਜਾ ਰਹੀ, ਪਰ ਹੋਰ ਗ਼ੈਰ-ਵਿੱਦਿਅਕ ਕਾਰਜ ਵੱਡੀ ਗਿਣਤੀ ਵਿੱਚ ਕਰਵਾਏ ਜਾ ਰਹੇ ਹਨ।ਪ੍ਰਾਇਮਰੀ ਪੱਧਰ 'ਤੇ ਪ੍ਰੀ ਪ੍ਰਾਇਮਰੀ ਜਮਾਤਾਂ ਸ਼ੁਰੂ ਹੋਣ ਨਾਲ ਅਧਿਆਪਕਾਂ ਦੀ ਜ਼ਿੰਮੇਵਾਰੀ ਹੋਰ ਵੱਧ ਗਈ ਹੈ, ਕਿਉਂਕਿ ਸਕੂਲਾਂ ਵਿੱਚ ਨਾਨ-ਟੀਚਿੰਗ ਸਟਾਫ਼ ਨਾ ਹੋਣ ਕਾਰਨ ਬੱਚਿਆਂ ਦੀ ਸਾਰੀ ਜ਼ੁੰਮੇਵਾਰੀ ਅਧਿਆਪਕ ਵਰਗ ਦੀ ਹੈ, ਇਸ ਲਈ ਅਧਿਆਪਕ ਵਰਗ ਨੂੰ ਹੋਰ ਬੇਲੋੜੇ ਕਾਰਜਾਂ ਤੋਂ ਮੁਕਤ ਕਰਕੇ ਸਿੱਖਿਆ 'ਤੇ ਹੀ ਪੂਰਾ ਧਿਆਨ ਦਿੱਤਾ ਜਾਵੇ।

# ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਵੱਲੋਂ 21 ਦੇ ਧਰਨੇ 'ਚ ਸ਼ਾਮਲ ਹੋਣ ਦਾ ਫੈਸਲਾ

**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਪਾਵਰਕਾਮ ਦੀ ਜਥੇਬੰਦੀ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਡਵੀਜ਼ਨ ਧੂਰੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਗਰਪਿੰਦਰ ਸਿੰਘ ਕਹੇਰੂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾਈ ਆਗੂ ਇੰਜੀਨੀਅਰ ਚਰਨਜੀਤ ਸਿੰਘ ਬਾਵਾ ਤੇ ਨਪਿੰਦਰ ਸਿੰਘ ਕਾਂਝਲਾ ਅਤੇ ਸਰਕਲ ਆਗੂ ਜਰਨੈਲ ਸਿੰਘ ਮਾਨਾ, ਮਨਜੀਤ ਸਿੰਘ ਲੱਡਾ ਤੇ ਕੁਲਜੀਤ ਸਿੰਘ ਨੇ ਹਿੱਸਾ ਲਿਆ। ਮੀਟਿੰਗ 'ਚ ਜਸਵੀਰ ਸ਼ਰਮਾ ਵੱਲੋਂ ਸਟੇਜ ਦੀ ਚਲਾਈ ਗਈ ਕਾਰਵਾਈ ਦੌਰਾਨ ਜਥੇਬੰਦੀ ਦੇ ਸਾਥੀਆਂ ਨੂੰ ਦਰਪੇਸ਼ ਸਮੱਸਿਆਵਾਂ ਤੇ ਜਥੇਬੰਦੀ ਦੇ ਵਿਸਤਾਰ ਲਈ ਵਿਚਾਰ ਚਰਚਾ ਕਰਦਿਆਂ 1 ਜਨਵਰੀ ਤੋਂ 9 ਜਨਵਰੀ ਤੱਕ ਰੋਜ਼ਾਨਾ 11 ਆਗੂਆਂ ਵੱਲੋਂ ਚੌਵੀ ਘੰਟੇ ਦੀ ਲੜੀਵਾਰ ਭੁੱਖ ਹੜਤਾਲ ਰੱਖ ਕੇ ਪ੍ਰਦਰਸ਼ਨ ਕਰਨ ਦਾ ਅਹਿਦ ਕੀਤਾ ਗਿਆ।ਮੀਟਿੰਗ 'ਚ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਦੇ ਸੱਦੇ ਤੇ 21 ਜਨਵਰੀ ਨੂੰ ਪਾਵਰਕਾਮ ਦੇ ਮੁੱਖ ਦਫ਼ਤਰ ਪਟਿਆਲਾ ਸਾਹਮਣੇ ਰੋਸ ਧਰਨੇ 'ਚ ਸ਼ਾਮਲ ਹੋਣ 'ਤੇ ਧਰਨੇ ਦੀ ਸਫ਼ਲਤਾ ਲਈ ਸ਼ਹਿਰ 'ਚ ਝੰਡਾ ਮਾਰਚ ਕਰਕੇ ਮੁਲਾਜ਼ਮਾਂ ਦੀ ਲਾਮਬੰਦੀ ਕਰਨ ਤੇ ਵੱਡੇ ਕਾਫਲੇ ਸਮੇਤ ਸ਼ਮੂਲੀਅਤ ਕਰਨ ਦਾ ਫੈਸਲਾ ਕਰਦਿਆਂ ਸਹਾਇਕ ਲਾਈਨਮੈਨ ਤੋਂ ਲਾਈਨਮੈਨ ਬਣਨ ਵਾਲੇ ਸਾਥੀਆਂ ਨੂੰ ਧੂਰੀ ਡਵੀਜ਼ਨ ਦੀਆਂ ਸਬ ਡਵੀਜ਼ਨਾਂ 'ਚ ਜੁਆਈਨ ਕਰਵਾਉਣ ਦੀ ਮੰਗ ਕੀਤੀ ਗਈ। ਮੀਟਿੰਗ ਵਿੱਚ ਸੰਦੀਪ ਸਿੰਘ ਦੀਦਾਰਗੜ੍ਹ, ਮਿੱਠੂ ਸਿੰਘ ਪੇਧਨੀ, ਜਸਪ੍ਰੀਤ ਭੋਜੋਵਾਲੀ, ਲਖਵੀਰ ਚੰਦ, ਸੁਖਜੀਤ ਸਿੰਘ ਭਲਵਾਨ, ਲੱਖੀ ਖੇੜੀ, ਕੁਲਦੀਪ ਸਿੰਘ ਰਾਜੋਮਾਜਰਾ, ਗੁਰਦੀਪ ਸਿੰਘ ਧਾਂਦਰਾ, ਗੁਰਸੇਵਕ ਸਿੰਘ ਆਦਿ ਹਾਜ਼ਰ ਸਨ।

# ਅਨਾਜ ਮੰਡੀ 'ਚ ਕਾਂਗਰਸ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ

## ਪਾਰਟੀ ਨੇ ਦੇਸ਼ ਦੀ ਅਜ਼ਾਦੀ ਤੇ ਤਰੱਕੀ 'ਚ ਅਹਿਮ ਯੋਗਦਾਨ ਪਾਇਆ : ਕਪਿਲ ਆਨੰਦ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ-ਸਮਰਾਲਾ ਰੋਡ 'ਤੇ ਅਨਾਜ ਮੰਡੀ ਵਿਖੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਨਿਰਦੇਸ਼ਾਂ ਤੇ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਪਾਰਟੀ ਦਾ 140ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਸ਼ਹਿਰੀ ਮਹਿਲਾ ਕਾਂਗਰਸ ਪ੍ਰਧਾਨ ਮਨਜੀਤ ਕੁਮਾਰੀ, ਜ਼ਿਲ੍ਹਾ ਉਪ ਪ੍ਰਧਾਨ ਜੇ. ਪੀ. ਸਿੰਘ ਮੱਕੜ, ਰਸਮੀ ਜੈਨ, ਸੁਰਿੰਦਰ ਕੁਮਾਰ ਛਿੰਦੀ (ਦੋਵੇਂ ਕੌਂਸਲਰ), ਚੇਤਨ ਕੁਮਾਰ, ਪਰਮਜੀਤ ਪੰਮੀ, ਅਮਰਜੀਤ ਸਿੰਘ, ਹਰਚੰਦ ਸਿੰਘ, ਬਲਵਿੰਦਰ ਰਾਏ ਚੌਧਰੀ, ਬੁੱਧਰਾਜ, ਸੁਖਦੀਪ ਸਿੰਘ ਸੋਨੀ, ਪਰਮਜੀਤ ਨੀਲੋਂ, ਸੰਜੇ ਜੈਨ, ਇੰਦਰਜੀਤ ਸਿੰਘ ਬੰਗੜ, ਰਜਿੰਦਰ ਕੁਮਾਰ ਗੱਗੀ, ਪਵਨ ਕੁਮਾਰ ਬੱਤਰਾ, ਨੰਦ ਕਿਸ਼ੋਰ, ਦਵਿੰਦਰ ਕੁਮਾਰ, ਸੁਭਾਸ਼ ਬੀਟਨ, ਰਿੰਕੂ ਸਿੰਗਲਾ, ਰਾਜੇਸ਼ ਬਾਂਸਲ, ਵਿਨੀਤ ਅਗਰਵਾਲ, ਸੌਰਵ ਨਾਗਪਾਲ, ਹਰਜੀਤ ਸਿੰਘ, ਜਸਕਰਨ ਸਿੰਘ ਮੱਕੜ, ਗੁਰਮੇਲ ਸਿੰਘ ਨੇ ਵੀ ਸ਼ਿਰਕਤ ਕੀਤੀ। ਕਾਂਗਰਸ ਦੇ ਸ਼ਹਿਰੀ ਪ੍ਰਧਾਨ ਐਡਵੋਕੇਟ ਕਪਿਲ ਆਨੰਦ ਨੇ ਇਸ ਮੌਕੇ ਦੱਸਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ 28 ਦਸੰਬਰ 1885 ਨੂੰ 'ਏ ਓ ਹਿਊਮ' ਵਲੋਂ ਮੁੰਬਈ ਵਿਚ ਕੀਤੀ ਗਈ ਸੀ ਜਿਸ ਦੇ ਪਹਿਲੇ ਸੈਸ਼ਨ ਵਿੱਚ 72 ਡੈਲੀਗੇਟਾਂ ਨੇ ਸ਼ਮੂਲੀਅਤ ਕੀਤੀ ਸੀ। ਕਾਂਗਰਸ ਪਾਰਟੀ ਨੇ ਗਠਨ ਤੋਂ ਬਾਅਦ ਦੇਸ਼ ਦੀ ਅਜ਼ਾਦੀ ਦੇ ਅੰਦੋਲਨ, ਸਮਾਜ ਸੁਧਾਰ, ਇਸ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਇਆ। ਕਪਿਲ ਆਨੰਦ ਨੇ ਦੱਸਿਆ ਕਿ ਸ੍ਰੀ ਮਹਾਤਮਾ ਗਾਂਧੀ ਨੇ 1919 ਤੋਂ ਲੈ ਕੇ 1948 ਤੱਕ ਪਾਰਟੀ ਦੀ ਅਗਵਾਈ ਕਰਦਿਆਂ ਅਜ਼ਾਦੀ ਲਈ ਸ਼ਾਂਤੀਪੂਰਵਕ ਢੰਗ ਨਾਲ ਲੜਾਈ ਲੜੀ। ਇਸ ਤੋਂ ਬਾਅਦ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਸ੍ਰੀ ਲਾਲ ਬਹਾਦਰ ਸਾਸ਼ਤਰੀ, ਸ੍ਰੀਮਤੀ ਇੰਦਰਾ ਗਾਂਧੀ, ਰਾਜੀਵ ਗਾਂਧੀ ਨੇ ਕਾਂਗਰਸ ਪਾਰਟੀ ਦੀ ਅਗਵਾਈ ਕਰਦਿਆਂ ਅਜ਼ਾਦੀ ਤੋਂ 50 ਸਾਲ ਬਾਅਦ ਵੀ ਦੇਸ਼ ਦੀ ਤਰੱਕੀ ਲਈ ਕੰਮ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਹੀ ਇੱਕ ਅਜਿਹੀ ਪਾਰਟੀ ਹੈ ਜੋ ਭੇਦਭਾਵ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਨਾਲ ਲੈ ਕੇ ਤੁਰਦੀ ਹੈ ਅਤੇ ਇੱਕ ਸੈਕੂਲਰ ਪਾਰਟੀ ਹੈ।

# ਪੰਜਾਬ 'ਚ ਸਪੈਸ਼ਲ ਐਜੂਕੇਟਰਾਂ ਦੀ ਭਾਰੀ ਕਮੀ, ਹਜ਼ਾਰਾਂ ਪੋਸਟਾਂ ਖਾਲੀ, ਸਪੈਸ਼ਲ ਬੱਚਿਆਂ ਦਾ ਭਵਿੱਖ ਖ਼ਤਰੇ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸਹਾਰਾ ਐਜੂਕੇਸ਼ਨ ਐਂਡ ਰਿਹੈਬਿਲੀਟੇਸ਼ਨ ਸੁਸਾਇਟੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਸਪੈਸ਼ਲ ਬੱਚਿਆਂ ਦੀ ਸਿੱਖਿਆ ਨਾਲ ਜੁੜੀ ਸਥਿਤੀ ਬਹੁਤ ਹੀ ਗੰਭੀਰ ਹੈ।ਉਨ੍ਹਾਂ ਦੱਸਿਆ ਕਿ ਸਹਾਰਾ ਸੰਸਥਾ ਪਿਛਲੇ 15 ਸਾਲਾਂ ਤੋਂ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਦੀ ਸਿੱਖਿਆ ਤੇ ਪੁਨਰਵਾਸ ਲਈ ਕੰਮ ਕਰ ਰਹੀ ਹੈ।ਪ੍ਰੈੱਸ ਕਾਨਫਰੰਸ ਦਾ ਮਕਸਦ ਸਪੈਸ਼ਲ ਐਜੂਕੇਟਰਾਂ ਦੀ ਕਮੀ ਕਾਰਨ ਸਪੈਸ਼ਲ ਬੱਚਿਆਂ ਦੀ ਸਿੱਖਿਆ 'ਤੇ ਪੈ ਰਹੇ ਸਿੱਧੇ ਪ੍ਰਭਾਵ ਵੱਲ ਸਰਕਾਰ ਤੇ ਸਮਾਜ ਦਾ ਧਿਆਨ ਖਿੱਚਣਾ ਹੈ।

ਡਾ. ਪਰਗਟ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਆਰ.ਟੀ.ਆਈ ਦੇ ਤਹਿਤ ਕੀਤੇ ਗਏ ਦਖ਼ਲ ਤੋਂ ਬਾਅਦ ਦੇਸ਼ ਭਰ 'ਚ ਸਕੂਲਾਂ ਵਿੱਚ ਸਪੈਸ਼ਲ ਐਜੂਕੇਟਰਾਂ ਦੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਹੋਈ।ਇਸ ਤਹਿਤ ਪੰਜਾਬ ਸਰਕਾਰ ਵੱਲੋਂ 3600 ਸਪੈਸ਼ਲ ਐਜੂਕੇਟਰ ਪੋਸਟਾਂ ਨੂੰ ਕੈਬਨਿਟ ਮਨਜ਼ੂਰੀ ਦਿੱਤੀ ਗਈ।ਯੋਜਨਾ ਅਨੁਸਾਰ ਪਹਿਲੇ ਪੜਾਅ ਵਿੱਚ 1100, ਦੂਜੇ 'ਚ 1200 ਤੇ ਤੀਜੇ ਚਰਨ ਵਿੱਚ 1300 ਪੋਸਟਾਂ ਭਰੀਆਂ ਜਾਣੀਆਂ ਹਨ।ਪਹਿਲੇ ਸਾਲ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ 376 ਸਪੈਸ਼ਲ ਐਜੂਕੇਟਰਾਂ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਤੇ 725 ਨਵੀਂਆਂ ਪੋਸਟਾਂ ਐਡਵਰਟਾਈਜ਼ ਕੀਤੀਆਂ ਗਈਆਂ।ਭਰਤੀ ਪ੍ਰਕਿਰਿਆ ਤਹਿਤ 15-16 ਨਵੰਬਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪੇਪਰ ਲਿਆ ਗਿਆ, ਜਿਸ ਤੋਂ ਬਾਅਦ ਸਕਰੂਟਨੀ ਤੇ ਫਾਇਨਲ ਲਿਸਟ ਜਾਰੀ ਹੋਈ।ਇਸ ਪ੍ਰਕਿਰਿਆ ਦੇ ਅੰਤ ਵਿੱਚ ਪ੍ਰਾਇਮਰੀ ਕੈਡਰ ਵਿੱਚ ਲਗਭਗ 160 ਤੇ ਮਾਸਟਰ ਕੈਡਰ ਵਿੱਚ ਲਗਭਗ 187 ਉਮੀਦਵਾਰ ਹੀ ਯੋਗ ਨਿਕਲੇ, ਜਿਨ੍ਹਾਂ ਨੂੰ 1 ਜਨਵਰੀ ਤੋਂ ਜੋਇਨਿੰਗ ਲੈਟਰ ਜਾਰੀ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਵੱਡੀ ਗਿਣਤੀ ਵਿੱਚ ਪੋਸਟਾਂ ਖਾਲੀ ਰਹਿ ਗਈਆਂ।ਡਾ. ਪਰਗਟ ਸਿੰਘ ਨੇ ਕਿਹਾ ਕਿ ਅਜੇ ਵੀ 3000 ਤੋਂ ਵੱਧ ਪੋਸਟਾਂ ਆਉਣੀਆਂ ਬਾਕੀ ਹਨ, ਪਰ ਜੇ ਜਾਗਰੂਕਤਾ ਨਹੀਂ ਵਧੀ ਤਾਂ ਇਹ ਵੀ ਖਾਲੀ ਰਹਿਣਗੀਆਂ।

ਇਸ ਭਰਤੀ ਵਿੱਚ ਲਗਭਗ 50% ਉਮੀਦਵਾਰ ਰਾਜਸਥਾਨ ਤੇ ਹੋਰ ਰਾਜਾਂ ਤੋਂ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਿਸੇ ਰਾਜ ਦੇ ਖ਼ਿਲਾਫ਼ ਮਸਲਾ ਨਹੀਂ, ਬਲਕਿ ਪੰਜਾਬ ਵਿੱਚ ਸਪੈਸਲ ਐਡੂਕੇਸਨ ਬਾਰੇ ਜਾਗਰੂਕਤਾ ਦੀ ਕਮੀ ਦਾ ਨਤੀਜਾ ਹੈ।ਉਨ੍ਹਾਂ ਦੱਸਿਆ ਕਿ ਸਪੈਸ਼ਲ ਐਜੂਕੇਟਰ ਨਾ ਹੋਣ ਕਾਰਨ ਸਪੈਸ਼ਲ ਬੱਚਿਆਂ ਨੂੰ ਸਕੂਲਾਂ ਵਿੱਚ ਯੋਗ ਅਧਿਆਪਕ ਨਹੀਂ ਮਿਲ ਰਹੇ, ਜਿਸ ਨਾਲ ਉਨ੍ਹਾਂ ਦੀ ਸਿੱਖਿਆ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੀ ਹੈ।ਬਠਿੰਡਾ ਸ਼ਹਿਰ 'ਚ ਹੀ ਸਹਾਰਾ ਸੰਸਥਾ ਨਾਲ ਜੁੜੇ 500 ਤੋਂ ਵੱਧ ਸਪੈਸ਼ਲ ਬੱਚੇ ਸਕੂਲਾਂ ਵਿੱਚ ਸਹਾਇਤਾ ਨਾ ਮਿਲਣ ਕਾਰਨ ਡ੍ਰੌਪਆਊਟ ਹੋ ਚੁੱਕੇ ਹਨ, ਜੋ ਬਹੁਤ ਹੀ ਦੁਖਦਾਈ ਤੇ ਚਿੰਤਾਜਨਕ ਸਥਿਤੀ ਹੈ।ਡਾ. ਪਰਗਟ ਸਿੰਘ ਨੇ ਕਿਹਾ ਕਿ ਸਪੈਸ਼ਲ ਐਜੂਕੇਸ਼ਨ ਸਿਰਫ਼ ਦੋ ਸਾਲਾਂ ਦਾ ਕੋਰਸ ਈ ਟੀ ਟੀ ਤੇ ਬੀ ਐਡ ਸਪੈਸਲ ਹੈ, ਜੋ ਨਾ ਸਿਰਫ਼ ਇੱਕ ਪੱਕਾ ਰੋਜ਼ਗਾਰ ਦਿੰਦਾ ਹੈ, ਸਗੋਂ ਸਮਾਜ ਸੇਵਾ ਨਾਲ ਵੀ ਜੁੜਿਆ ਹੋਇਆ ਹੈ।

# ਖਾਲੀ ਪਲਾਟਾਂ 'ਚ ਕੂੜੇ-ਕਰਕਟ, ਗੰਦਗੀ ਤੇ ਗੰਦੇ ਪਾਣੀ ਦੇ ਇਕੱਠੇ ਹੋਣ 'ਤੇ ਮਾਲਕ ਨੂੰ ਹੋਵੇਗਾ ਜੁਰਮਾਨਾ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀ ਹਦੂਦ ਅੰਦਰ ਨਿੱਜੀ ਕਬਜ਼ੇ/ਮਾਲਕੀ ਵਾਲੇ ਖਾਲੀ ਪਏ ਪਲਾਟਾਂ 'ਚ ਕੂੜੇ ਕਰਕਟ, ਗੰਦਗੀ ਤੇ ਗੰਦੇ ਪਾਣੀ ਦੇ ਇਕੱਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਅਗਾਊਂ ਢੁੱਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਵਿਸ਼ੇਸ਼ ਹੁਕਮ ਜਾਰੀ ਕੀਤੇ ਹਨ।

ਹੁਕਮ 'ਚ ਕਿਹਾ ਗਿਆ ਹੈ ਕਿ ਸ਼ਹਿਰ 'ਚ ਖਾਲੀ ਪਏ ਪਲਾਟਾਂ ਦੇ ਮਾਲਕ/ਕਾਬਜ ਆਪਣੇ ਖਾਲੀ ਪਲਾਟਾਂ ਵਿੱਚ ਲੱਗੇ ਕੂੜੇ ਕਰਕਟ ਦੇ ਢੇਰ, ਗੰਦਗੀ ਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ਼-ਸਫ਼ਾਈ ਆਪਣੇ ਪੱਧਰ 'ਤੇ ਕਰਾਉਣੀ ਯਕੀਨੀ ਬਣਾਉਣਗੇ। ਆਪਣੀ ਮਾਲਕੀ/ਕਬਜ਼ੇ ਵਾਲੇ ਖਾਲੀ ਪਲਾਟ ਦੇ ਆਲੇ-ਦੁਆਲੇ ਪੱਕੀ ਚਾਰਦੀਵਾਰੀ ਜਾਂ ਫੈਂਸਿੰਗ ਕਰਾਉਣੀ ਯਕੀਨੀ ਬਣਾਈ ਜਾਵੇ ਜਾਂ ਪਲਾਟ 'ਚ ਕੂੜਾ ਕਰਕਟ ਇਕੱਠਾ ਹੋਣ ਤੋਂ ਰੋਕਿਆ ਜਾਵੇ।

ਹੁਕਮ ਵਿਚ ਕਿਹਾ ਗਿਆ ਹੈ ਕਿ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਮਾਨਸਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਰਾਹੀਂ ਜਾਰੀ ਇਨ੍ਹਾਂ ਹੁਕਮਾਂ ਦੀ ਪਾਲਣਾ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976, ਵਾਤਾਵਰਣ (ਸੁਰੱਖਿਆ) ਐਕਟ, 1986 ਅਤੇ ਮਿਊਂਸਪਲ ਸੌਲਿਡ ਵੇਸਟ (ਮੈਨੇਜਮੈਂਟ ਤੇ ਹੈਂਡਲਿੰਗ) ਨਿਯਮ, 2016 ਅਧੀਨ ਕਰਵਾਉਣੀ ਯਕੀਨੀ ਬਣਾਉਣਗੇ।ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ/ਅਦਾਰਿਆਂ ਵਿਰੁੱਧ ਜਨਤਕ ਸਿਹਤ ਨੂੰ ਨੁਕਸਾਨ ਪੁਚਾਉਣ ਦੇ ਸਿੱਟੇ ਵਜੋਂ ਉਕਤ ਨਿਯਮਾਂ ਤਹਿਤ ਜੁਰਮਾਨੇ ਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਮਾਮਲੇ ਦਰਜ ਕੀਤੇ ਜਾਣ। ਇਸ ਤੋਂ ਇਲਾਵਾ ਜੇਕਰ ਪਲਾਟ ਦੀ ਸਾਫ ਸਫਾਈ ਦਾ ਕੰਮ ਨਗਰ ਕੌਂਸਲ/ਪੰਚਾਇਤ ਵੱਲੋਂ ਕਰਾਇਆ ਜਾਂਦਾ ਹੈ ਤਾਂ ਸਾਫ਼-ਸਫ਼ਾਈ 'ਤੇ ਹੋਣ ਵਾਲੇ ਖਰਚ ਦੀ ਰਿਕਵਰੀ ਪਲਾਟ ਦੇ ਕਾਬਜ/ਮਾਲਕ ਪਾਸੋਂ ਕੀਤੀ ਜਾਵੇ।

# ਭਾਰਤੀ ਰੇਲਵੇ ਦੀ 5 ਸਾਲ 'ਚ ਪ੍ਰਮੁੱਖ ਸ਼ਹਿਰਾਂ 'ਚ ਰੇਲ ਗੱਡੀਆਂ ਦੀ ਸੰਚਾਲਨ ਸਮਰੱਥਾ ਦੁੱਗਣੀ ਕਰਨ ਦੀ ਯੋਜਨਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਯਾਤਰਾ ਦੀ ਮੰਗ ਵਿੱਚ ਲਗਾਤਾਰ ਹੋ ਰਹੇ ਤੇਜ਼ ਵਾਧੇ ਨੂੰ ਦੇਖਦੇ ਹੋਏ ਅਗਲੇ 5 ਸਾਲਾਂ ਵਿਚ ਪ੍ਰਮੁੱਖ ਸ਼ਹਿਰਾਂ ਦੀਆਂ ਨਵੀਆਂ ਰੇਲ ਗੱਡੀਆਂ ਦੇ ਸੰਚਾਲਨ ਦੀ ਸਮਰੱਥਾ ਨੂੰ ਮੌਜੂਦਾ ਪੱਧਰ ਤੋਂ ਦੁੱਗਣਾ ਕਰਨਾ ਜ਼ਰੂਰੀ ਹੈ। ਆਗਾਮੀ ਸਾਲਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ? ?ਕਰਨਾ ਹੋਵੇਗਾ। ਸਾਲ 2030 ਤੱਕ ਸੰਚਾਲਨ ਸਮਰੱਥਾ ਨੂੰ ਦੁੱਗਣੀ ਕਰਨ ਲਈ ਕਾਰਜ ਸ਼ਾਮਲ ਹੋਣਗੇ। ਮੌਜੂਦਾ ਟਰਮੀਨਲਾਂ ਨੂੰ ਵਾਧੂ ਪਲੇਟਫਾਰਮ, ਸਟੇਬਲਿੰਗ ਲਾਈਨ, ਪਿਟ ਲਾਈਨ ਤੇ ਲੋੜੀਂਦੀਆਂ ਸ਼ੰਟਿੰਗ ਸਹੂਲਤਾਂ ਨਾਲ ਲੈੱਸ ਕਰਨਾ। ਸ਼ਹਿਰੀ ਖੇਤਰ 'ਚ ਤੇ ਉਸਦੇ ਆਲੇ-ਦੁਆਲੇ ਨਵੇਂ ਟਰਮੀਨਲਾਂ ਦੀ ਪਛਾਣ ਤੇ ਨਿਰਮਾਣ ਕਰਨਾ। ਮੈਗਾ ਕੋਚਿੰਗ ਕੰਪਲੈਕਸਾਂ ਸਮੇਤ ਰੱਖ-ਰਖਾਅ (ਮੇਨਟੇਨੈਂਸ) ਸਹੂਲਤਾਂ। ਵੱਖ-ਵੱਖ ਸਥਾਨਾਂ 'ਤੇ ਰੇਲ ਗੱਡੀਆਂ ਦੀ ਵਧਦੀ ਗਿਣਤੀ ਦਾ ਪ੍ਰਬੰਧ ਕਰਨ ਲਈ ਟਰੈਫਿਕ ਸਹੂਲਤ ਕਾਰਜਾਂ, ਸਿਗਨਲਿੰਗ ਅਪਗ੍ਰੇਡੇਸ਼ਨ ਤੇ ਮਲਟੀ-ਟਰੈਕਿੰਗ ਰਾਹੀਂ ਸੈਕਸ਼ਨਲ ਸਮਰੱਥਾ ਵਿਚ ਵਾਧਾ ਕਰਨਾ। ਉੱਤਰ ਰੇਲਵੇ ਦੇ 10 ਰੇਲਵੇ ਸਟੇਸ਼ਨਾਂ ਨੂੰ ਵੀ ਬੁਨਿਆਦੀ ਢਾਂਚੇ ਦੇ ਸੁਧਾਰ (ਇਨਫਰਾਸਟਰਕਚਰ ਅਪਗ੍ਰੇਡ) ਲਈ ਚਿੰਨ੍ਹਤ ਕੀਤਾ ਗਿਆ ਹੈ। ਉੱਤਰ ਰੇਲਵੇ ਦੇ ਚਿੰਨ੍ਹਤ ਦਸ ਸਟੇਸ਼ਨ, ਜਿਨ੍ਹਾਂ ਵਿਚ ਦਿੱਲੀ, ਲਖਨਊ, ਵਾਰਾਣਸੀ, ਅਯੁੱਧਿਆ, ਚੰਡੀਗੜ੍ਹ, ਲੁਧਿਆਣਾ, ਅੰਮ੍ਰਿਤਸਰ, ਜੰਮੂ, ਹਰਿਦੁਆਰ, ਬਰੇਲੀ ਹਨ। ਸਮਰੱਥਾ ਨੂੰ ਸਾਲ 2030 ਤੱਕ ਦੁੱਗਣਾ ਕਰਨ ਦੀ ਯੋਜਨਾ ਹੈ, ਪਰ ਇਹ ਉਮੀਦ ਹੈ ਕਿ ਅਗਲੇ 5 ਸਾਲਾਂ ਵਿਚ ਸਮਰੱਥਾ 'ਚ ਪੜਾਅਵਾਰ ਵਾਧਾ ਕੀਤਾ ਜਾਵੇਗਾ ਤਾਂ ਜੁ ਸਮਰੱਥਾ ਵਾਧੇ ਦੇ ਲਾਭ ਤੁਰੰਤ ਪ੍ਰਾਪਤ ਕੀਤੇ ਜਾ ਸਕਣ। ਇਸ ਨਾਲ ਆਉਣ ਵਾਲੇ ਸਾਲਾਂ 'ਚ ਆਵਾਜਾਈ ਦੀ ਵਧਦੀ ਲੋੜ ਨੂੰ ਪੂਰਾ ਕਰਨ ਵਿਚ ਮੱਦਦ ਮਿਲੇਗੀ।

ਯੋਜਨਾ ਵਿੱਚ ਕਾਰਜਾਂ ਨੂੰ ਤਿੰਨ ਸ਼੍ਰੇਣੀਆਂ, ਭਾਵ ਤਤਕਾਲ, ਅਲਪਕਾਲੀ ਤੇ ਦੀਰਘਕਾਲੀ (ਲੰਬੇ ਸਮੇਂ) ਵਿੱਚ ਵੰਡਿਆ ਜਾਵੇਗਾ। ਮੌਜੂਦਾ ਸਟੇਸ਼ਨ ਬਿਲਡਿੰਗ ਨੂੰ ਢਾਹ ਕੇ ਪਲੇਟਫਾਰਮ ਨੰਬਰ 1 ਤੇ 16 ਦੇ ਕੋਲ ਦੋ ਸਟੇਸ਼ਨ ਬਿਲਡਿੰਗਾਂ ਬਣਾਈਆਂ ਜਾਣਗੀਆਂ। ਨਵੀਂ ਸਟੇਸ਼ਨ ਬਿਲਡਿੰਗ ਦਾ ਖੇਤਰਫਲ ਮੌਜੂਦਾ 17,274 ਵਰਗ ਮੀਟਰ ਬਿਲਟਅੱਪ ਏਰੀਏ ਦੇ ਮੁਕਾਬਲੇ ਲਗਭਗ 1,09,000 ਵਰਗ ਮੀਟਰ ਹੋਵੇਗਾ। ਅਜੇ ਰੋਜ਼ਾਨਾ ਚਾਰ ਲੱਖ ਯਾਤਰੀਆਂ ਨੂੰ ਸੰਭਾਲਿਆ ਜਾਂਦਾ ਹੈ। ਨਵੇਂ ਸਟੇਸ਼ਨ ਨੂੰ ਰੋਜ਼ਾਨਾ ਸੱਤ ਲੱਖ ਯਾਤਰੀਆਂ ਨੂੰ ਸੰਭਾਲਣ ਲਈ ਡਿਜ਼ਾਈਨ ਕੀਤਾ ਗਿਆ ਹੈ। ਇਨ੍ਹਾਂ ਇਮਾਰਤਾਂ 'ਚ ਉਚਿਤ ਹੋਲਡਿੰਗ ਏਰੀਆ, ਐਲੀਵੇਟਿਡ ਰੋਡ ਤੋਂ ਸਟੇਸ਼ਨ ਬਿਲਡਿੰਗ ਤੱਕ ਯਾਤਰੀਆਂ ਦੀ ਆਵਾਜਾਈ ਲਈ ਐਪਰਨ ਏਰੀਆ ਵੀ ਸ਼ਾਮਲ ਹੋਵੇਗਾ। ਇਨ੍ਹਾਂ ਇਮਾਰਤਾਂ ਵਿਚ ਪਾਰਕਿੰਗ ਦੀ ਸਹੂਲਤ ਹੋਵੇਗੀ। ਸ਼ਹਿਰ ਦੇ ਟ੍ਰੈਫ਼ਿਕ ਤੇ ਮੈਟਰੋ ਦੇ ਵੱਖ-ਵੱਖ ਮੋਡਸ ਨਾਲ ਤਾਲਮੇਲ (ਇੰਟੀਗ੍ਰੇਸ਼ਨ) ਦੀ ਯੋਜਨਾ ਬਣਾਈ ਗਈ ਹੈ। ਵਰਤਮਾਨ 'ਚ ਜੰਮੂਤਵੀ ਸਟੇਸ਼ਨ ਵਿੱਚ ਅਪਗ੍ਰੇਡ ਕਾਰਜ ਪ੍ਰਗਤੀ ਅਧੀਨ ਹਨ, ਜਿਸ ਵਿੱਚ ਵਾਧੂ ਪਿਟ ਲਾਈਨ, 4 ਵਾਧੂ ਪਲੇਟਫਾਰਮ ਤੇ 7 ਵਾਧੂ ਸਟੇਬਲਿੰਗ ਲਾਈਨਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਸ ਨਾਲ ਜ਼ਿਆਦਾ ਟਰੇਨ ਸੰਚਾਲਨ ਸੰਭਵ ਹੋਵੇਗਾ। ਟਰੇਨਾਂ ਦੀ ਗਤੀ ਵਿੱਚ ਵੀ ਵਾਧਾ ਹੋਵੇਗਾ ਤੇ ਟਰੇਨ ਮੇਨਟੇਨੈਂਸ ਵੀ ਬਿਹਤਰ ਹੋਵੇਗੀ। ਬਰੇਲੀ ਜੰਕਸ਼ਨ 'ਤੇ ਵੀ ਯਾਰਡ ਰੀਮਾਡਲਿੰਗ ਪ੍ਰਸਤਾਵਿਤ ਹੈ। ਯਾਰਡ ਰੀਮਾਡਲਿੰਗ ਤੋਂ ਬਾਅਦ ਇਹ ਸਟੇਸ਼ਨ 24 ਕੋਚਾਂ ਵਾਲੀ ਟਰੇਨ ਦਾ ਸੰਚਾਲਨ ਆਸਾਨੀ ਨਾਲ ਕਰ ਸਕੇਗਾ। ਇਸ ਤੋਂ ਇਲਾਵਾ ਸਿਕ ਲਾਈਨ ਤੇ ਪਿਟ ਲਾਈਨ ਦਾ ਵਿਸਤਾਰ ਹੋਵੇਗਾ। ਇਨ੍ਹਾਂ ਕਾਰਜਾਂ ਨਾਲ ਜ਼ਿਆਦਾ ਟਰੇਨਾਂ ਦਾ ਸੰਚਾਲਨ ਕੀਤਾ ਜਾ ਸਕੇਗਾ, ਨਾਲ ਹੀ ਟਰੇਨ ਮੇਨਟੇਨੈਂਸ ਦਾ ਕੰਮ ਹੋਰ ਬਿਹਤਰ ਹੋਵੇਗਾ। ਕੇਂਦਰੀ ਰੇਲ ਮੰਤਰੀ, ਸੂਚਨਾ ਅਤੇ ਪ੍ਰਸਾਰਣ ਮੰਤਰੀ ਅਤੇ ਇਲੈਕਟਰਾਨਿਕਸ ਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਅਸੀਂ ਯਾਤਰੀਆਂ ਦੀ ਵੱਧਦੀ ਮੰਗ ਨੂੰ ਪੂਰਾ ਕਰਨ ਤੇ ਭੀੜ ਨੂੰ ਘੱਟ ਕਰਨ ਲਈ ਵੱਖ-ਵੱਖ ਸ਼ਹਿਰਾਂ ਵਿਚ ਕੋਚਿੰਗ ਟਰਮੀਨਲਾਂ ਦਾ ਵਿਸਤਾਰ ਕਰ ਰਹੇ ਹਾਂ ਤੇ ਸੈਕਸ਼ਨਲ ਅਤੇ ਸੰਚਾਲਨ ਸਮਰੱਥਾਵਾਂ ਨੂੰ ਵਧਾ ਰਹੇ ਹਾਂ। ਇਸ ਕਦਮ ਨਾਲ ਸਾਡੇ ਰੇਲਵੇ ਨੈੱਟਵਰਕ ਦਾ ਪੱਧਰ ਉੱਚਾ ਹੋਵੇਗਾ ਤੇ ਦੇਸ਼ ਵਿਆਪੀ ਸੰਪਰਕ ਸਹੂਲਤ ਵਿੱਚ ਸੁਧਾਰ ਹੋਵੇਗਾ।

## ਐੱਸ ਡੀ ਐੱਮ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਅਗਲੇ ਪੜਾਅ ਲਈ ਮੀਟਿੰਗ



ਮਾਨਸਾ/ਭੀਖੀ (ਆਤਮਾ ਸਿੰਘ ਪਮਾਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਅਧਿਕਾਰੀਆਂ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਐੱਸ ਡੀ ਐੱਮ ਮਾਨਸਾ ਕਾਲਾ ਰਾਮ ਕਾਂਸਲ ਨੇ ਕਿਹਾ ਕਿ ਨਸ਼ਿਆਂ ਦੀ ਅਲਾਮਤ ਨੂੰ ਜ਼ਿਲ੍ਹੇ ਵਿੱਚੋਂ ਜੜ੍ਹੋਂ ਖ਼ਤਮ ਕਰਕੇ ਮੁੱਖ ਮੰਤਰੀ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਦਿਆਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਵਿੱਚ ਯੋਗਦਾਨ ਪਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ, ਡਿਫੈਂਸ ਕਮੇਟੀਆਂ ਤੇ ਆਮ ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖ਼ਾਤਮਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਮੇਟੀਆਂ ਵੱਲੋਂ 9779100200 ਸੇਫ ਪੰਜਾਬ ਹੈਲਪਲਾਈਨ ਉੱਤੇ ਨਸ਼ਿਆਂ ਸਬੰਧੀ ਜਾਣਕਾਰੀ ਦੇਣ ਲਈ ਸੰਪਰਕ ਕੀਤਾ ਜਾ ਸਕਦਾ ਹੈ।ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਅਗਲੇ ਪੜਾਅ ਲਈ ਜ਼ਿਲ੍ਹਾ ਕੋਆਰਡੀਨੇਟਰ ਰਾਜਿੰਦਰ ਸਿੰਘ ਜੈਫਰੀ ਦੀ ਅਗਵਾਈ ਵਿੱਚ ਮੀਟਿੰਗ ਹੋਈ, ਜਿਸ ਵਿੱਚ ਐੱਸ ਡੀ ਐੱਮ ਕਾਲਾ ਰਾਮ ਕਾਂਸਲ ਮਾਨਸਾ ਵੱਲੋਂ ਵਿਸ਼ੇਸ਼ ਤੌਰ 'ਤੇ ਹਲਕੇ ਨਾਲ ਸਬੰਧਤ ਸਾਰੇ ਪੰਚਾਇਤ ਸੈਕਟਰੀ, ਐੱਸ ਐੱਚ ਓ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਬਲਾਕ ਕੋਆਰਡੀਨੇਟਰਾਂ ਨੂੰ ਸੱਦਿਆ ਗਿਆ।ਮੀਟਿੰਗ ਦੌਰਾਨ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਅਗਲੇ ਪੜਾਅ ਬਾਰੇ ਚਰਚਾ ਕੀਤੀ ਗਈ, ਜਿਸ ਵਿੱਚ ਪਿੰਡ ਪਿੰਡ ਜਾ ਕੇ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਮੀਟਿੰਗਾਂ ਕਰਨਾ ਤੇ 8 ਜਨਵਰੀ ਤੋਂ ਪਿੰਡਾਂ ਵਿੱਚ ਹੋਣ ਵਾਲੀਆਂ ਪਦ-ਯਾਤਰਾਵਾਂ ਨੂੰ ਯਕੀਨੀ ਬਣਾਉਣ 'ਤੇ ਵੀ ਜ਼ੋਰ ਦਿੱਤਾ ਗਿਆ।ਉਨ੍ਹਾਂ ਹਾਜ਼ਰੀਨ ਮੁਲਜ਼ਮਾਂ ਨੂੰ ਪੂਰੀ ਸ਼ਿੱਦਤ ਨਾਲ ਪ੍ਰੋਗਰਾਮ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ।

## ਫਿਨਲੈਂਡ ਦੌਰੇ ਤੋਂ ਪਰਤੇ ਅਧਿਆਪਕਾਂ ਨੇ ਸਾਂਝੇ ਕੀਤੇ ਤਜਰਬੇ

### ਚੰਗੀ ਕਾਰਗੁਜ਼ਾਰੀ ਵਾਲੇ 7 ਅਧਿਆਪਕਾਂ ਦਾ ਸਨਮਾਨ



ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪੰਜਾਬ ਸਰਕਾਰ ਵੱਲੋਂ ਵਿੱਦਿਅਕ ਢਾਂਚੇ ਵਿੱਚ ਸੁਧਾਰ ਕਰਨ ਦੇ ਮਕਸਦ ਨਾਲ ਫਿਨਲੈਂਡ ਦੌਰੇ 'ਤੇ ਭੇਜੇ ਗਏ ਅਧਿਆਪਕ ਆਪਣੀ ਟ੍ਰੇਨਿੰਗ ਪੂਰੀ ਕਰਕੇ ਵਾਪਸ ਪਰਤ ਆਏ ਹਨ, ਜਿਨ੍ਹਾਂ ਨੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨਾਲ ਫਿਨਲੈਂਡ ਦੌਰੇ ਦੇ ਤਜਰਬੇ ਸਾਂਝੇ ਕੀਤੇ।ਸਿੱਖਿਆ ਵਿਭਾਗ ਪੰਜਾਬ ਦੇ ਬਲਾਕ ਪਟਿਆਲਾ-2 ਦੇ ਹੋਣਹਾਰ ਚੰਗੀਆਂ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਦਾ ਸਨਮਾਨ ਕੀਤਾ।ਇਹ ਸਨਮਾਨ ਬਲਾਕ ਪਟਿਆਲਾ-2 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰ. ਪ੍ਰਿਥੀ ਸਿੰਘ ਵੱਲੋਂ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ ਦੇ ਸੈਮੀਨਾਰ ਹਾਲ ਵਿਖੇ ਕਰਵਾਏ ਇੱਕ ਸਮਾਗਮ ਮੌਕੇ ਦਿੱਤਾ ਗਿਆ।ਸਨਮਾਨਤ ਹੋਏ ਅਧਿਆਪਕਾਂ ਵਿੱਚ ਅਧਿਆਪਕਾ ਏਮਨਦੀਪ ਕੌਰ, ਤਰਵਿੰਦਰ ਸਿੰਘ, ਅਧਿਆਪਕ ਸੁਖਜੀਤ ਸਿੰਘ ਮੱਟੂ, ਸਤਵੀਰ ਸਿੰਘ, ਹਰਪ੍ਰੀਤ ਕੌਰ, ਬਲਜੀਤ ਕੌਰ ਤੇ ਗੁਰਦੀਪ ਕੌਰ ਸ਼ਾਮਲ ਹਨ।ਜ਼ਿਕਰਯੋਗ ਹੈ ਕਿ ਬਲਾਕ ਪਟਿਆਲਾ-2 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰ. ਪ੍ਰਿਥੀ ਸਿੰਘ ਵੀ ਫਿਨਲੈਂਡ ਦੌਰੇ 'ਤੇ ਗਏ ਸਨ।ਫਿਨਲੈਂਡ ਦੌਰੇ ਤੋਂ ਟ੍ਰੇਨਿੰਗ ਹਾਸਲ ਕਰਕੇ ਪਹੁੰਚੇ ਅਧਿਆਪਕਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਫਿਨਲੈਂਡ ਦਾ ਸਿੱਖਿਆ ਤੰਤਰ ਸਿਰਫ ਇਸ ਕਰਕੇ ਕਾਰਗਰ ਹੈ ਕਿ ਉੱਥੇ ਅਨੁਸ਼ਾਸਨ ਬਹੁਤ ਜ਼ਿਆਦਾ ਹੈ। ਉੱਥੋਂ ਦੇ ਸਕੂਲਾਂ ਵਿੱਚ ਪਹਿਲੀ ਜਮਾਤ ਦਾ ਵਿਦਿਆਰਥੀ ਵੀ ਬਿਨਾਂ ਕਹੇ ਪਾਣੀ ਪੀਣ ਲਈ ਜਾਂ ਵਾਸ਼ਰੂਮ ਦੀ ਵਰਤੋਂ ਕਰਨ ਲਈ ਲਾਈਨ ਵਿੱਚ ਖੜ੍ਹਾ ਹੁੰਦਾ ਹੈ।ਇਸ ਤੋਂ ਇਲਾਵਾ ਜਦੋਂ ਅਧਿਆਪਕ ਕਲਾਸ ਵਿੱਚ ਪੜ੍ਹਾ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਦੌਰਾਨ ਅਧਿਆਪਕ ਕਲਾਸ ਵਿੱਚ ਆਉਣ ਵਾਲੇ ਕਿਸੇ ਵੀ ਸ਼ਖ਼ਸ ਨਾਲ ਗੱਲਬਾਤ ਨਹੀਂ ਕਰਦਾ, ਸਿਰਫ ਲੈਕਚਰ ਖ਼ਤਮ ਹੋਣ ਮਗਰੋਂ ਹੀ ਗੱਲਬਾਤ ਕਰਦਾ ਹੈ।ਇਸ ਤੋਂ ਇਲਾਵਾ ਉੱਥੋਂ ਦੇ ਅਧਿਆਪਕ ਵਿਦਿਆਰਥੀਆਂ ਨੂੰ ਪ੍ਰੈਕਟੀਕਲੀ ਪੜ੍ਹਾਉਣ ਵਿੱਚ ਜ਼ਿਆਦਾ ਵਿਸ਼ਵਾਸ ਕਰਦੇ ਹਨ।ਮੌਸਮ ਕਿੰਨਾ ਵੀ ਠੰਢਾ ਹੋਵੇ, ਵਿਦਿਆਰਥੀਆਂ ਨੂੰ ਸਾਵਧਾਨੀ ਵਰਤਦਿਆਂ ਕਲਾਸਰੂਮ ਵਿੱਚੋਂ ਬਾਹਰ ਜ਼ਰੂਰ ਕੱਢਿਆ ਜਾਂਦਾ ਹੈ ਤਾਂ ਜੋ ਬੱਚੇ ਆਲੇ ਦੁਆਲੇ ਨਾਲ ਜੁੜਨ ਤੇ ਪੜ੍ਹਾਈ ਵਿੱਚ ਫੋਕਸ ਬਣਾ ਕੇ ਰੱਖ ਸਕਣ।ਲੋਕਾਂ ਦਾ ਵਿਵਹਾਰ ਇਮਾਨਦਾਰ ਤੇ ਹਰ ਇੱਕ ਦੀ ਮਦਦ ਲਈ ਤਿਆਰ ਰਹਿਣ ਵਾਲਾ ਹੈ।ਇਸ ਮੌਕੇ ਸਮੁੱਚੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਬੀਪੀਈਓ ਪ੍ਰਿਥੀ ਸਿੰਘ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਂ ਦਾ ਸਨਮਾਨ ਕਰਨ ਮੌਕੇ ਉਹ ਖ਼ੁਦ ਵੀ ਖ਼ੁਸ਼ੀ ਤੇ ਮਾਣ ਮਹਿਸੂਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਬਲਾਕ ਦੇ ਹੋਰਨਾਂ ਅਧਿਆਪਕਾਂ ਨੂੰ ਵੀ ਇਨ੍ਹਾਂ ਅਧਿਆਪਕਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।ਇਸ ਮੌਕੇ ਸੀਐੱਚਟੀ ਭੁਪਿੰਦਰ ਸਿੰਘ, ਸੀਐੱਚਟੀ ਪੂਰਨ ਸਿੰਘ, ਸੀਐੱਚਟੀ ਸਤਵੰਤ ਕੌਰ ਸਮੇਤ ਬਲਾਕ ਅਧੀਨ ਪੈਂਦੇ 59 ਦੇ ਕਰੀਬ ਵੱਖ-ਵੱਖ ਸਕੂਲਾਂ ਦੇ ਮੁੱਖ ਅਧਿਆਪਕ ਤੇ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਭਾਜਪਾ ਦੀ ਮਨਰੇਗਾ ਖ਼ਤਮ ਕਰਨ ਦੀ ਨੀਤੀ ਨੂੰ ਬੂਰ ਨਹੀਂ ਪੈਣ ਦੇਵਾਂਗੇ : ਦਲਵੀਰ ਢਿੱਲੋਂ

### ਵੱਖ-ਵੱਖ ਪਿੰਡਾਂ 'ਚ ਮਨਰੇਗਾ ਕਾਮਿਆਂ ਤੋਂ ਫ਼ਾਰਮ ਭਰਵਾਏ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਯੋਜਨਾ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਮਜ਼ਦੂਰ ਵਰਗ ਦੀ ਰੋਜ਼ੀ-ਰੋਟੀ 'ਤੇ ਸਿੱਧਾ ਹਮਲਾ ਹਨ।ਉਨ੍ਹਾਂ ਆਖਿਆ ਕਿ ਮਨਰੇਗਾ ਸਿਰਫ਼ ਇੱਕ ਯੋਜਨਾ ਨਹੀਂ, ਸਗੋਂ ਪਿੰਡਾਂ ਦੇ ਮਿਹਨਤੀ ਲੋਕਾਂ ਲਈ ਜੀਵਨ-ਰੇਖਾ ਹੈ, ਜਿਸ ਨੂੰ ਕਮਜ਼ੋਰ ਕਰਨ ਦੀ ਕੋਈ ਵੀ ਕੋਸ਼ਿਸ਼ ਪੰਜਾਬ ਵਿੱਚ ਕਦੇ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ।ਦਲਵੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਸਰਕਾਰ ਨੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਵੀ ਸੱਦਿਆ ਹੈ, ਤਾਂ ਜੋ ਮਨਰੇਗਾ ਕਾਮਿਆਂ ਦੇ ਹੱਕਾਂ ਦੀ ਆਵਾਜ਼ ਮਜ਼ਬੂਤੀ ਨਾਲ ਉਠਾਈ ਜਾ ਸਕੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਮਨਰੇਗਾ ਕਾਮਿਆਂ ਤੋਂ ਵੱਡੀ ਗਿਣਤੀ ਵਿੱਚ ਫ਼ਾਰਮ ਭਰਵਾਏ ਜਾ ਰਹੇ ਹਨ, ਜਿਨ੍ਹਾਂ ਨੂੰ 29 ਦਸੰਬਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਰੱਖਿਆ ਜਾਵੇਗਾ।

ਦਲਵੀਰ ਸਿੰਘ ਢਿੱਲੋਂ ਨੇ ਪਿੰਡ ਮੂਲੋਵਾਲ ਸਮੇਤ ਇਲਾਕੇ ਦੇ ਹੋਰ ਪਿੰਡਾਂ ਵਿੱਚ ਮਨਰੇਗਾ ਕਾਮਿਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਗਰੀਬ ਦੀ ਆਵਾਜ਼ ਹੈ ਤੇ ਰਹੇਗੀ। ਉਨ੍ਹਾਂ ਕਿਹਾ ਕਿ ਮਨਰੇਗਾ ਨੂੰ ਖ਼ਤਮ ਕਰਨ ਦੀ ਭਾਜਪਾ ਦੀ ਨੀਤੀ ਨੂੰ ਬੂਰ ਨਹੀਂ ਪੈਣ ਦਿੱਤਾ ਜਾਵੇਗਾ ਤੇ ਮਜ਼ਦੂਰਾਂ ਦੇ ਹੱਕਾਂ ਲਈ ਲੜਾਈ ਹਰ ਮੰਚ 'ਤੇ ਲੜੀ ਜਾਵੇਗੀ।

## ਪੁਲਸ ਨੇ ਸਬ-ਡਵੀਜ਼ਨ ਧਰਮਕੋਟ 'ਚ ਚਲਾਇਆ ਕਾਸੋ ਅਪ੍ਰੇਸ਼ਨ



ਮੋਗਾ (ਇਕਬਾਲ ਸਿੰਘ ਖਹਿਰਾ)-ਡੀ.ਜੀ.ਪੀ. ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਐੱਸ.ਐੱਸ.ਪੀ. ਮੋਗਾ ਦੀ ਅਗਵਾਈ ਹੇਠ ਨਸ਼ਿਆਂ ਖ਼ਿਲਾਫ਼ ਚੱਲ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਬ ਡਵੀਜ਼ਨ ਧਰਮਕੋਟ ਦੇ ਡੀਐੱਸਪੀ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਕਾਸੋ ਆਪ੍ਰੇਸ਼ਨ ਚਲਾਇਆ ਗਿਆ, ਜਿਸ ਦੌਰਾਨ ਉਨ੍ਹਾਂ ਨਾਲ ਥਾਣਾ ਧਰਮਕੋਟ, ਥਾਣਾ ਕੋਟੀ ਸਿੱਖ, ਥਾਣਾ ਫਤਿਹਗੜ੍ਹ ਪੰਜਤੂਰ ਦੇ ਐੱਸਐੱਚਓ ਮੌਜੂਦ ਸਨ, ਵੱਲੋਂ ਲਗਾਤਾਰ ਪ੍ਰਭਾਵਸ਼ਾਲੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।ਇਸ ਤਹਿਤ ਥਾਣਾ ਧਰਮਕੋਟ ਪੁਲਸ ਵੱਲੋਂ ਦੋ ਵੱਖ-ਵੱਖ ਮਾਮਲਿਆਂ ਵਿੱਚ ਨਸ਼ਾ ਤਸਕਰੀ ਨਾਲ ਜੁੜੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ।ਮੁਕੱਦਮਾ ਨੰਬਰ 340 ਮਿਤੀ 25-12-2025, ਅਧੀਨ ਧਾਰਾਵਾਂ 21, 27, 61-85 ਐਨ ਡੀ ਪੀ ਐਸ ਐਕਟ ਥਾਣਾ ਧਰਮਕੋਟ ਇਸ ਮਾਮਲੇ ਵਿੱਚ ਬਲਜਿੰਦਰ ਸਿੰਘ ਪੁੱਤਰ ਸੁਖਵਿੰਦਰ ਸਿੰਘ, ਵਾਸੀ ਪਿੰਡ ਫਿਰੋਜ਼ਵਾਲਾ (ਧਰਮਕੋਟ) ਨੂੰ ਗ੍ਰਿਫ਼ਤਾਰ ਕੀਤਾ ਗਿਆ।ਮੁਲਜ਼ਮ ਦੀ ਤਲਾਸ਼ੀ ਦੌਰਾਨ ਉਸ ਪਾਸੋਂ 20 ਗ੍ਰਾਮ ਹੈਰੋਇਨ ਤੇ ਇੱਕ ਸਿਰੰਜ ਬਰਾਮਦ ਕੀਤੀ ਗਈ।ਉਕਤ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਇੱਕ ਹੋਰ ਮਾਮਲੇ ਵਿੱਚ ਬਲਵਿੰਦਰ ਸਿੰਘ ਉਰਫ਼ ਕਾਲਾ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਨੂਰਪੁਰ ਹਕੀਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਤਲਾਸ਼ੀ ਦੌਰਾਨ ਉਸ ਪਾਸੋਂ 30 ਨਸ਼ੀਲੀਆਂ ਗੋਲੀਆਂ (ਖੁੱਲ੍ਹੀਆਂ) ਬਰਾਮਦ ਕੀਤੀਆਂ ਗਈਆਂ।ਇਸ ਤੋਂ ਇਲਾਵਾ ਕਾਸੋ ਆਪ੍ਰੇਸ਼ਨ ਤੇ ਚੈਕਿੰਗ ਦੌਰਾਨ 11 ਵਿਅਕਤੀਆਂ, ਜੋ ਨਸ਼ਾ ਕਰਨ ਦੇ ਆਦੀ ਪਾਏ ਗਏ, ਨੂੰ ਮਨੁੱਖੀ ਪੱਖ ਨੂੰ ਧਿਆਨ ਵਿੱਚ ਰੱਖਦਿਆਂ ਨਸ਼ਾ ਛੁਡਾਓ ਕੇਂਦਰ ਵਿੱਚ ਦਾਖ਼ਲ ਕਰਵਾਇਆ ਗਿਆ, ਤਾਂ ਜੋ ਉਨ੍ਹਾਂ ਨੂੰ ਇਲਾਜ ਤੇ ਕੌਂਸਲਿੰਗ ਰਾਹੀਂ ਮੁੱਖਧਾਰਾ ਸਮਾਜ ਨਾਲ ਜੋੜਿਆ ਜਾ ਸਕੇ।ਉਨ੍ਹਾਂ ਕਿਹਾ ਕਿ ਮੋਗਾ ਪੁਲਸ ਨਸ਼ਿਆਂ ਤੇ ਗੈਰ-ਕਾਨੂੰਨੀ ਗਤੀਵਿਧੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਭਵਿੱਖ ਵਿੱਚ ਵੀ ਅਜਿਹੀਆਂ ਕਾਰਵਾਈਆਂ ਲਗਾਤਾਰ ਜਾਰੀ ਰਹਿਣਗੀਆਂ।

## ਪੀ ਆਰ ਟੀ ਸੀ ਤੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਨਵੇਂ ਬੱਸ ਸਟੈਂਡ ਬਾਹਰ ਟ੍ਰੈਫਿਕ ਦੇ ਹੱਲ ਲਈ ਜਾਇਜ਼ਾ

### ਆਮ ਲੋਕਾਂ ਤੇ ਯਾਤਰੀਆਂ ਨੂੰ ਜਲਦ ਮਿਲੇਗੀ ਰਾਹਤ : ਨਵਦੀਪ ਕੁਮਾਰ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਨਵੇਂ ਬੱਸ ਸਟੈਂਡ ਪਟਿਆਲਾ ਦੇ ਬਾਹਰ ਪੈਦਾ ਹੋ ਰਹੀ ਗੰਭੀਰ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਵਧੀਕ ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਸ੍ਰੀ ਨਵਦੀਪ ਕੁਮਾਰ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ ਤੇ ਮੀਟਿੰਗ ਮਗਰੋਂ ਹੋਰਨਾਂ ਅਧਿਕਾਰੀਆਂ ਨਾਲ ਮੌਕੇ ਦਾ ਵਿਸਥਾਰ ਨਾਲ ਜਾਇਜ਼ਾ ਵੀ ਲਿਆ।ਮੀਟਿੰਗ ਵਿੱਚ ਸ੍ਰੀਮਤੀ ਹਰਜੋਤ ਕੌਰ, ਐੱਸ.ਡੀ.ਐੱਮ. ਪਟਿਆਲਾ, ਜਤਿੰਦਰਪਾਲ ਸਿੰਘ ਗਰੇਵਾਲ, ਜੀ.ਐੱਮ. ਪੀ.ਆਰ.ਟੀ.ਸੀ., ਸ੍ਰੀ ਪੁਨੀਤ ਸਿੰਘ ਚਾਹਲ, ਉੱਪ-ਕਪਤਾਨ ਪੁਲਸ (ਟ੍ਰੈਫਿਕ) ਪਟਿਆਲਾ ਸਮੇਤ ਨਗਰ ਨਿਗਮ, ਟ੍ਰੈਫਿਕ ਪੁਲਸ, ਨੈਸ਼ਨਲ ਹਾਈਵੇਅ ਅਥਾਰਟੀ ਤੇ ਪੀ.ਡਬਲਿਊ.ਡੀ. ਦੇ ਅਧਿਕਾਰੀ ਹਾਜ਼ਰ ਸਨ।ਮੀਟਿੰਗ ਦੌਰਾਨ ਨਵੇਂ ਬੱਸ ਸਟੈਂਡ ਦੇ ਬਾਹਰ ਸੜਕ ਦੇ ਦੋਵੇਂ ਪਾਸਿਆਂ 'ਤੇ ਖੜ੍ਹੇ ਅਣ-ਰਜਿਸਟਰਡ ਈ-ਰਿਕਸ਼ਿਆਂ ਤੇ ਆਟੋ-ਰਿਕਸ਼ਿਆਂ ਕਾਰਨ ਟ੍ਰੈਫਿਕ ਵਿੱਚ ਆ ਰਹੀ ਰੁਕਾਵਟ 'ਤੇ ਗੰਭੀਰ ਚਰਚਾ ਕੀਤੀ ਗਈ।ਇਸ ਸਬੰਧੀ ਨਗਰ ਨਿਗਮ ਪਟਿਆਲਾ ਨੂੰ ਟ੍ਰੈਫਿਕ ਪੁਲਸ ਦੀ ਸਹਾਇਤਾ ਨਾਲ ਇਨ੍ਹਾਂ ਵਾਹਨਾਂ ਨੂੰ ਨਿਯੰਤਰਤ ਕਰਨ ਤੇ ਨਿਯਮਾਂ ਅਨੁਸਾਰ ਕਾਰਵਾਈ ਕਰਨ ਦੇ ਸਪੱਸ਼ਟ ਨਿਰਦੇਸ਼ ਦਿੱਤੇ ਗਏ।ਇਸ ਤੋਂ ਇਲਾਵਾ ਬੱਸ ਸਟੈਂਡ ਵਿੱਚ ਚੱਲ ਰਹੀਆਂ ਬੱਸਾਂ 'ਤੇ ਲੱਗੇ ਪ੍ਰੈਸ਼ਰ ਹਾਰਨਾਂ ਨੂੰ ਤੁਰੰਤ ਉਤਾਰਨ ਲਈ ਬੱਸ ਚਾਲਕਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ।ਟ੍ਰੈਫਿਕ ਪੁਲਸ ਨੂੰ ਨਵੇਂ ਬੱਸ ਸਟੈਂਡ ਨੇੜੇ ਗਲਤ ਪਾਸੇ ਤੋਂ ਆਉਣ ਵਾਲੇ ਵਾਹਨਾਂ ਨੂੰ ਰੋਕਣ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟਣ ਦੇ ਵੀ ਨਿਰਦੇਸ਼ ਦਿੱਤੇ ਗਏ।ਮੀਟਿੰਗ ਵਿੱਚ ਨੈਸ਼ਨਲ ਹਾਈਵੇਅ ਤੇ ਪੀ.ਡਬਲਿਊ.ਡੀ. ਦੇ ਅਧਿਕਾਰੀਆਂ ਵੱਲੋਂ ਬੱਸ ਸਟੈਂਡ ਦੇ ਸਾਹਮਣੇ ਟ੍ਰੈਫਿਕ ਲਾਈਟਾਂ ਲਗਾਉਣ, ਜ਼ੈਬਰਾ ਕਰਾਸਿੰਗ ਬਣਾਉਣ, ਡਿਵਾਈਡਰ ਮਜ਼ਬੂਤ ਕਰਨ ਤੇ ਪਾਰਕ ਹਸਪਤਾਲ ਵਾਲੇ ਪਾਸੇ ਦੀ ਸੜਕ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕਰਨ ਦਾ ਭਰੋਸਾ ਵੀ ਦਿੱਤਾ ਗਿਆ।ਉਪਰੋਕਤ ਅਧਿਕਾਰੀਆਂ ਨੇ ਭਰੋਸਾ ਦਿਵਾਇਆ ਕਿ ਉਕਤ ਉਪਰਾਲਿਆਂ ਨਾਲ ਨਵੇਂ ਬੱਸ ਸਟੈਂਡ ਪਟਿਆਲਾ ਦੇ ਬਾਹਰ ਟ੍ਰੈਫਿਕ ਪ੍ਰਬੰਧ ਸੁਧਰੇਗਾ ਤੇ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

## ਨਗਰ ਕੀਰਤਨ ਮੌਕੇ ਮਾਤਾ ਗੁਜਰੀ ਕਾਲਜ ਦਾ ਸਟਾਫ਼ ਤੇ ਵਿਦਿਆਰਥੀ ਹੋਏ ਨਤਮਸਤਕ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਜੀ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਮਾਤਾ ਗੁਜਰੀ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਸ਼ਹੀਦੀ ਸਭਾ ਦੇ ਮੌਕੇ ਨਿਮਰਤਾ ਅਤੇ ਸ਼ਰਧਾ ਭਾਵਨਾ ਨਾਲ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਵਿੱਚ ਕਾਲਜ ਸਟਾਫ਼ ਤੇ ਵਿਦਿਆਰਥੀਆਂ ਨਾਲ ਸ਼ਾਮਲ ਹੋਏ।ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਮਹਾਨ ਸ਼ਹੀਦਾਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਅਤੇ ਕਾਲਜ ਦੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਸ਼ਹੀਦੀ ਸਭਾ ਦੌਰਾਨ ਕੀਤੇ ਸੇਵਾ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

ਕਾਲਜ ਦੇ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਜ ਵੱਲੋਂ ਸ਼ਹੀਦੀ ਸਭਾ ਮੌਕੇ ਵੱਖ-ਵੱਖ ਸੇਵਾ ਕਾਰਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਤੇ ਕਾਲਜ ਦੀ ਗਵਰਨਿੰਗ ਬਾਡੀ ਦੇ ਔਨਰੇਰੀ ਸਕੱਤਰ ਜਥੇ. ਸੁਖਮਿੰਦਰ ਸਿੰਘ ਦੀ ਸੁਯੋਗ ਅਗਵਾਈ ਤੇ ਸਹਿਯੋਗ ਨਾਲ ਕਰਵਾਏ ਗਏ।ਉਨ੍ਹਾਂ ਸ਼ਹੀਦੀ ਸਭਾ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਵਾਲੇ ਕਾਲਜ ਦੇ ਲਗਭਗ 1000 ਵਿਦਿਆਰਥੀਆਂ ਤੇ ਵਲੰਟੀਅਰਾਂ ਨੂੰ ਭਵਿੱਖ ਵਿੱਚ ਵੀ ਇਸੇ ਪ੍ਰਕਾਰ ਸ਼ਰਧਾ ਭਾਵਨਾ ਨਾਲ ਧਾਰਮਿਕ ਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਕਾਲਜ ਦੇ ਵਾਇਸ ਪ੍ਰਿੰਸੀਪਲ ਡਾ. ਵਿਕਰਮਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਪ੍ਰਤਾਪ ਸਿੰਘ, ਮਾਤਾ ਗੁਜਰੀ ਜੀ ਵੈੱਲਫ਼ੇਅਰ ਸੁਸਾਇਟੀ (ਰਜਿ.) ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਜਥੇ: ਸੁਰਿੰਦਰ ਸਿੰਘ ਮਟੌਰ, ਐਡਵੋਕੇਟ ਸ. ਅਮਰਦੀਪ ਸਿੰਘ ਧਾਰਨੀ, ਕਾਲਜ ਅਲੂਮਨੀ ਐਸੋਸੀਏਸ਼ਨ ਦੇ ਪ੍ਰਧਾਨ ਸ. ਹਰਪਾਲ ਸਿੰਘ ਚੀਮਾ, ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਪ੍ਰੋ. ਬੀਰਇੰਦਰ ਸਿੰਘ ਸਰਾਓ, ਪ੍ਰੋ. ਹਰਭਿੰਦਰ ਸਿੰਘ, ਡਾ. ਪੁਸ਼ਪਿੰਦਰ ਸਿੰਘ, ਪ੍ਰੋ. ਹਰਮਨਜੀਵਨਜੋਤ ਸਿੰਘ, ਪ੍ਰੋ. ਭਗਵੰਤ ਸਿੰਘ ਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

## ਨੈਸ਼ਨਲ ਸਕੂਲਜ਼ ਗੇਮਾਂ 'ਚ ਖੇਡੇਗੀ ਅਖਾੜਾ ਦੀ ਧੀ ਮਨਪ੍ਰੀਤ ਕੌਰ



ਜਗਰਾਉਂ (ਅਮਿਤ ਖੰਨਾ)-69ਵੀਆਂ ਪੰਜਾਬ ਸਕੂਲਜ਼ ਗੇਮਾਂ 'ਚ ਅੰਡਰ-14 ਹਾਕੀ ਰਾਹੀਂ ਲੁਧਿਆਣਾ ਜ਼ਿਲ੍ਹੇ ਵੱਲੋਂ ਖੇਡ ਕੇ ਸੂਬੇ ਭਰ ਵਿੱਚੋਂ ਦੂਜਾ ਸਥਾਨ ਹਾਸਲ ਕਰਨ ਵਾਲੀ ਪਿੰਡ ਅਖਾੜਾ ਦੇ ਸੈਕੰਡਰੀ ਸਕੂਲ ਦੀ ਵਿਦਿਆਰਥਣ ਮਨਪ੍ਰੀਤ ਕੌਰ ਹੁਣ ਨੈਸ਼ਨਲ ਸਕੂਲਜ਼ ਗੇਮਾਂ 'ਚ ਪੰਜਾਬ ਦੀ ਨੁਮਾਇੰਦਗੀ ਕਰੇਗੀ।ਦੱਸਣਯੋਗ ਹੈ ਕਿ ਮਨਪ੍ਰੀਤ ਕੌਰ ਨੇ ਸਰਕਾਰੀ ਸੈਕੰਡਰੀ ਸਕੂਲ ਅਖਾੜਾ ਦੇ ਪ੍ਰਿੰਸੀਪਲ ਸਰਵਦੀਪ ਕੌਰ ਖਟਕੜ ਤੇ ਕੋਚ ਕੁਲਵਿੰਦਰ ਸਿੰਘ ਸਮਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੁਧਿਆਣਾ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰਦਿਆਂ ਅੰਡਰ-14 ਹਾਕੀ 'ਚ ਸੂਬੇ ਭਰ 'ਚੋਂ ਦੂਜਾ ਸਥਾਨ ਹਾਸਲ ਕਰਕੇ ਆਪਣੇ ਪਿੰਡ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਸੀ।ਹੁਣ ਮਨਪ੍ਰੀਤ ਕੌਰ ਨੇ ਨੈਸ਼ਨਲ ਪੱਧਰ ਦੇ ਪ੍ਰਦਰਸ਼ਨ ਲਈ ਟਰਾਇਲ ਪਾਸ ਕੀਤਾ ਹੈ ਤੇ ਉਹ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਲਈ ਪੰਜਾਬ ਦੀ ਪ੍ਰਤੀਨਿਧਤਾ ਕਰੇਗੀ।ਮਨਪ੍ਰੀਤ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਨਾਜ਼ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਸਰਵਦੀਪ ਕੌਰ ਨੇ ਹੋਣਹਾਰ ਖਿਡਾਰਨ ਦੇ ਮਾਪਿਆਂ ਤੇ ਕੋਚ ਕੁਲਵਿੰਦਰ ਸਿੰਘ ਨੂੰ ਵਧਾਈ ਭੇਟ ਕੀਤੀ ਹੈ।ਕੋਚ ਕੁਲਵਿੰਦਰ ਸਿੰਘ ਸਮਰਾ ਨੇ ਦੱਸਿਆ ਕਿ ਮਨਪ੍ਰੀਤ ਕੌਰ ਬੇਹੱਦ ਮਿਹਨਤੀ ਖਿਡਾਰਨ ਹੈ, ਜਿਸ ਦੀਆਂ ਪ੍ਰਾਪਤੀਆਂ 'ਚੋਂ ਚੰਗੀ ਹੋਣਹਾਰ ਖਿਡਾਰਨ ਦੀ ਤਸਵੀਰ ਦਿਖਾਈ ਦਿੰਦੀ ਹੈ।ਉਨ੍ਹਾਂ ਦੱਸਿਆ ਕਿ ਮਨਪ੍ਰੀਤ ਕੌਰ ਨੇ ਆਪਣੇ ਅੰਦਰਲੇ ਖਿਡਾਰੀ ਨੂੰ ਪ੍ਰਪੱਕ ਬਣਾਉਣ ਲਈ ਦਿਨ-ਰਾਤ ਮਿਹਨਤ ਕੀਤੀ ਹੈ।ਇਸੇ ਮਿਹਨਤ ਨੇ ਪਹਿਲਾਂ ਉਸ ਨੂੰ ਰਾਜ ਪੱਧਰੀ ਮੁਕਾਬਲਿਆਂ ਵਿੱਚ ਜਿੱਤ ਦਿੱਤੀ ਤੇ ਹੁਣ ਉਹ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਲਈ ਤਿਆਰ-ਬਰ-ਤਿਆਰ ਹੈ।ਕੋਚ ਕੁਲਵਿੰਦਰ ਸਿੰਘ ਅਨੁਸਾਰ ਮਨਪ੍ਰੀਤ ਕੌਰ ਅਗਲੇ ਵਰ੍ਹੇ ਦੇ ਪਹਿਲੇ ਮਾਸਿਕ ਹੀ ਗਵਾਲੀਅਰ ਵਿੱਚ ਹੋਣ ਵਾਲੀਆਂ ਨੈਸ਼ਨਲ ਸਕੂਲਜ਼ ਗੇਮਾਂ ਵਿੱਚ ਜਿੱਤ ਦੇ ਝੰਡੇ ਗੱਡਣ ਲਈ ਬਠਿੰਡਾ ਵਿਖੇ ਸੁਲਝੇ ਕੋਚਾਂ ਦੀ ਨਿਗਰਾਨੀ ਹੇਠ ਅਭਿਆਸ ਕਰ ਰਹੀ ਹੈ।ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਮਨਪ੍ਰੀਤ ਸ਼ਾਨਾਮੱਤੀਆਂ ਪ੍ਰਾਪਤੀਆਂ ਨਾਲ ਮੰਜ਼ਿਲਾਂ ਸਰ ਕਰੇਗੀ।ਇਸ ਮੌਕੇ ਡਾ. ਇਕਬਾਲ ਸਿੰਘ, ਬਲਜਿੰਦਰ ਸਿੰਘ, ਰਾਜੀਵ ਕੁਮਾਰ ਸ਼ਰਮਾ ਅਤੇ ਕਾਲੂ ਸਿੰਘ ਆਦਿ ਹਾਜ਼ਰ ਸਨ।

## ਦੋ ਗੁਜਰਾਤੀ ਕਾਰਪੋਰੇਟ ਘਰਾਣੇ ਖ਼ੁਸ਼ ਕਰਨ ਲਈ ਮਨਰੇਗਾ ਖ਼ਤਮ ਕਰਨ 'ਤੇ ਤੁਲੀ ਕੇਂਦਰ ਸਰਕਾਰ : ਪ੍ਰਗਟ ਸਿੰਘ



ਸੰਗਰੂਰ (ਪ੍ਰਵੀਨ ਸਿੰਘ)

ਸਾਬਕਾ ਸਿੱਖਿਆ ਮੰਤਰੀ ਤੇ ਵਿਧਾਇਕ ਪ੍ਰਗਟ ਸਿੰਘ ਨੇ ਦੋਸ਼ ਲਾਇਆ ਕਿ ਭਾਜਪਾ ਸਰਕਾਰ ਸਿਰਫ਼ ਦੋ ਗੁਜਰਾਤੀ ਕਾਰਪੋਰੇਟ ਘਰਾਣਿਆਂ ਨੂੰ ਖ਼ੁਸ਼ ਕਰਨ ਲਈ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ 21 ਸਾਲ ਪੁਰਾਣੀ ਦੂਰਦਰਸ਼ੀ ਯੋਜਨਾ, ਮਨਰੇਗਾ ਨੂੰ ਖ਼ਤਮ ਕਰਨਾ ਚਾਹੁੰਦੀ ਹੈ।ਦੋ ਗੁਜਰਾਤੀ ਦੇਸ਼ ਨੂੰ ਵੇਚਣ ਵਿੱਚ ਰੁੱਝੇ ਹੋਏ ਹਨ ਤੇ ਦੋ ਗੁਜਰਾਤੀ ਕਾਰਪੋਰੇਸ਼ਨਾਂ ਨੂੰ ਖਰੀਦਣ ਵਿੱਚ ਰੁੱਝੇ ਹੋਏ ਹਨ।ਕੇਂਦਰ ਸਰਕਾਰ ਪਹਿਲਾਂ ਹੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਅਸਮਰੱਥ ਹੈ ਤੇ ਹੁਣ 12 ਕਰੋੜ ਲੋਕਾਂ ਲਈ 100 ਦਿਨਾਂ ਦੀ ਰੁਜ਼ਗਾਰ ਗਰੰਟੀ ਖੋਹ ਰਹੀ ਹੈ।ਪੰਜਾਬ ਸਰਕਾਰ ਇਸ ਯੋਜਨਾ ਨੂੰ ਲਾਗੂ ਕਰਨ ਵਿੱਚ ਵੀ ਅਸਫ਼ਲ ਰਹੀ ਹੈ।ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਸਰਕਾਰ ਆਪਣੇ ਕਾਰਜਕਾਲ ਦੌਰਾਨ ਔਸਤਨ 50 ਦਿਨ ਦਾ ਰੁਜ਼ਗਾਰ ਹੀ ਦੇ ਸਕੀ ਹੈ, ਜਦੋਂਕਿ ਇਸ ਸਾਲ 2025 ਵਿੱਚ ਟੀਚੇ ਦਾ ਸਿਰਫ਼ 38% ਹੀ ਪ੍ਰਾਪਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਰਾਜਾਂ ਨੂੰ ਜੀ-ਰਾਮਜੀ ਯੋਜਨਾ 'ਚ 40% ਹਿੱਸਾ ਲੈਣ ਦੀ ਇਜਾਜ਼ਤ ਦੇਣ ਨਾਲ ਰਾਜਾਂ 'ਤੇ 30,000 ਤੋਂ 50,000 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ।ਕੇਂਦਰ ਸਰਕਾਰ ਰਾਜਾਂ ਤੋਂ ਪੂਰਾ ਟੈਕਸ ਇਕੱਠਾ ਕਰ ਰਹੀ ਹੈ, ਪਰ ਹੁਣ ਆਪਣੀ ਭਾਗੀਦਾਰੀ ਵਧਾ ਰਹੀ ਹੈ, ਜੋ ਕਿ ਪੂਰੀ ਤਰ੍ਹਾਂ ਗਲਤ ਫ਼ੈਸਲਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ 4.17 ਲੱਖ ਕਰੋੜ ਰੁਪਏ ਦੇ ਕਰਜ਼ੇ ਹੇਠ ਦੱਬੀ ਹੋਈ ਹੈ।ਇਸ ਵੇਲੇ 'ਆਪ' ਸਰਕਾਰ ਕੋਲ ਤਨਖਾਹਾਂ ਦੇਣ ਲਈ ਵੀ ਪੈਸੇ ਨਹੀਂ ਹਨ।ਅਜਿਹੀ ਸਥਿਤੀ 'ਚ ਸੂਬਾ ਸਰਕਾਰ ਇਸ ਯੋਜਨਾ ਨੂੰ ਕਿਵੇਂ ਚਲਾ ਸਕੇਗੀ?

ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਸਰਕਾਰ ਨੂੰ ਦਿੱਲੀ ਜਾ ਕੇ ਕੇਂਦਰ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਕਰਨਾ ਚਾਹੀਦਾ ਸੀ, ਪਰ ਮੁੱਖ ਮੰਤਰੀ ਭਗਵੰਤ ਮਾਨ ਇੱਕ ਦਿਨ ਦਾ ਵਿਸ਼ੇਸ਼ ਸੈਸ਼ਨ ਕਰਾ ਕੇ ਹੋਰ ਮੁੱਦਿਆਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।ਉਨ੍ਹਾਂ ਨੂੰ ਇੱਕ ਨਿਯਮਤ ਸੈਸ਼ਨ ਬੁਲਾਉਣਾ ਚਾਹੀਦਾ ਹੈ ਤਾਂ ਜੁ ਮਨਰੇਗਾ ਵਰਗੇ ਜ਼ਰੂਰੀ ਮੁੱਦਿਆਂ ਤੋਂ ਇਲਾਵਾ, ਕਾਨੂੰਨ ਵਿਵਸਥਾ ਅਤੇ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ ਜਾ ਸਕੇ।

ਆਨੰਦਪੁਰ ਸਾਹਿਬ ਵਿੱਚ ਵੀ ਇੱਕ ਸੈਸ਼ਨ ਬੁਲਾਇਆ ਗਿਆ ਸੀ ਤੇ 65 ਕਰੋੜ ਰੁਪਏ ਖਰਚ ਕੀਤੇ ਗਏ ਸਨ, ਜੋ ਅਰਥਹੀਨ ਸੀ।ਪਰਗਟ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਦਾ ਪੂਰੀ ਤਰ੍ਹਾਂ ਨਿਗਮੀਕਰਨ ਕਰ ਦਿੱਤਾ ਹੈ।ਇਹ ਫੈਸਲਾ ਸਿਰਫ਼ ਕਾਰਪੋਰੇਸ਼ਨਾਂ ਨੂੰ ਸਸਤੀ ਮਜ਼ਦੂਰੀ ਪ੍ਰਦਾਨ ਕਰਨ ਲਈ ਲਿਆ ਜਾ ਰਿਹਾ ਹੈ।ਕੋਵਿਡ ਦੌਰਾਨ ਲੱਖਾਂ ਮਜ਼ਦੂਰ ਆਪਣੇ ਘਰਾਂ ਨੂੰ ਗਏ ਪਰ ਕਦੇ ਵਾਪਸ ਨਹੀਂ ਆਏ।ਉਨ੍ਹਾਂ ਨੂੰ ਆਪਣੇ ਹੀ ਰਾਜਾਂ ਵਿੱਚ ਮਨਰੇਗਾ ਅਧੀਨ ਕੰਮ ਮਿਲਿਆ, ਜਿਸ ਕਾਰਨ ਕਾਰਪੋਰੇਸ਼ਨਾਂ ਨੂੰ ਮਜ਼ਦੂਰੀ ਨਹੀਂ ਮਿਲ ਸਕੀ।ਆਉਣ ਵਾਲੇ ਸਮੇਂ ਵਿੱਚ, ਕੇਂਦਰ ਸਰਕਾਰ ਵੀ ਉਸੇ ਦਿਸ਼ਾ ਵਿੱਚ ਖ਼ੁਰਾਕ ਅਧਿਕਾਰ ਕਾਨੂੰਨ ਨੂੰ ਖ਼ਤਮ ਕਰਨ ਜਾ ਰਹੀ ਹੈ।ਸਰਕਾਰ ਨੇ ਐਫਸੀਆਈ ਨੂੰ ਅਨਬੰਡਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

## 'ਸ੍ਰੀ ਫ਼ਤਿਹਗੜ੍ਹ ਸਾਹਿਬ : ਲੈਂਡ ਆਫ਼ ਸੁਪਰੀਮ ਸੈਕ੍ਰਿਫ਼ਾਈਸਜ਼' ਪੁਸਤਕ ਰਾਜਪਾਲ ਨੂੰ ਭੇਟ



ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)-ਗੁਰੂ ਨਾਨਕ ਦੇਵ ਆਡੀਟੋਰੀਅਮ, ਲੋਕ ਭਵਨ, ਚੰਡੀਗੜ੍ਹ ਵਿੱਚ ਇੱਕ ਗੰਭੀਰ ਤੇ ਆਤਮਿਕਤਾ ਨਾਲ ਭਰਪੂਰ ਸ਼ਹੀਦੀ ਸਬਦ ਕੀਰਤਨ ਦਾ ਆਯੋਜਨ ਕੀਤਾ ਗਿਆ, ਜੋ ਰਾਜਪਾਲ ਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਦੀ ਮਾਣਯੋਗ ਹਾਜ਼ਰੀ ਵਿੱਚ ਸੰਪੰਨ ਹੋਇਆ।ਪਾਵਨ ਸਮਾਗਮ ਦੌਰਾਨ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਦੀ ਸਰਬਉੱਚ ਸ਼ਹਾਦਤ (ਸ਼ਹੀਦੀ) ਨੂੰ ਨਿਮਰ ਸ਼ਰਧਾਂਜਲੀ ਅਰਪਿਤ ਕੀਤੀ ਗਈ, ਜੋ ਅਡਿੱਗ ਸ਼ਰਧਾ, ਸਹਾਸ ਤੇ ਬਲਿਦਾਨ ਦੇ ਸਦੀਵੀ ਪ੍ਰਤੀਕ ਹਨ।ਇਸ ਪਾਵਨ ਅਵਸਰ 'ਤੇ ਦਿਵਯ ਰੂਪ ਵਿੱਚ ਗਾਏ ਗਏ ਸ਼ਬਦ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਨੂੰ ਸਾਹਿਬਜ਼ਾਦਿਆਂ ਦੀ ਅਮਰ ਸ਼ਹਾਦਤ ਨੂੰ ਸਮਰਪਤ ਕੀਤਾ ਗਿਆ।

ਇਹ ਮੌਕਾ ਡਾ. ਹਿਤੇਂਦਰ ਸੂਰੀ, ਐਮ.ਡੀ ਰਾਣਾ ਹਸਪਤਾਲ ਤੇ ਪੁਸਤਕ ਸ੍ਰੀ ਫਤਿਹਗੜ੍ਹ ਸਾਹਿਬ ਲੈਂਡ ਆਫ਼ ਸੁਪਰੀਮ ਸੈਕ੍ਰਿਫ਼ਾਈਸਜ਼ ਦੇ ਲੇਖਕ ਲਈ ਮਾਣ ਤੇ ਨਿਮਰਤਾ ਭਰਿਆ ਰਿਹਾ, ਜਿਨ੍ਹਾਂ ਨੂੰ ਆਪਣੀ ਲਿਖੀ ਹੋਈ ਇਹ ਪੁਸਤਕ ਰਾਜਪਾਲ ਨੂੰ ਭੇਟ ਕਰਨ ਦਾ ਸੌਭਾਗ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਸ੍ਰੀ ਵਰਿੰਦਰ ਵਾਲੀਆ ਜੀ, ਸੰਪਾਦਕ, ਪੰਜਾਬੀ ਜਾਗਰਣ, ਨੂੰ ਵਿਸ਼ੇਸ਼ ਤੌਰ 'ਤੇ ਸਵੀਕਾਰ ਕੀਤਾ ਗਿਆ, ਜਿਨ੍ਹਾਂ ਨੇ ਇਸ ਪੁਸਤਕ ਦੇ ਵਿਚਾਰ ਦੀ ਬੀਜ ਰੋਪਣਾ ਕੀਤੀ।ਲੇਖਕ ਨੇ ਉਨ੍ਹਾਂ ਸਾਰੀਆਂ ਮਹਾਨ ਹਸਤੀਆਂ ਦਾ ਵੀ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੇ ਸ਼ੁਭ ਸੰਦੇਸ਼ਾਂ ਤੇ ਆਸ਼ੀਰਵਾਦਾਂ ਨਾਲ ਇਸ ਕਾਰਜ ਨੂੰ ਸਨਮਾਨਤ ਕੀਤਾ, ਜਿਨ੍ਹਾਂ ਵਿੱਚ ਹਰਿਆਣਾ ਦੇ ਮਾਣਯੋਗ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਹਰਿਆਣਾ ਦੇ ਮਾਣਯੋਗ ਰਾਜਪਾਲ ਸ੍ਰੀ ਆਸ਼ੀਮ ਕੁਮਾਰ ਘੋਸ਼, ਸ੍ਰੀ ਇਕਬਾਲ ਸਿੰਘ ਲਾਲਪੁਰਾ, ਆਈਪੀਐਸ, ਚੇਅਰਮੈਨ, ਰਾਸ਼ਟਰੀ ਅਲਪਸੰਖਿਆਕ ਆਯੋਗ, ਆਚਾਰਯ ਸੁਧਾਂਸ਼ੂ ਮਹਾਰਾਜ, ਪੀਠਾਧੀਸ਼, ਵਿਸ਼ਵ ਜਾਗ੍ਰਿਤੀ ਮਿਸ਼ਨ, ਭਾਰਤ ਤੇ ਪਦਮ ਸ੍ਰੀ ਵਿਜੇ ਚੋਪੜਾ, ਐਡੀਟਰ-ਇਨ-ਚੀਫ ਪੰਜਾਬ ਕੇਸਰੀ ਸ਼ਾਮਲ ਹਨ।

## ਮਾਤਾ ਗੁਜਰੀ ਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ ਵਿਸ਼ਾਲ ਧਾਰਮਿਕ ਸਮਾਗਮ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਮਾਤਾ ਗੁਜਰ ਕੌਰ ਜੀ ਤੇ ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ ਸਾਲਾਨਾ ਧਾਰਮਿਕ ਸਮਾਗਮ ਮੁੱਖ ਮਾਰਗ ਉਪਰ ਗੋਲਡਨ ਕਲੋਨੀ ਵਿਖੇ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਕਰਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਜਗਸੀਰ ਸਿੰਘ ਖ਼ਾਲਸਾ ਦੇ ਰਾਗੀ ਜਥੇ ਨੇ ਕਥਾ ਕੀਰਤਨ ਕਰਕੇ ਮਹਾਨ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ 'ਤੇ ਚਾਨਣਾ ਪਾਇਆ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ, ਸਹਿਬਜ਼ਾਦਿਆਂ ਤੇ ਸਮੂਹ ਸ਼ਹੀਦਾਂ ਨੂੰ ਸਰਧਾਂਜ਼ਲੀ ਅਰਪਿਤ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਕੁਰਬਾਨੀਆ ਭਰਿਆ ਹੈ, ਇਸ ਤੋਂ ਸੇਧ ਲੈ ਕੇ ਨਵੀ ਉਮਰ ਦੇ ਬੱਚਿਆਂ ਨੂੰ ਸ਼ਹੀਦਾਂ ਦੀ ਸ਼ਹਾਦਤ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।ਹਲਕਾ ਇੰਚਾਰਜ਼ ਨਾਥ ਸਿੰਘ ਹਮੀਦੀ ਨੇ ਵੀ ਵਿਚਾਰ ਰੱਖੇ।ਕਮੇਟੀ ਪ੍ਰਧਾਨ ਬਾਬਾ ਸ਼ੇਰ ਸਿੰਘ ਨੇ ਸਹਿਯੋਗ ਲਈ ਸਾਰਿਆਂ ਦਾ ਧੰਨਵਾਦ ਕੀਤਾ।

## ਦਸਮੇਸ਼ਪਿਤਾ ਜੀ ਦਾ ਪ੍ਰਕਾਸ਼ ਪੁਰਬ ਪਹਿਲੀ ਨੂੰ

ਲੌਂਗੋਵਾਲ (ਪ੍ਰਦੀਪ ਸੱਪਲ)-ਸਥਾਨਕ ਗੁਰਦੁਆਰਾ ਸਾਹਿਬ ਢਾਬ ਬਾਬਾ ਆਲਾ ਸਿੰਘ ਜੀ ਪੱਤੀ ਵਡਿਆਣੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 30 ਦਸੰਬਰ ਨੂੰ ਦਸਮੇਸ਼ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 359ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਜਾਵੇਗਾ।

ਪ੍ਰਬੰਧਕਾਂ ਨੇ ਦੱਸਿਆ ਕਿ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਬੰਧੀ 30 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ ਤੇ ਇਸ ਉਪਰੰਤ ਵਿਸ਼ਾਲ ਨਗਰ ਕੀਰਤਨ ਹੋਵੇਗਾ ਅਤੇ 31 ਦਸੰਬਰ ਨੂੰ ਕਥਾ ਕੀਰਤਨ ਤੇ ਦਸਤਾਰ ਮੁਕਾਬਲੇ, ਕੇਸ ਮੁਕਾਬਲੇ ਕਰਵਾਏ ਜਾਣਗੇ ਤੇ 1 ਜਨਵਰੀ 2026 ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।ਇਸ ਦੌਰਾਨ ਪ੍ਰਬੰਧਕਾਂ ਤੇ ਸੰਗਤਾਂ ਵੱਲੋਂ ਵੱਖ-ਵੱਖ ਲੰਗਰ ਵੀ ਲਗਾਏ ਜਾਣਗੇ।

## ਅਗਰਵਾਲ ਗਊਸ਼ਾਲਾ 'ਚ ਚਲਦੀ ਫ੍ਰੀ ਹੋਮਿਓਪੈਥਿਕ ਡਿਸਪੈਂਸਰੀ ਦੇ ਹੋਏ ਦੋ ਸਾਲ ਪੂਰੇ

### ਪੰਜਾਬ ਸਰਕਾਰ ਵੱਲੋਂ ਹੋਮਿਓਪੈਥਿਕ ਵਿਭਾਗ 'ਚ ਭਰਤੀ ਨੂੰ ਮਨਜ਼ੂਰੀ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਅਗਰਵਾਲ ਗਊਸ਼ਾਲਾ ਸਮਾਣਾ ਵਿਖੇ ਚਲਦੀ ਫ੍ਰੀ ਹੋਮਿਓਪੈਥਿਕ ਡਿਸਪੈਂਸਰੀ ਦੇ ਦੋ ਸਾਲ ਸਫਲਤਾਪੂਰਵਕ ਪੂਰੇ ਹੋਣ ਮੌਕੇ ਡਾ. ਨਿਰਮਲ ਸਿੰਘ ਤੇ ਸ੍ਰੀ ਅਮਿਤ ਸਿੰਗਲਾ ਪ੍ਰਧਾਨ ਅਗਰਵਾਲ ਗਊਸ਼ਾਲਾ ਨੇ ਸਾਰੇ ਸਹਿਯੋਗੀਆਂ, ਸਮਾਜਸੇਵੀਆਂ ਤੇ ਸਮਾਣਾ ਪ੍ਰੈੱਸ ਦਾ ਦਿਲੋਂ ਧੰਨਵਾਦ ਕੀਤਾ।ਜ਼ਿਕਰਯੋਗ ਹੈ ਕਿ ਇਸ ਹੋਮਿਓਪੈਥਿਕ ਡਿਸਪੈਂਸਰੀ ਵਿੱਚ ਮਰੀਜ਼ਾਂ ਦਾ ਬਿਲਕੁਲ ਮੁਫਤ ਇਲਾਜ ਕੀਤਾ ਜਾਂਦਾ ਹੈ, ਇਥੋਂ ਤੱਕ ਕਿ ਪਰਚੀ ਦੇ ਪੈਸੇ ਵੀ ਨਹੀਂ ਲਏ ਜਾਂਦੇ।ਡਾ. ਨਿਰਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੋਮਿਓਪੈਥਿਕ ਵਿਭਾਗ ਵਿੱਚ ਲੰਮੇ ਸਮੇਂ ਤੋਂ ਖਾਲੀ ਪਈਆਂ ਅਸਾਮੀਆਂ ਭਰਨ ਲਈ ਭਰਤੀ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੇ 42 ਹੋਮਿਓਪੈਥਿਕ ਮੈਡੀਕਲ ਅਫ਼ਸਰ (ਐੱਚ ਐੱਮ ਓ) ਤੇ 74 ਡਿਸਪੈਂਸਰਾਂ ਦੀ ਭਰਤੀ ਲਈ ਹਰੀ ਝੰਡੀ ਦੇ ਦਿੱਤੀ ਹੈ, ਜੋ ਰਾਜ ਵਿੱਚ ਹੋਮਿਓਪੈਥਿਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਬਣਾਏਗੀ।

ਉਨ੍ਹਾਂ ਦੱਸਿਆ ਕਿ ਹੋਮਿਓਪੈਥਿਕ ਵਿਭਾਗ ਵਿੱਚ ਡਾਕਟਰਾਂ ਦੀਆਂ 89 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ 42 ਅਸਾਮੀਆਂ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਖਾਲੀ ਪਈਆਂ ਸਨ।ਇਸ ਦੇ ਨਾਲ ਹੀ 74 ਡਿਸਪੈਂਸਰਾਂ ਦੀਆਂ ਅਸਾਮੀਆਂ ਵੀ ਖਾਲੀ ਹੋਣ ਕਾਰਨ ਵਿਭਾਗ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਹੁਣ ਇਹ ਅਸਾਮੀਆਂ ਭਰਨ ਨਾਲ ਲੋਕਾਂ ਨੂੰ ਬਿਹਤਰ ਇਲਾਜ ਸੇਵਾਵਾਂ ਮਿਲਣਗੀਆਂ।ਇਸ ਮੌਕੇ ਡਾ. ਨਿਰਮਲ ਸਿੰਘ, ਸ੍ਰੀ ਅਮਿਤ ਸਿੰਗਲਾ, ਸ੍ਰੀ ਜੀਵਨ ਗਰਗ, ਕਰਨਲ ਭੁਪਿੰਦਰ ਸਿੰਘ, ਤੇ ਸ੍ਰੀ ਸ਼ਿਵ ਨਾਰਾਇਣ ਗਰਗ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਤੇ ਪੰਜਾਬ ਦੇ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾ, ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਸ੍ਰੀ ਕੁਮਾਰ ਰਾਹੁਲ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ, ਸ੍ਰੀ ਦਿਲਰਾਜ ਸਿੰਘ ਤੇ ਕਮਿਸ਼ਨਰ ਆਯੁਸ਼ ਪੰਜਾਬ ਦਾ ਖ਼ਾਸ ਤੌਰ 'ਤੇ ਧੰਨਵਾਦ ਕੀਤਾ।ਉਨ੍ਹਾਂ ਡਾ. ਹਰਿੰਦਰਪਾਲ (ਜਾਇੰਟ ਡਾਇਰੈਕਟਰ), ਡਾ. ਰਾਜੀਵ ਜਿੰਦਿਆ, ਡਾ. ਅਮਰਜੀਤ ਮਾਨ ਤੇ ਸਾਰੇ ਐਸੋਸੀਏਸ਼ਨ ਮੈਂਬਰਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੀ ਮਦਦ ਨਾਲ ਇਹ ਲਟਕਦਾ ਮਸਲਾ ਹੱਲ ਹੋਇਆ ਹੈ।

## ਕੈਂਪ ਦੇ ਚੌਥੇ ਦਿਨ ਧਾਰਮਿਕ ਸਥਾਨਾਂ ਦੇ ਕਰਵਾਏ ਦਰਸ਼ਨ

ਕੋਟਕਪੂਰਾ (ਰਛਪਾਲ ਭੁੱਲਰ)-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਚੱਲ ਰਹੇ ਕੌਮੀ ਸੇਵਾ ਯੋਜਨਾ ਦੇ ਸੱਤ ਰੋਜ਼ਾ ਕੈਂਪ ਦੇ ਚੌਥੇ ਦਿਨ ਵੱਖ-ਵੱਖ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਏ ਗਏ।ਉਹ ਰੋਜ਼ਾਨਾ ਦੀ ਸ਼ਡਿਊਲ ਅਨੁਸਾਰ ਵਿਦਿਆਰਥੀਆਂ ਨੇ 5 ਵਜੇ ਉੱਠ ਕੇ ਸਰੀਰ ਨੂੰ ਗਰਮਾਉਣ ਵਾਲੀਆਂ ਕਸਰਤਾਂ ਕੀਤੀਆਂ ਤੇ ਉਪਰੰਤ ਯੋਗਾ ਕੀਤਾ।ਵਲੰਟੀਅਰਾਂ ਨੇ ਇਸ਼ਨਾਨ ਕਰਨ ਉਪਰੰਤ ਪਾਠ ਕੀਤਾ।ਕਿੱਟ ਲੇ ਆਊਟ ਕਰਨ ਤੋਂ ਬਾਅਦ ਵਿਦਿਆਰਥੀਆਂ ਨੇ ਨਾਸ਼ਤਾ ਕੀਤਾ ਤੇ ਯਾਤਰਾ ਲਈ ਤਿਆਰ ਹੋਏ।ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਜਨਮ ਸਥਾਨ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਦੁਆਰਾ ਸਾਹਿਬ ਸਰਾਏ ਨਾਗਾ ਵਿਖੇ ਲਿਜਾਇਆ ਗਿਆ।ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ ਵਿਖੇ ਦਰਸ਼ਨ ਕਰਵਾਏ ਗਏ।ਫਿਰ ਵਿਦਿਆਰਥੀ ਗੁਰਦੁਆਰਾ ਸ੍ਰੀ ਦਾਤਣਸਰ ਸਾਹਿਬ, ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਤੇ ਗੁਰਦੁਆਰਾ ਸ੍ਰੀ ਤਰਨ ਤਰਨ ਦੁੱਖ ਨਿਵਾਰਨ ਸਾਹਿਬ, ਸ੍ਰੀ ਮੁਕਤਸਰ ਸਾਹਿਬ ਵਿਖੇ ਨਤਮਸਤਕ ਹੋਏ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਸੋਮਾ ਦੇਵੀ ਨੇ ਦੱਸਿਆ ਕਿ ਅਜਿਹੀਆਂ ਧਾਰਮਿਕ ਯਾਤਰਾਵਾਂ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਦੀਆਂ ਹਨ।ਵਲੰਟੀਅਰਾਂ ਨੇ ਦੱਸਿਆ ਕਿ ਇਨ੍ਹਾਂ ਧਾਰਮਿਕ ਸਥਾਨਾਂ ਦੀ ਯਾਤਰਾ ਕਰਕੇ ਉਨ੍ਹਾਂ ਦੀ ਜਾਣਕਾਰੀ 'ਚ ਬਹੁਤ ਵਾਧਾ ਹੋਇਆ।ਇਸ ਯਾਤਰਾ ਵਿੱਚ ਪ੍ਰੋਗਰਾਮ ਅਫਸਰ ਸ਼ਮਿੰਦਰ ਕੌਰ, ਗੁਰਵਿੰਦਰ ਸਿੰਘ, ਗੁਰਸ਼ਿੰਦਰ ਸਿੰਘ ਤੇ ਪਰਮਪ੍ਰੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਨੇ ਬੰਗਲਾਦੇਸ਼ ਦਾ ਪੁਤਲਾ ਫੂਕਿਆ




ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)-ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਵੱਲੋਂ ਬੰਗਲਾ ਦੇਸ਼ 'ਚ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰ ਦੇ ਵਿਰੋਧ 'ਚ ਸ਼ਹਿਰੀ ਪ੍ਰਧਾਨ ਪੰਕਜ ਜਿੰਦਲ ਦੀ ਅਗਵਾਈ ਹੇਠ ਸਥਾਨਕ ਤ੍ਰਿਵੈਣੀ ਚੌਕ 'ਚ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਬੰਗਲਾ ਦੇਸ਼ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਬੰਗਲਾ ਦੇਸ਼ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਬੁਲਾਰਿਆਂ ਨੇ ਬੰਗਲਾ ਦੇਸ਼ ਅੰਦਰ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰ ਦੀ ਕਰੜੇ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਬੰਗਲਾ ਦੇਸ਼ 'ਚ ਹਿੰਦੂਆਂ ਨੂੰ ਜ਼ਿੰਦਾ ਜਲਾਇਆ ਜਾ ਰਿਹਾ ਹੈ ਤੇ ਸਹਿਮ ਕਾਰਨ ਹਿੰਦੂਆਂ ਦੀ ਆਬਾਦੀ ਬੰਗਲਾ ਦੇਸ਼ ਵਿੱਚ ਲਗਾਤਾਰ ਘਟ ਰਹੀ ਹੈ।ਬੁਲਾਰਿਆਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਬੰਗਲਾ ਦੇਸ਼ 'ਚ ਹਿੰਦੂਆਂ ਨੂੰ ਸੁਰੱਖਿਆ ਦਾ ਅਹਿਸਾਸ ਕਰਵਾਉਣ ਲਈ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰ ਨੂੰ ਰੋਕਣ ਲਈ ਸਖਤ ਕਾਰਵਾਈ ਕੀਤੀ ਜਾਵੇ ਅਤੇ ਬੰਗਲਾ ਦੇਸ਼ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੁਰੰਤ ਬੰਦ ਕੀਤੀਆਂ ਜਾਣ ਤੇ ਭਾਰਤ 'ਚ ਘੁਸਪੈਠ ਕਰਕੇ ਆਏ ਬੰਗਲਾਦੇਸ਼ੀਆਂ ਤੇ ਰੋਹੰਗੀਆਂ ਨੂੰ ਦੇਸ਼ 'ਚੋਂ ਬਾਹਰ ਕੱਢਿਆ ਜਾਵੇ।ਇਸ ਮੌਕੇ ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂਆਂ 'ਚ ਬਿਮਲ ਮਿੱਤਲ, ਵਿਨੋਦ ਕੁਮਾਰ ਹੈਪੀ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਤੇ ਭਾਜਪਾ ਆਗੂਆਂ 'ਚ ਬ੍ਰਿਜੇਸ਼ਵਰ ਗੋਇਲ, ਪ੍ਰਦੀਪ ਗਰਗ, ਅਨਿਲ ਨੀਲੂ ਮਿੱਤਲ ਤੇ ਵਪਾਰ ਮੰਡਲ ਦੇ ਹੰਸ ਰਾਜ ਬਜਾਜ ਤੇ ਵਿਕਾਸ ਜੈਨ ਆਦਿ ਮੌਜੂਦ ਸਨ।

## ਬਿਜਲੀ ਸੋਧ ਬਿੱਲ ਖਿਲਾਫ਼ ਸੰਘਰਸ਼ ਨੂੰ ਅੱਗੇ ਵਧਾਉਣ ਲਈ ਜਨਤਕ ਜਥੇਬੰਦੀਆਂ ਦੀ ਮੀਟਿੰਗ

### 1 ਤੋਂ 4 ਜਨਵਰੀ ਤੱਕ ਵੱਖ-ਵੱਖ ਇਲਾਕਿਆਂ 'ਚ ਹੋਣਗੇ ਮੋਟਰਸਾਈਕਲ ਮਾਰਚ



ਫਿਰੋਜ਼ਪੁਰ (ਗੁਰਬਚਨ ਸਿੰਘ)

ਬਿਜਲੀ ਸੋਧ ਬਿੱਲ ਤੇ ਬੀਜ ਬਿੱਲ ਖਿਲਾਫ ਸੰਘਰਸ਼ ਨੂੰ ਅੱਗੇ ਵਧਾਉਣ ਲਈ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਦੀ ਮੀਟਿੰਗ ਫਿਰੋਜ਼ਪੁਰ ਛਾਉਣੀ ਦੇ ਬਿਜਲੀ ਦਫਤਰ ਵਿਖੇ ਹੋਈ।ਮੋਰਚੇ ਦੇ ਫੈਸਲੇ ਨੂੰ ਲਾਗੂ ਕਰਦਿਆਂ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਦੇ ਵਿਰੋਧ ਵਿੱਚ 1 ਤੋਂ 4 ਜਨਵਰੀ ਤੱਕ ਵੱਖ ਵੱਖ ਇਲਾਕਿਆਂ ਅੰਦਰ ਮੋਟਰਸਾਈਕਲ ਮਾਰਚ ਕਰਨ ਦੀ ਰੂਪ ਰੇਖਾ ਉਲੀਕੀ ਗਈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਅਵਤਾਰ ਸਿੰਘ ਮਹਿਮਾ ਨੇ ਦੱਸਿਆ ਕਿ 1 ਜਨਵਰੀ ਨੂੰ ਮੁੱਦਕੀ ਤੋਂ ਤਲਵੰਡੀ ਤੱਕ, ਮਖੂ ਤੋਂ ਜ਼ੀਰੇ ਤੱਕ, ਰਾਉਕੇ ਤੋਂ ਮਮਦੋਟ ਤੱਕ, ਮੰਡੀ ਪੰਜੇ ਕੇ ਤੋਂ ਗੁਰੂ ਹਰਸਹਾਏ ਤੱਕ ਮਾਰਚ ਕੀਤਾ ਜਾਵੇਗਾ। ਇਸੇ ਤਰ੍ਹਾਂ 2 ਜਨਵਰੀ ਨੂੰ ਤਲਵੰਡੀ ਭਾਈ ਤੋਂ ਫਿਰੋਜ਼ਸ਼ਾਹ ਤੱਕ, ਜ਼ੀਰੇ ਤੋਂ ਮੱਲਾਂਵਾਲਾ ਤੱਕ, ਗੁਰੂ ਹਰਸਹਾਏ ਤੋਂ ਝੋਕ ਟਹਿਲ ਸਿੰਘ ਵਾਲਾ ਤੱਕ, ਮਮਦੋਟ ਤੋਂ ਪੋਜੋ ਕੇ ਤੱਕ, 3 ਜਨਵਰੀ ਨੂੰ ਫਿਰੋਜ਼ਸ਼ਾਹ ਤੋਂ ਬਿਜਲੀ ਗਰਿੱਡ ਫਿਰੋਜ਼ਪੁਰ ਛਾਉਣੀ ਤੱਕ, ਮੱਲਾਂਵਾਲਾ ਤੋਂ ਸਾਂਦੇ ਹਾਸ਼ਮ ਤੱਕ, ਪੋਜੋ ਕੇ ਤੋਂ ਸੂਬੇ ਕਦੀਮ ਤੱਕ ਅਤੇ ਝੋਕ ਟਹਿਲ ਸਿੰਘ ਤੋਂ ਝੋਕ ਹਰੀਹਰ ਤੱਕ ਮੋਟਰਸਾਈਕਲ ਮਾਰਚ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਇਹ ਮਾਰਚ 4 ਜਨਵਰੀ ਨੂੰ ਗੁਰਦੁਆਰਾ ਸਾਰਾਗੜ੍ਹੀ ਫਿਰੋਜ਼ਪੁਰ ਤੋਂ ਸ਼ੁਰੂ ਕਰਕੇ ਸ਼ਹਿਰ ਤੇ ਛਾਉਣੀ 'ਚੋਂ ਹੋ ਕੇ ਡੀ ਸੀ ਦਫਤਰ ਫਿਰੋਜ਼ਪੁਰ ਸਾਹਮਣੇ ਸਮਾਪਤੀ ਕੀਤੀ ਜਾਵੇਗੀ।ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਤੋਂ ਦਲਵਿੰਦਰ ਸਿੰਘ ਸ਼ੇਰਖਾਂ, ਵਿਕਰਮ ਬਾਰੇ ਕੇ, ਪਰਮਿੰਦਰ ਸਿੰਘ ਮਹਿਮਾ, ਕਿਸਾਨ ਵਿਦਿਆਰਥੀ ਯੂਨੀਅਨ ਤੋਂ ਜਗਰੂਪ ਸਿੰਘ ਭੁੱਲਰ, ਨਿਰਭੈ ਸਿੰਘ ਭੁੱਲਰ, ਕੁੱਲ ਹਿੰਦ ਕਿਸਾਨ ਸਭਾ ਤੋਂ ਗੁਰਦਿੱਤ ਸਿੰਘ, ਬੀਕੇਯੂ ਡਕੌਂਦਾ ਤੋਂ ਗੁਲਜ਼ਾਰ ਸਿੰਘ ਕਬਰਵੱਛਾ, ਬੀਕੇਯੂ ਪੰਜਾਬ ਤੋਂ ਸਤਵਿੰਦਰ ਸਿੰਘ ਸੋਨਾ ਕਰਮੂਵਾਲਾ, ਗੁਰਜੀਤ ਸਿੰਘ, ਬੀਕੇਯੂ ਰਾਜੇਵਲ ਤੋਂ ਅਵਤਾਰ ਸਿੰਘ ਸ਼ੇਰਖਾਂ, ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਵੱਲੋਂ ਸਰਬਜੀਤ ਸਿੰਘ ਭਵਾੜਾ, ਮਲਕੀਤ ਸਿੰਘ ਹਰਾਜ, ਕੌਮੀ ਕਿਸਾਨ ਯੂਨੀਅਨ ਤੋਂ ਜਗਮੀਤ ਸਿੰਘ ਗੁਰਸ਼ਰਨ ਸਿੰਘ, ਟੀਐੱਸਯੂ ਵੱਲੋਂ ਰਮਨਦੀਪ, ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਅਸ਼ਵਨੀ ਕੁਮਾਰ ਆਦਿ ਆਗੂਆਂ ਨੇ ਸ਼ਮੂਲੀਅਤ ਕੀਤੀ।

## 2027 'ਚ ਅਕਾਲੀ ਦਲ ਦੀ ਸਰਕਾਰ ਬਣਨੀ ਤੈਅ : ਅਕਾਲੀ ਆਗੂ



ਬਾਘਾ ਪੁਰਾਣਾ (ਮਨੀ ਸਿੰਗਲਾ)-ਸੂਬੇ ਅੰਦਰ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨਾ ਪੂਰੀ ਤਰ੍ਹਾਂ ਤੈਅ ਹੈ ਅਤੇ ਪਾਰਟੀ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਹੀ ਪੰਜਾਬ ਦੇ ਅਗਲੇ ਮੁੱਖ ਮੰਤਰੀ ਹੋਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੀ ਯੂਥ ਕੋਰ ਕਮੇਟੀ ਦੇ ਮੈਂਬਰ ਸੁਖਜੀਤ ਸਿੰਘ ਮਾਹਲਾ, ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ, ਯੂਥ ਆਗੂ ਰਣਜੀਤ ਸਿੰਘ ਜ਼ੀਤਾ, ਸ਼ਹਿਰੀ ਪ੍ਰਧਾਨ ਰਾਮ ਬਾਂਸਲ, ਯੂਥ ਅਕਾਲੀ ਆਗੂ ਸੁਖਬੀਰ ਸਿੰਘ ਬਰਾੜ (ਬਾਘਾ ਪੁਰਾਣਾ) ਤੇ ਯੂਥ ਆਗੂ ਗੋਰਾ ਸੰਗਤਪੁਰਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਸੂਬੇ ਭਰ ਵਿੱਚ ਮਜ਼ਬੂਤੀ ਨਾਲ ਅੱਗੇ ਵਧਦਿਆਂ ਆਪਣੀ ਪਕੜ ਹੋਰ ਮਜ਼ਬੂਤ ਕੀਤੀ ਹੈ।ਅੱਜ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸਭ ਤੋਂ ਵੱਡੀ ਤੇ ਮਜ਼ਬੂਤ ਪਾਰਟੀ ਵਜੋਂ ਉੱਭਰ ਕੇ ਸਾਹਮਣੇ ਆ ਰਹੀ ਹੈ।ਉਨ੍ਹਾਂ ਆਖਿਆ ਕਿ ਸ੍ਰ. ਸੁਖਬੀਰ ਸਿੰਘ ਬਾਦਲ ਦੀ ਦੂਰਦਰਸ਼ੀ ਸੋਚ, ਤਜਰਬੇਕਾਰ ਅਗਵਾਈ ਤੇ ਲੋਕ-ਪੱਖੀ ਨੀਤੀਆਂ ਕਾਰਨ ਪਾਰਟੀ ਦੀ ਲੋਕਪ੍ਰੀਅਤਾ ਦਿਨੋਂ-ਦਿਨ ਵਧ ਰਹੀ ਹੈ, ਜਿਸ ਨੇ ਵਿਰੋਧੀ ਪਾਰਟੀਆਂ ਨੂੰ ਚੱਕਰਾਂ ਵਿੱਚ ਪਾ ਕੇ ਰੱਖ ਦਿੱਤਾ ਹੈ।ਸੁਖਜੀਤ ਮਾਹਲਾ, ਗੁਰਦਿੱਤ ਸਿੰਘ ਢਿੱਲੋਂ ਤੇ ਰਣਜੀਤ ਜੀਤੇ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੀਆਂ ਨਾਕਾਮ ਨੀਤੀਆਂ ਤੋਂ ਤੰਗ ਆ ਚੁੱਕੇ ਹਨ ਅਤੇ ਉਹ ਇੱਕ ਮਜ਼ਬੂਤ, ਤਜਰਬੇਕਾਰ ਤੇ ਸਥਿਰ ਸਰਕਾਰ ਚਾਹੁੰਦੇ ਹਨ, ਜੋ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਦੇ ਸਕਦਾ ਹੈ।ਰਾਮ ਬਾਂਸਲ, ਸੁਖਬੀਰ ਬਰਾੜ ਤੇ ਗੋਰਾ ਸੰਗਤਪੁਰਾ ਨੇ ਕਿਹਾ ਕਿ ਅਕਾਲੀ ਦਲ ਨੇ ਹਮੇਸ਼ਾ ਕਿਸਾਨਾਂ, ਨੌਜਵਾਨਾਂ, ਵਪਾਰੀਆਂ ਤੇ ਹਰ ਵਰਗ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਬੜੀ ਬੇਸਬਰੀ ਨਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਉਡੀਕ ਕਰ ਰਹੇ ਹਨ ਤੇ ਆਉਣ ਵਾਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਹੀ ਬਣੇਗੀ, ਜਿਸ ਦੀ ਅਗਵਾਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਰਨਗੇ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵੱਡੀ ਗਿਣਤੀ ਵਿੱਚ ਲੋਕ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਨਗੇ।

# ਸਾਂਝਾ ਫੋਰਮ ਤੇ ਏਕਤਾ ਮੰਚ ਨੇ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਖਿਲਾਫ਼ ਸੰਘਰਸ਼ ਦੀ ਤਿਆਰੀ ਵਿੱਢੀ



ਤਰਨ ਤਾਰਨ (ਪ੍ਰਿਤਪਾਲ ਸਿੰਘ)– ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਅਦਾਰੇ ਦੀਆਂ ਜਾਇਦਾਦਾਂ ਵੇਚਣ ਖਿਲਾਫ਼ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਸਾਂਝੇ ਥੜ੍ਹੇ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਅਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨੇ ਅਦਾਰੇ ਦੀਆਂ ਜਾਇਦਾਦਾਂ ਵੇਚ ਕੇ ਪਾਵਰ ਕਾਰਪੋਰੇਸ਼ਨ ਦੇ ਅਕਾਰ ਨੂੰ ਘੱਟ ਕਰਨ ਦੀ ਪੂੰਜੀਪਤੀਆਂ ਦੇ ਹਿੱਤ ਪਾਲਣ ਵਾਲੀ ਲੋਕ ਵਿਰੋਧੀ ਨੀਤੀ ਦੇ ਮਾਨ ਸਰਕਾਰ ਦੇ ਮਨਸੂਬਿਆਂ ਖਿਲਾਫ਼ ਅਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ-2025 ਦੇ ਤਜਵੀਜ਼ਤ ਖਰੜੇ ਖਿਲਾਫ਼ ਲੜੇ ਜਾ ਰਹੇ ਸੰਘਰਸ਼ ਦੀ ਕੜੀ ਵਜੋਂ 1 ਤੋਂ 9 ਜਨਵਰੀ ਤੱਕ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਸਾਹਮਣੇ ਲੜੀਵਾਰ 24 ਘੰਟੇ ਦੀ ਭੁੱਖ ਹੜਤਾਲ ਰੱਖ ਕੇ ਰੋਜ਼ਾਨਾ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਸਬੰਧੀ ਆਗੂਆਂ ਦੀ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਆਗੂਆਂ ਨੇ 16 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਬਿਜਲੀ ਸੋਧ ਬਿੱਲ -2025 ਦੇ ਲੋਕ ਵਿਰੋਧੀ ਖਰੜੇ ਅਤੇ ਹੋਰ ਮਾਰੂ ਨੀਤੀਆਂ ਖਿਲਾਫ਼ ਮੁਲਾਜ਼ਮ, ਮਜ਼ਦੂਰ,ਪੈਨਸ਼ਨਰ, ਨੌਜਵਾਨ, ਵਿਦਿਆਰਥੀ ਜਥੇਬੰਦੀਆਂ ਵੱਲੋਂ ਡਿਪਟੀ ਕਮਿਸ਼ਨਰ ਦਫਤਰਾਂ ਅੱਗੇ ਦਿੱਤੇ ਜਾ ਰਹੇ ਰੋਸ ਧਰਨਿਆਂ ਵਿੱਚ ਭਰਵੀਂ ਸ਼ਮੂਲੀਅਤ ਕਰਨ ਸਮੇਤ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਸੱਦੇ ਤੇ 21 ਜਨਵਰੀ ਨੂੰ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਸਾਹਮਣੇ ਦਿੱਤੇ ਜਾ ਰਹੇ ਰੋਸ ਧਰਨੇ ਅਤੇ ਝੰਡਾ ਮਾਰਚ ਨੂੰ ਕਾਮਯਾਬ ਕਰਨ ਲਈ ਵੱਡੀ ਲਾਮਬੰਦੀ ਕਰਨ ਦਾ ਸੱਦਾ ਦਿੱਤਾ।ਆਗੂਆਂ ਨੇ ਮੁਲਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨਾਲ 10 ਅਤੇ 14 ਅਗਸਤ ਨੂੰ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਸਬੰਧੀ ਕੀਤੇ ਸਮਝੌਤੇ ਲਾਗੂ ਨਾਂ ਕੀਤੇ ਜਾਣ ਲਈ ਪਾਵਰ ਮੈਨੇਜਮੈਂਟ ਦੀ ਜੋਰਦਾਰ ਨਿੰਦਾ ਕੀਤੀ ।ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਪੰਜਾਬ ਸਰਕਾਰ ਦੀ ਬਿਜਲੀ ਸੋਧ ਬਿੱਲ -2025 ਦੇ ਘਾਤਕ ਖਰੜੇ ਅਤੇ ਦੇਸ਼ ਵਿੱਚ 21 ਨਵੰਬਰ ਤੋਂ ਧੱਕੇ ਨਾਲ ਲਾਗੂ ਕੀਤੇ ਮਜ਼ਦੂਰ, ਮੁਲਾਜ਼ਮ ਵਿਰੋਧੀ ਚਾਰ ਲੇਬਰ ਕੋਡਾਂ ਖਿਲਾਫ਼ ਸਟੈਂਡ ਨਾ ਲੈਣ ਤੇ ਅਫਸੋਸ ਜ਼ਾਹਰ ਕਰਦੇ ਹੋਏ ਸਭਨਾਂ ਸੰਘਰਸ਼ਸ਼ੀਲ ਧਿਰਾਂ ਨੂੰ ਇਕਜੁੱਟ ਹੋ ਕੇ ਪੂੰਜੀਪਤੀਆਂ ਦੇ ਹਿੱਤ ਪਾਲਣ ਵਾਲੇ ਹਾਕਮਾਂ ਖਿਲਾਫ਼ ਵੱਡੀ ਲਹਿਰ ਖੜੀ ਕਰਨ ਲਈ ਸਾਂਝੇ ਸੰਘਰਸ਼ਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਬਲਦੇਵ ਸਿੰਘ ਮੰਡਾਲੀ, ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਾਹੌਰੀਆ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਸੁਖਵਿੰਦਰ ਸਿੰਘ ਚਾਹਲ, ਇੰਜੀ : ਹਰਮਨਦੀਪ, ਦਵਿੰਦਰ ਸਿੰਘ ਪਿਸ਼ੌਰ, ਮਨਜੀਤ ਸਿੰਘ ਚਾਹਲ, ਰਾਧੇਸ਼ਿਆਮ, ਜਸਵੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ, ਦਲੀਪ ਕੁਮਾਰ, ਦਰਸ਼ਨ ਸਿੰਘ ਰਜੀਆ, ਅਮਰੀਕ ਸਿੰਘ ਮਸੀਤਾਂ, ਬਾਬਾ ਅਮਰਜੀਤ ਸਿੰਘ, ਗੁਰਦਿਆਂ ਸਿੰਘ, ਪਵਨਪ੍ਰੀਤ ਸਿੰਘ ਆਦਿ ਨੇ ਕਿਹਾ ਕਿ ਅਦਾਰੇ ਦੀਆਂ ਬੇਸ਼ਕੀਮਤੀ ਜਾਇਦਾਦਾਂ ਜਿਨ੍ਹਾਂ ਨੂੰ ਸਰਕਾਰ ਆਪਣੀਆਂ ਰਾਜਸੀ ਲੋੜਾਂ ਲਈ ਵੇਚ ਰਹੀ ਹੈ, ਦਾ ਸੰਘਰਸ਼ਾਂ ਰਾਹੀਂ ਮੂੰਹਤੋੜ ਜਵਾਬ ਦਿੱਤਾ ਜਾਵੇਗਾ ਕਿਉਂਕਿ ਸਰਕਾਰ ਦੀ ਇਸ ਨੀਤੀ ਦਾ ਖਮਿਆਜ਼ਾ ਆਉਣ ਵਾਲੇ ਸਮੇਂ ਵਿੱਚ ਮੁਲਾਜ਼ਮਾਂ, ਪੈਨਸ਼ਨਰਾਂ ,ਕਿਸਾਨਾਂ ਸਮੇਤ ਬਿਜਲੀ ਖਪਤਕਾਰਾਂ ਨੂੰ ਭੁਗਤਣਾ ਪਵੇਗਾ ।

## ਪ੍ਰਵਾਸੀ ਵੱਲੋਂ ਕੁੱਟਮਾਰ ਕਰਨ 'ਤੇ ਇੱਕ ਵਿਅਕਤੀ ਦੀ ਮੌਤ

ਬੰਗਾ (ਅਵਤਾਰ ਕਲੇਰ)-ਥਾਣਾ ਬਹਿਰਾਮ ਦੇ ਅਧੀਨ ਪੈਂਦੇ ਪਿੰਡ ਮੰਢਾਲੀ ਵਿਖੇ ਇਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਦਿੰਦਿਆਂ ਐਸ ਐਚ ਓ ਬਹਿਰਾਮ ਜਸਪ੍ਰੀਤ ਕੌਰ ਨੇ ਦੱਸਿਆ ਕੇ ਪਿੰਡ ਮੰਢਾਲੀ ਵਿਖੇ ਇਕ ਪ੍ਰਵਾਸੀ ਦਿਨੇਸ਼ ਕੁਮਾਰ ਪੁੱਤਰ ਰਾਜ ਕੁਮਾਰ ਉੱਤਰ ਪ੍ਰਦੇਸ਼ ਹਾਲ ਵਾਸੀ ਮੰਢਾਲੀ ਜੋ ਕੇ ਰਵਿੰਦਰ ਸਿੰਘ ਉਰਫ ਲੁਭਾਇਆ ਨੇ ਕੁਝ ਸਮਾਂ ਪਹਿਲਾਂ ਕੰਮ ਤੇ ਰੱਖਿਆਂ ਸੀ ਜੋ ਕਿ ਪਰਵਾਰ ਸਮੇਤ ਮੰਢਾਲੀ ਵਿਖੇ ਹੀ ਰਹਿੰਦਾ ਸੀ। ਉਸ ਨੂੰ ਕੰਮ ਕਰਨ ਲਈ ਕਿਹਾ ਜਾਂਦਾ ਸੀ ਉਹ ਕੰਮ ਕਰਨ ਨੂੰ ਆਨੀ ਕਰਦਾ ਸੀ। ਦਿਨੇਸ਼ ਨੂੰ ਕਿਹਾ ਗਿਆ ਮੈਂ ਇਸ ਮਹੀਨੇ ਤੇਰਾ ਹਿਸਾਬ ਕਿਤਾਬ ਕਰ ਦੇਣਾ ਹੈ। ਇਸ ਤਹਿਸ਼ ਵਿੱਚ ਆ ਕੇ ਦਿਨੇਸ਼ ਨੇ ਰਵਿੰਦਰ ਸਿੰਘ ਦੀ ਕੁਟਮਾਰ ਕੀਤੀ। ਰੌਲਾ ਸੁਣ ਕੇ ਉਸ ਦੀ ਪਤਨੀ ਪਲਵਿੰਦਰ ਕੌਰ ਨੇ ਆਪਣੇ ਪਤੀ ਨੂੰ ਛਡਾਉਣ ਦੀ ਕੋਸ਼ਿਸ਼ ਕੀਤੀ ਸੱਟਾਂ ਦੀ ਮਾਰ ਨਾ ਸਹਿੰਦੇ ਹੋਏ ਸਿਵਲ ਹਸਪਤਾਲ ਫਗਵਾੜਾ ਪੁੱਜਣ ਤੇ ਰਵਿੰਦਰ ਸਿੰਘ ਦੀ ਮੌਤ ਹੋ ਗਈ। ਜਿਸ ਦੀ ਉਮਰ 65 ਸਾਲ ਦੇ ਕਰੀਬ ਸੀ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਕੇ ਦੋਸ਼ੀ ਦਿਨੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਮੌਕੇ ਐਸ ਐਚ ਓ ਬਹਿਰਾਮ ਜਸਪ੍ਰੀਤ ਕੌਰ, ਚੌਕੀ ਇੰਚਾਰਜ ਮੇਹਲੀ ਏ ਐਸ ਆਈ ਸਤਨਾਮ ਸਿੰਘ, ਏ ਐਸ ਆਈ ਸੁਰਿੰਦਰ ਕੁਮਾਰ, ਹਵਾਲਦਾਰ ਧੰਨ ਰਾਜ, ਗੀਟਾ ਰਾਣੀ ਹਾਜ਼ਰ ਸਨ।

# ਸੰਤ ਬਾਬਾ ਮੋਹਨ ਸਿੰਘ ਨਾਮਧਾਰੀ ਅਤੇ ਸੰਤ ਬਾਬਾ ਤੇਜਾ ਸਿੰਘ ਨਕੌੜੇ ਵਾਲਿਆਂ ਦੀ ਬਰਸੀ ਮਨਾਈ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਸਬਾ ਡੇਰਾ ਬਾਬਾ ਨਾਨਕ ਬਾਜ਼ਾਰ ਤਾਰਾ ਚੰਦ ਵਿਖੇ ਹਰ ਸਾਲ ਦੀ ਤਰ੍ਹਾਂ ਬ੍ਰਹਮ ਗਿਆਨੀ ਸੰਤ ਬਾਬਾ ਮੋਹਨ ਸਿੰਘ ਨਾਮਧਾਰੀ ਪਿੰਡ ਭਾਗੋ ਵਾਲਿਆਂ ਦੀ 52ਵੀਂ ਬਰਸੀ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਤੇਜਾ ਸਿੰਘ ਨਕੌੜੇ ਵਾਲਿਆਂ ਦੀ 25ਵੀਂ ਬਰਸੀ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਸਾਬਕਾ ਕੌਂਸਲਰ ਮਾਸਟਰ ਨਰਿੰਦਰ ਸਿੰਘ ਦੇ ਗ੍ਰਿਹ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ ।ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗ੍ਰੰਥੀ ਸਿੰਘ ਭਾਈ ਬਲਦੇਵ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਭਾਈ ਮਨਜਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵੀ ਲਗਾਇਆਂ ਗਿਆ ।ਇਸ ਮੌਕੇ ਮਾਸਟਰ ਸਰਬਜੀਤ ਸਿੰਘ ਮੁੱਖ ਸੇਵਾਦਾਰ ਭਾਗੋਵਾਲ, ਅਮਰੀਕ ਸਿੰਘ ਸ਼ਾਹਪੁਰ ਮੈਂਬਰ ਐੱਸਜੀਪੀਸੀ, ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਸੁਰਜੀਤ ਸਿੰਘ, ਮਾਸਟਰ ਗੁਰਪ੍ਰੀਤ ਸਿੰਘ, ਮਾਸਟਰ ਗੁਰਮਿੰਦਰ ਸਿੰਘ, ਹਰਵਿੰਦਰ ਸਿੰਘ ਬੇਦੀ, ਲਖਬੀਰ ਸਿੰਘ ਸਮਰਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਸਾਬਕਾ ਸਰਪੰਚ ਕੁਲਦੀਪ ਸਿੰਘ ਭਿੰਡਾ, ਅਮਰੀਕ ਸਿੰਘ ਘੁੰਮਣ, ਸਾਬਕਾ ਕੌਂਸਲਰ ਤਰਲੋਚਨ ਸਿੰਘ, ਸਾਬਕਾ ਕੌਂਸਲਰ ਡਾ. ਅਸ਼ੋਕ ਸੋਨੀ, ਮਨਦੀਪ ਸਿੰਘ ਲਾਡਾ, ਰਾਮ ਲਾਲ ਸ਼ਰਮਾ ਪ੍ਰਧਾਨ ਬ੍ਰਾਹਮਣ ਸਭਾ, ਹੈੱਡਮਾਸਟਰ ਅਰਵਿੰਦਰ ਪਾਲ ਸਿੰਘ, ਮਾਸਟਰ ਦਵਿੰਦਰ ਪਾਲ, ਨਵਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਸਾਬਕਾ ਸਰਪੰਚ ਜਤਿੰਦਰ ਪਾਲ ਕੌਰ, ਬੀਬੀ ਜਪਸਨੇਹ ਕੌਰ, ਮਨਜੀਤ ਕੌਰ, ਗੁਰਪ੍ਰੀਤ ਕੌਰ, ਬਾਬਾ ਮੇਜਰ ਦਾਸ, ਬਾਬਾ ਕਰਨ ਦਾਸ, ਪ੍ਰਸ਼ੋਤਮ ਲਾਲ ਕਾਨੂੰਗੋ, ਐਡਵੋਕੇਟ ਰਾਜਨ ਬੇਦੀ, ਡਾ. ਮਨਮੋਹਨ ਸਿੰਘ ਭੱਟੀ, ਪਰਮਜੀਤ ਸਿੰਘ ਸਾਬਕਾ ਬੀਡੀਪੀਓ, ਸਰਬਜੀਤ ਸਿੰਘ ਘਣੀਆ, ਬਲਜੀਤ ਸਿੰਘ ਰੰਧਾਵਾ, ਸਾਬੀ ਰੰਧਾਵਾ, ਵਿਕਰਮਜੀਤ, ਪੰਡਿਤ ਸੱਤ ਪ੍ਰਕਾਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸਾਂਝਾ ਕਿਸਾਨ ਮੋਰਚਾ ਵੱਲੋਂ ਜ਼ਿਲ੍ਹਾ ਪੱਧਰੀ ਧਰਨੇ ਦੇਣ ਦਾ ਐਲਾਨ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸੰਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਮੀਟਿੰਗ ਸਾਥੀ ਸਤਪਾਲ ਸਾਰੋਵਾਲ ਪ੍ਰਧਾਨ ਦੀ ਅਗਵਾਈ ਹੇਠ ਹੋਈ। ਮੀਟਿੰਗ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਸਾਥੀਕਰਨ ਸਿੰਘ ਰਾਣਾ ਸਬਾਈ ਜਨਰਲ ਸਕੱਤਰ ਨੇ ਦੱਸਿਆ ਕਿ ਭਾਈ ਲਾਲੋਆਂ ਦੀ ਜਮਾਤ ਤੇ ਲਗਾਤਾਰ ਕੇਂਦਰ ਸਰਕਾਰ ਕਾਰਪੋਰੇਟ ਨਾਲ ਮਿਲ ਕੇ ਤੇਜ ਹਮਲੇ ਕਰ ਰਹੀ ਹੈ। ਉਹਨਾਂ ਦੱਸਿਆ ਕਿ ਇਸ ਹਮਲੇ ਦਾ ਮੁਕਾਬਲਾ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਅਤੇ ਪੇਡ ਯੂਨੀਅਨ ਦੀ ਅਗਵਾਈ ਵਿੱਚ ਇੱਕ ਵੱਡੇ ਸੰਘਰਸ਼ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ। ਮੀਤ ਸਿੰਘ ਨੇ ਲੁਧਿਆਣਾ ਵਿਖੇ ਸੀ ਪੀ ਆਈ ਐਮ ਐਲ ਲਬਰੇਸ਼ਨ ਅਤੇ ਭਾਈ ਲਾਲੋ ਲੋਕ ਮੰਚ ਦੀ ਸਾਂਝੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦੀ ਪਰੋੜਤਾ ਕੀਤੀ। ਉਹਨਾਂ ਦੱਸਿਆ ਕਿ ਦੋਹਾਂ ਧਿਰਾਂ ਦੀਆਂ ਜਨਤਕ ਜਥੇਬੰਦੀਆਂ ਦੇ ਆਗੂਆਂ ਦੀ ਇੱਕ ਸਾਂਝੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਦੇ ਕਨਵੀਨਰ ਸਾਥੀ ਤਰਸੇਮ ਜੋਧਾ ਸਾਬਕਾ ਵਿਧਾਇਕ ਅਤੇ ਰਾਜਵਿੰਦਰ ਸਿੰਘ ਰਾਣਾ ਹੋਣਗੇ। ਉਹਨਾਂ ਦੱਸਿਆ ਕਿ ਕਾਰਪੋਰੇਟ ਦੇ ਵੱਡੇ ਹਮਲੇ ਦਾ ਟਾਕਰਾ ਕਰਨ ਲਈ ਵਿਸ਼ਾਲ ਏਕਤਾ ਅਸਾਰੀ ਜਾਵੇਗੀ। ਮੀਟਿੰਗ ਨੇ ਜਨਵਰੀ ਵਿੱਚ ਜ਼ਿਲ੍ਹਾ ਪੱਧਰੀ ਧਰਨਿਆਂ ਅਤੇ 12 ਫਰਵਰੀ ਦੀ ਦੇਸ਼ ਵਿਆਪੀ ਆਮ ਹੜਤਾਲ ਦਾ ਜ਼ੋਰਦਾਰ ਸਮਰਥਨ ਕਰਨ ਦਾ ਫੈਸਲਾ ਕੀਤਾ। ਇਹ ਵੀ ਫੈਸਲਾ ਹੋਇਆ ਕਿ ਪੁਤਲੇ ਸਾੜਨ ਦਾ ਪ੍ਰੋਗਰਾਮ ਦੋ ਜਨਵਰੀ ਤੱਕ ਜਾਰੀ ਰਹੇਗਾ ਅਤੇ ਤਿੰਨ ਜਨਵਰੀ ਨੂੰ ਹਲਕਾ ਬਲਾਚੌਰ ਅਤੇ 6 ਜਨਵਰੀ ਨੂੰ ਹਲਕਾ ਨਵਾਂ ਸ਼ਹਿਰ ਵਿੱਚ ਪਿੰਡਾਂ ਵਿੱਚ ਲਾਮਬੰਦੀ ਲਈ ਜਨ ਸੰਪਰਕ ਮੋਹਿਮ ਸ਼ੁਰੂ ਕੀਤੀ ਜਾਵੇਗੀ।ਉਨਾਂ ਨਾਲ ਸਾਥੀ ਮਨੋਹਰ ਲਾਲ ਟੌਂਸਾ ਤਹਿਸੀਲ ਪ੍ਰਧਾਨ ਮਰੇਗਾ ਅਧਿਕਾਰ ਅੰਦੋਲਨ, ਵਿਨੋਦ ਚੋਪੜਾ ਨੌਜਵਾਨ ਆਗੂ, ਵਿਪਨ ਕੁਮਾਰ, ਮੋਹਨ ਲਾਲ ਕੈਂਥ ਤੇ ਜੋਗਿੰਦਰ ਪਾਲ ਵੀ ਹਾਜ਼ਰ ਸਨ।

# ਜੀ ਰਾਮ ਜੀ ਕਾਨੂੰਨ ਰੱਦ ਕਰਾਉਣ ਲਈ ਧਰਨਾ ਅੱਜ

ਮਹਿਤਪੁਰ (ਰਾਜਾ)-ਮਨਰੇਗਾ ਕਰਮਚਾਰੀਆਂ ਵੱਲੋਂ 29 ਦਸੰਬਰ ਨੂੰ ਵਿਕਸਿਤ ਭਾਰਤ ਜੀ ਰਾਮ ਜੀ ਕਾਨੂੰਨ ਰੱਦ ਕਰਾਉਣ ਅਤੇ ਮਨਰੇਗਾ ਕਰਮਚਾਰੀਆਂ ਨਾਲ ਸੰਬੰਧਿਤ ਮੰਗਾਂ ਮਨਵਾਉਣ ਲਈ ਪੰਜਾਬ ਭਰ ਵਿੱਚ ਦਿੱਤੇ ਜਾ ਰਹੇ ਧਰਨਿਆਂ ਦਾ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਮੁਕੇਸ਼ ਮਲੌਦ ਅਤੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ ਦੇ ਕੁਲਵਿੰਦਰ ਵੜੈਚ ਨੇ ਸਮਰਥਨ ਕਰਦਿਆਂ ਇਹਨਾਂ ਵਿੱਚ ਭਰਮੀ ਸ਼ਮੂਲੀਅਤ ਦਾ ਫੈਸਲਾ ਕੀਤਾ। ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਕਿਹਾ ਕਿ ਵਿਕਸਿਤ ਭਾਰਤ ਜੀ ਰਾਮ ਜੀ ਕਾਨੂੰਨ ਸਾਲ ਵਿੱਚ ਜਿਥੇ ਫਸਲ ਦੇ ਸੀਜ਼ਨ ਵਿੱਚ 2 ਮਹੀਨਿਆਂ ਲਈ ਕੰਮ ਬੰਦ ਕਰਕੇ ਦੇਸ਼ ਦੇ ਕਰੋੜਾਂ ਮਨਰੇਗਾ ਮਜ਼ਦੂਰਾਂ ਨੂੰ ਭੁੱਖੇ ਮਰਨ ਲਈ ਮਜਬੂਰ ਕਰੇਗਾ ਉੱਥੇ ਮਨਰੇਗਾ ਕਰਮਚਾਰੀਆਂ ਲਈ ਫੰਡਾਂ ਦੀ ਘਾਟ ਕਾਰਨ ਵੱਡੀਆਂ ਮੁਸ਼ਕਿਲਾਂ ਪੈਦਾ ਕਰੇਗਾ। ਇਸ ਕਾਨੂੰਨ ਰਾਹੀਂ ਕੇਂਦਰ ਨੇ ਫੰਡਾਂ ਵਿੱਚ ਆਪਣਾ ਹਿੱਸਾ ਘਟਾ ਚੁੱਕੀ ਹੈ। ਉਹਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨ ਤੇ ਮਜ਼ਦੂਰ ਅਤੇ ਮੁਲਾਜ਼ਮ ਵਿਰੋਧੀ ਕਾਲੇ ਕਾਨੂੰਨ ਲਿਆ ਕੇ ਸਾਰੇ ਵਰਗਾਂ ਨੂੰ ਸੰਘਰਸ਼ ਦੇ ਇੱਕ ਪਲੇਟਫਾਰਮ ਤੇ ਇਕੱਠੇ ਕਰ ਦਿੱਤਾ ਹੈ। ਹੁਣ ਸਾਂਝੇ ਲੋਕ ਰੋਹ ਤੋਂ ਡਰਦਿਆਂ ਭਾਜਪਾ ਦੀ ਕੇਂਦਰ ਸਰਕਾਰ ਦੇ ਮੰਤਰੀਆਂ ਵੱਲੋਂ ਵਿਕਸਿਤ ਭਾਰਤ ਜੀ ਰਾਮ ਜੀ ਕਾਨੂੰਨ ਰਾਹੀਂ ਕਿਸਾਨਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕੀ ਦੋ ਮਹੀਨੇ ਲਈ ਕੰਮ ਬੰਦ ਹੋਣ ਨਾਲ ਖੇਤੀ ਕਾਮਿਆਂ ਦੀ ਕਮੀ ਨੂੰ ਇਹ ਕਾਨੂੰਨ ਪੂਰਾ ਕਰ ਦੇਵੇਗਾ। ਉਹਨਾਂ ਨੇ ਸਰਕਾਰ ਤੇ ਤੰਜ ਕਰਦਿਆਂ ਸਵਾਲ ਕੀਤਾ ਪਿਛਲੇ 20 ਸਾਲਾਂ ਤੋਂ ਚਲੇ ਆ ਰਹੇ ਮਨਰੇਗਾ ਕਾਨੂੰਨ ਨੂੰ ਆਪਣੇ ਰਾਜ ਵਿੱਚ ਪੰਜ ਏਕੜ ਤੋਂ ਘੱਟ ਜਮੀਨ ਵਾਲੇ ਛੋਟੇ ਕਿਸਾਨਾਂ ਲਈ ਖੇਤੀਬਾੜੀ ਵਿੱਚ ਬਾਗਵਾਨੀ ਵਰਗੇ ਧੰਦਿਆਂ ਉੱਪਰ ਮਨਰੇਗਾ ਕਿਉਂ ਲਾਗੂ ਨਹੀਂ ਕੀਤਾ।

## ਹਰ ਐਤਵਾਰ ਫਰੀ ਮੈਡੀਕਲ ਕੈਂਪ ਲਗਾਇਆ ਜਾਵੇਗਾ : ਸਰਪੰਚ ਸੁਖਵਿੰਦਰ ਸਿੰਘ

ਬੁਤਾਲਾ (ਨਿਰਮਲ ਸਿੰਘ ਸੰਘਾ)-ਸਰਬੱਤ ਦੇ ਭਲੇ ਨੂੰ ਮੁੱਖ ਰੱਖਦਿਆਂ ਗ੍ਰਾਮ ਪੰਚਾਇਤ ਬੁਤਾਲਾ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿਚ ਡਾਕਟਰ ਰਵਨੀਤ ਕੌਰ ਗਿੱਲ ਮੈਡੀਕਲ ਅਫ਼ਸਰ ਨੇ ਆਪਣੇ ਸਾਥੀਆਂ ਸਮੇਤ ਮਰੀਜ਼ਾਂ ਦਾ ਚੈੱਕਅੱਪ ਕੀਤਾ।ਇਹ ਚੈੱਕਅੱਪ ਮਹੀਨੇ ਦੇ ਹਰ ਐਤਵਾਰ ਨੂੰ ਪੁਲਸ ਚੌਕੀ ਦੇ ਸਾਹਮਣੇ ਬਣੇ ਆਂਗਣਵਾੜੀ ਸੈਂਟਰ 'ਚ ਕੀਤਾ ਜਾਇਆ ਕਰੇਗਾ।ਇਸ ਮੌਕੇ ਸਰਪੰਚ ਸੁਖਵਿੰਦਰ ਸਿੰਘ, ਬਲਤੇਜ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਪ੍ਰਭਜੀਤ ਸਿੰਘ ਖਾਲਸਾ, ਸੁਖਜੀਤ ਸਿੰਘ ਸੋਨਾ, ਗਿਆਨ ਸਿੰਘ, ਯਾਦਵਿੰਦਰ ਸਿੰਘ, ਗੁਰਜੀਤ ਸਿੰਘ, ਅਮਨਦੀਪ ਸਿੰਘ, ਨਿਰਵੈਰ ਸਿੰਘ, ਹਰਵਿੰਦਰ ਸਿੰਘ ਅਤੇ ਨਿਰਮਲ ਸਿੰਘ ਸੰਘਾ ਆਦਿ ਹਾਜ਼ਰ ਸਨ।

# ਚੋਰ ਘਰ 'ਚ 10 ਹਜ਼ਾਰ ਰੁਪਏ ਦੀ ਨਗਦੀ ਤੇ ਮੋਬਾਇਲ ਫੋਨ ਲੈ ਕੇ ਫਰਾਰ



ਗੁਰਾਇਆ (ਬਿੰਦਰ ਸੁੰਮਨ)-ਗੁਰਾਇਆ ਇਲਾਕੇ ਅੰਦਰ ਲੁੱਟ ਖੋਹ ਅਤੇ ਚੋਰੀ ਦੀਆਂ ਵਾਰਦਾਤਾ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ, ਚੋਰੀ ਦਾ ਤਾਜ਼ਾ ਮਾਮਲਾ ਥਾਣਾ ਗੁਰਾਇਆ ਅਧੀਨ ਪੈਂਦੇ ਪਿੰਡ ਸੰਗ ਢੇਸੀਆਂ ਤੋ ਸਾਹਮਣੇ ਆਇਆ ਹੈ, ਜਿਥੇ ਚੋਰਾਂ ਨੇ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰਮੁੱਖ ਸਿੰਘ ਬੱਬੂ ਪੁੱਤਰ ਜੀਤ ਸਿੰਘ ਵਾਸੀ ਪਿੰਡ ਸੰਗ ਢੇਸੀਆਂ ਨੇ ਦੱਸਿਆ ਕਿ ਉਸ ਦੀ ਪਤਨੀ ਨਗਰ ਕੀਰਤਨ ਤੇ ਗਈ ਹੋਈ ਸੀ ਅਤੇ ਉਹ ਆਪ ਆਪਣੇ ਕਿਸੇ ਘਰੇਲੂ ਕੰਮ ਨੂੰ ਲੈ ਕੇ ਗੁਰਾਇਆ ਗਿਆ ਹੋਇਆ ਸੀ ਜਦ ਉਸ ਨੇ ਆ ਕੇ ਦੇਖਿਆ ਤਾਂ ਘਰ ਦੇ ਅੰਦਰ ਵਾਲੇ ਦਰਵਾਜ਼ੇ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਚੋਰ ਘਰ ਦੀ ਅਲਮਾਰੀ ਵਿੱਚੋ 10 ਹਜ਼ਾਰ ਰੁਪਏ ਦੀ ਨਗਦੀ ਅਤੇ ਘਰ ਅੰਦਰ ਪਿਆ ਇੱਕ ਮੋਬਾਇਲ ਫੋਨ ਚੋਰੀ ਕਰਕੇ ਲੈ ਗਏ। ਇਸ ਸਬੰਧੀ ਉਨ੍ਹਾਂ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ।

# ਮੁਫ਼ਤ ਮੈਡੀਕਲ ਕੈਂਪ ਲਗਾਇਆ



ਆਦਮਪੁਰ ( ਪਰਮਜੀਤ ਸਿੰਘ)-ਲਾਇਨਜ਼ ਕਲੱਬ ਆਦਮਪੁਰ ਦੋਆਬਾ ਵੱਲੋਂ ਸੰਤ ਵਰਨ ਸਿੰਘ ਬੇਰਡਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ ਦੇ ਸਹਿਯੋਗ ਅਤੇ ਸੰਜੀਵ ਮਲਟੀ ਸਪੈਸ਼ਲਿਟੀ ਹਸਪਤਾਲ ਭੋਗਪੁਰ ਦੀ ਦੇਖ ਰੇਖ ਹੇਠ ਸਵਰਗੀ ਕਿਸ਼ੋਰੀ ਲਾਲ ਚੋਢਾ ਦੀ ਯਾਦ ਨੂੰ ਸਮਰਪਿਤ ਹੱਡੀਆਂ,ਜੋੜਾਂ,ਚਮੜੀ ਅਤੇ ਜਨਾਨਾ ਰੋਗਾਂ ਦਾ ਕੈਂਪ ਗੀਤਾ ਮੰਦਿਰ ਅਲਾਵਲਪੁਰ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਪ੍ਰਸਿੱਧ ਸਮਾਜ ਸੇਵੀ ਗੁਰਪ੍ਰੀਤ ਸਿੰਘ ਸੈਣੀ ਅਤੇ ਕਲੱਬ ਦੇ ਪ੍ਰਧਾਨ ਰਾਕੇਸ਼ ਚੋਢਾ ਨੇ ਸਾਂਝੇ ਤੌਰ ਤੇ ਕੀਤਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਜੀਵ ਪੰਜਾ,ਪ੍ਰੋਜੈਕਟ ਚੇਅਰਮੈਨ ਅਕਸ਼ਰਦੀਪ ਸ਼ਰਮਾ ਨੇ ਦੱਸਿਆ ਕਿ ਮਾਹਰ ਡਾਕਟਰਾਂ ਦੀ ਟੀਮ ਵੱਲੋਂ 193 ਮਰੀਜਾਂ ਦੀ ਜਾਂਚ ਕਰ ਜ਼ਰੂਰਤ ਮੰਦ ਮਰੀਜਾਂ ਦੇ ਈ ਸੀ ਜੀ ਸਮੇਤ ਹੋਰ ਟੈਸਟ ਮੁਫ਼ਤ ਕੀਤੇ ਗਏ।ਪ੍ਰਧਾਨ ਰਾਕੇਸ਼ ਚੋਢਾ ਅਤੇ ਕੈਂਪ ਇੰਚਾਰਜ ਡਾਕਟਰ ਰਮੇਸ਼ ਗਿੱਲ ਅਲਾਵਲਪੁਰ ਨੇ ਦੱਸਿਆ ਕਿ ਡਾਕਟਰਾਂ ਦੀ ਟੀਮ ਅੰਦਰ ਡਾਕਟਰ ਅੰਗਰਵਾਲ (ਦਿਲ ਦੇ ਰੋਗਾਂ ਦੇ ਮਾਹਰ),ਡਾਕਟਰ ਜਤਿਨ ਅੱਗਰਵਾਲ (ਹੱਡੀਆਂ ਦੇ ਮਾਹਰ),ਡਾਕਟਰ ਨੇਹਾ ਅੱਗਰਵਾਲ ਜਨਾਨਾ ਰੋਗਾਂ ਦੇ ਮਾਹਰ,ਡਾਕਟਰ ਅਮਨਪ੍ਰੀਤ ਚਮੜੀ ਰੋਗਾਂ ਦੇ ਮਾਹਰ ਵੱਲੋਂ ਮਰੀਜਾਂ ਦੀ ਜਾਂਚ ਕੀਤੀ ਗਈ। ਮੁੱਖ ਮਹਿਮਾਨ ਵਜੋਂ ਪਹੁੰਚੇ ਗੁਰਪ੍ਰੀਤ ਸਿੰਘ ਸੈਣੀ ਨੇ ਕਲੱਬ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕਾਂ ਨੂੰ ਸਿਹਤ ਸੁਵਿਧਾਵਾਂ ਘਰ ਦੇ ਨੇੜੇ ਪਹੁੰਚਾਉਣ ਦੇ ਯਤਨ ਸ਼ਲਾਘਾਯੋਗ ਸੇਵਾ ਹੈ ਤੇ ਆਉਣ ਵਾਲੇ ਸਮੇਂ ਅੰਦਰ ਉਹ ਵੀ ਸੇਵਾ ਦਾ ਹਿੱਸਾ ਬਣ ਲੋਕਸੇਵਾ ਦੇ ਇਸ ਪ੍ਰੋਜੈਕਟ ਵਿੱਚ ਹਿੱਸਾ ਪਾਉਣਗੇ।ਇਸ ਮੌਕੇ ਵਿਸ਼ੇਸ਼ ਤੌਰ ਤੇ ਕਲੱਬ ਦੇ ਮੈਂਬਰਾਂ ਅੰਦਰ ਰਘਵੀਰ ਸਿੰਘ ਵਿਰਦੀ, ਰਾਜਿੰਦਰ ਪ੍ਰਸ਼ਾਦ, ਰਾਜੇਸ਼ ਕੁਮਾਰ ਰਾਜੂ, ਸੁਭਾਸ਼ ਭਨੋਟ, ਮੁੱਕਦਰ ਲਾਲ, ਦੀਪਕ ਗੁਪਤਾ, ਚੇਤਨ ਚੋਢਾ, ਡਾਕਟਰ ਰਾਜਿੰਦਰ ਗਿੱਲ, ਧਰਮਪਾਲ ਲੇਸੜੀਵਾਲ, ਰਾਜੇਸ਼ ਚੋਢਾ, ਕਮਲ ਚੋਢਾ, ਰਮਨ ਚੋਢਾ, ਪਰਦੀਪ ਭਨੋਟ ਦੀਪਕ ਦੁਆ ਤੇ ਹੋਰ ਹਾਜ਼ਰ ਸਨ।

## 881 ਆਮ ਆਦਮੀ ਕਲੀਨਿਕਾਂ 'ਚ 4.59 ਕਰੋੜ ਤੋਂ ਵੱਧ ਲੋਕਾਂ ਨੇ ਇਲਾਜ ਕਰਵਾਇਆ: ਡਾ. ਬਲਬੀਰ ਸਿੰਘ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਾਲ 2025 ਦੌਰਾਨ ਹਰੇਕ ਨਾਗਰਿਕ ਲਈ ਪਹੁੰਚਯੋਗ, ਕਿਫ਼ਾਇਤੀ ਅਤੇ ਉੱਨਤ ਸਿਹਤ ਸੰਭਾਲ ਸੇਵਾਵਾਂ ਯਕੀਨੀ ਬਣਾਉਣ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਨੇ ਪ੍ਰਾਇਮਰੀ ਸਿਹਤ ਸੰਭਾਲ ਵਿੱਚ ਵੱਡੀ ਕ੍ਰਾਂਤੀ ਲਿਆਂਦੀ ਹੈ ਅਤੇ ਇਨ੍ਹਾਂ ਕਲੀਨਿਕਾਂ ਦੇ ਸਥਾਪਤ ਹੋਣ ਤੋਂ ਲੈ ਕੇ ਹੁਣ ਤੱਕ 881 ਕਲੀਨਿਕਾਂ ਵਿੱਚ 4.59 ਕਰੋੜ ਤੋਂ ਵੱਧ ਮਰੀਜ਼ਾਂ ਨੇ ਇਲਾਜ ਸੇਵਾਵਾਂ ਲਈਆਂ ਹਨ, ਜਿਸ ਵਿੱਚ 1.59 ਕਰੋੜ ਯੂਨੀਕ ਪੇਸ਼ੈਂਟ ਸ਼ਾਮਲ ਹਨ। ਇਨ੍ਹਾਂ ਕਲੀਨਿਕਾਂ ਵਿੱਚ ਕੁੱਲ 107 ਦਵਾਈਆਂ ਅਤੇ 47 ਡਾਇਗਨੌਸਟਿਕ ਟੈਸਟ ਮੁਫ਼ਤ ਪ੍ਰਦਾਨ ਕੀਤੇ ਜਾ ਰਹੇ ਹਨ, ਜਿਸ ਨਾਲ ਪੰਜਾਬੀਆਂ 'ਤੇ ਖ਼ਰਚੇ ਦਾ ਬੋਝ ਕਾਫ਼ੀ ਘਟਿਆ ਹੈ। ਉਨ੍ਹਾਂ ਕਿਹ ਕਿ ਇਸਦੇ ਨਾਲ ਹੀ 235 ਹੋਰ ਆਮ ਆਦਮੀ ਕਲੀਨਿਕ ਪ੍ਰਗਤੀ ਅਧੀਨ ਹਨ, ਸਿਹਤ ਸੰਭਾਲ ਸੇਵਾਵਾਂ ਦੇ ਅੱਗੇ ਹੋਰ ਵਿਸਥਾਰ ਨੂੰ ਯਕੀਨੀ ਬਣਾਉਣਗੇ।

# ਕੈਬਨਿਟ ਮੰਤਰੀ ਤੇ ਮੇਅਰ ਨੇ ਸੀਵਰੇਜ ਪ੍ਰਾਜੈਕਟ ਦਾ ਰੱਖਿਆ ਨੀਂਹ ਪੱਥਰ



ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਅਤੇ ਮੇਅਰ ਵਿਨੀਤ ਧੀਰ ਨੇ ਵਾਰਡ ਨੰਬਰ 40 ਵਿੱਚ ਪੈਂਦੀ ਮੇਜਰ ਕਲੋਨੀ ਅਤੇ ਦਸਮੇਸ਼ ਕਲੋਨੀ ਵਿੱਚ 42 ਲੱਖ ਰੁਪਏ ਦੇ ਨਵੇਂ ਸੀਵਰੇਜ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਪ੍ਰਾਜੈਕਟ ਦਾ ਉਦੇਸ਼ ਇਨ੍ਹਾਂ ਇਲਾਕਿਆਂ ਦੇ ਵਸਨੀਕਾਂ ਨੂੰ ਸੀਵਰੇਜ ਨਾਲ ਸਬੰਧਤ ਸਮੱਸਿਆਵਾਂ ਦਾ ਸਥਾਈ ਹੱਲ ਪ੍ਰਦਾਨ ਕਰਨਾ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਪ੍ਰਾਜੈਕਟ ਨਾਲ ਇਲਾਕੇ ਦੇ ਵਿਕਾਸ ਨੂੰ ਨਵੀਂ ਗਤੀ ਮਿਲੇਗੀ ਅਤੇ ਸ਼ਹਿਰੀ ਬੁਨਿਆਦੀ ਢਾਂਚਾ ਹੋਰ ਬਿਹਤਰ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਲੋਕ ਹਿਤੈਸ਼ੀ ਪਹੁੰਚ ਅਪਣਾਈ ਹੈ ਅਤੇ ਜ਼ਮੀਨੀ ਪੱਧਰ 'ਤੇ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਇਸ ਮੌਕੇ ਬੋਲਦਿਆਂ ਮੇਅਰ ਵਿਨੀਤ ਧੀਰ ਨੇ ਕਿਹਾ ਕਿ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਅਤੇ ਗੁਣਵੱਤਾਪੂਰਨ ਢੰਗ ਨਾਲ ਪੂਰਾ ਕਰਨਾ ਨਗਰ ਨਿਗਮ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਅੱਗੇ ਕਿਹਾ ਕਿ ਅਧਿਕਾਰੀਆਂ ਨੂੰ ਨਿਰਧਾਰਤ ਸਮਾਂ-ਸੀਮਾ ਦੀ ਪਾਲਣਾ ਕਰਨ ਅਤੇ ਨਿਰਮਾਣ ਕਾਰਜਾਂ ਵਿੱਚ ਉੱਚ ਮਿਆਰਾਂ ਨੂੰ ਕਾਇਮ ਰੱਖਣ ਲਈ ਪਹਿਲਾਂ ਹੀ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ।

# ਜ਼ਰੂਰਤਮੰਦ ਦੀ ਮਦਦ ਲਈ ਹਰ ਸੰਸਥਾ ਨੂੰ ਅੱਗੇ ਆਉਣਾ ਚਾਹੀਦਾ-ਗੋਸਵਾਮੀ

**ਨਿਸ਼ਕਾਮ ਸੇਵਾ ਮੰਡਲ ਨੇ ਸੰਤ ਸਮਾਜ ਨੂੰ ਜ਼ਰੂਰਤ ਦਾ ਸਾਮਾਨ ਵੰਡਿਆ**



ਨਾਭਾ, (ਵਰਿੰਦਰ ਵਰਮਾ)-ਨਿਸ਼ਕਾਮ ਸੇਵਾ ਮੰਡਲ ਵਰਿੰਦਾਵਨ ਧਾਮ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਡਿਤ ਅਨੂ ਸ਼ਰਮਾ ਦੀ ਅਗਵਾਈ ਵਿੱਚ ਸ੍ਰੀ ਰਾਧਾ ਗੋਪੀ ਕੁੰਜ ਵਰਿੰਦਾਵਨ ਧਾਮ ਗਿਆਨ ਗੁਦੜੀ ਵਿਖੇ ਸੰਤ ਸਮਾਜ ਨੂੰ ਜ਼ਰੂਰਤ ਦਾ ਸਾਮਾਨ ਵੰਡਿਆ ਗਿਆ।ਇਸ ਮੌਕੇ ਰਾਧਾ ਬਲਭ ਮੰਦਰ ਤੋਂ ਸੰਤ ਸਮਾਜ ਦੇ ਸ੍ਰੀ ਗੋਬਿੰਦ ਦੇਵ ਗੋਸਵਾਮੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਮੌਕੇ ਮੰਡਲ ਦੇ ਮੁੱਖ ਸੇਵਾਦਾਰ ਪੰਡਿਤ ਅਨੂ ਸ਼ਰਮਾ ਨੇ ਦੱਸਿਆ ਕਿ ਨਿਸ਼ਕਾਮ ਸੇਵਾ ਮੰਡਲ ਵੱਲੋਂ ਸ੍ਰੀ ਰਾਧਾ ਗੋਪੀ ਕੁੰਜ ਤੇ ਵਰਿੰਦਾਵਨ ਧਾਮ ਪਰਿਕਰਮਾ ਮਾਰਗ 'ਤੇ ਰੋਜ਼ਾਨਾ ਸਵੇਰੇ ਲੰਗਰ ਲਗਾਇਆ ਜਾਂਦਾ ਹੈ, ਜਿਸ ਵਿੱਚ ਸੈਂਕੜੇ ਸੰਤ ਮਹਾਤਮਾ ਤੇ ਆਉਣ ਜਾਣ ਵਾਲੇ ਰਾਹਗੀਰ ਲੰਗਰ ਦਾ ਆਨੰਦ ਮਾਣਦੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਨਵੇਂ ਸਾਲ ਦੇ ਮੌਕੇ 'ਤੇ 24 ਦਸੰਬਰ ਤੋਂ ਲੈ ਕੇ 1 ਜਨਵਰੀ ਤੱਕ ਰੋਜ਼ਾਨਾ ਸਵੇਰੇ ਤੋਂ ਰਾਤ ਤੱਕ ਲੰਗਰ ਲਗਾਇਆ ਜਾਵੇਗਾ।ਅਨੂ ਸ਼ਰਮਾ ਨੇ ਕਿਹਾ ਕਿ ਅੱਜ ਸੰਤ ਸਮਾਜ ਨੂੰ ਜ਼ਰੂਰਤ ਦਾ ਸਾਮਾਨ ਜਿਵੇਂ ਕੰਬਲ, ਬੂਟ, ਸ਼ਾਲ, ਲੋਈਆਂ, ਬਰਤਨ, ਗਰਮ ਕੋਟੀਆਂ, ਜੁਰਾਬਾਂ, ਤੇਲ, ਸਾਬਣ ਆਦਿ ਸਾਮਾਨ ਵੰਡਿਆ ਗਿਆ। ਇਸ ਮੌਕੇ ਐਡਵੋਕੇਟ ਚੰਦਰ ਸ਼ੇਖਰ ਜੋਲੀ, ਰਾਜ ਕੁਮਾਰ ਕਰਨਾਲ, ਸੰਦੀਪ ਗੋਇਲ, ਰਮੇਸ਼ ਤਲਵਾੜ, ਵਰਿੰਦਰ ਵਰਮਾ ਨੇ ਕਿਹਾ ਕਿ ਨਿਸ਼ਕਾਮ ਸੇਵਾ ਮੰਡਲ ਵੱਲੋਂ ਇਸ ਤਰ੍ਹਾਂ ਦੀ ਸੇਵਾ ਕਰਨਾ ਬਹੁਤ ਹੀ ਵਧੀਆ ਉਪਰਾਲਾ ਹੈ, ਜਿਸ ਨਾਲ ਜ਼ਰੂਰਤਮੰਦ ਲੋਕਾਂ ਦੀ ਮਦਦ ਕੀਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਠੰਡ ਨੂੰ ਵੇਖਦੇ ਹੋਏ ਸੰਤ ਸਮਾਜ ਨੂੰ ਜ਼ਰੂਰਤ ਦਾ ਸਾਮਾਨ ਵੰਡਿਆ ਗਿਆ।ਇਸ ਮੌਕੇ ਮੁੱਖ ਸੇਵਾਦਾਰ ਅਨੂ ਸ਼ਰਮਾ ਵੱਲੋਂ ਸ੍ਰੀ ਗੋਬਿੰਦ ਦੇਵ ਗੋਸਵਾਮੀ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ।

## ਸਵਦੇਸ਼ੀ ਦਾ ਨਾਅਰਾ ਦੇਣ ਵਾਲੀ ਕੇਂਦਰ ਸਰਕਾਰ ਈਸਟ ਇੰਡੀਆ ਕੰਪਨੀ ਦੇ ਰਾਹ ਪਈ : ਸੰਧਵਾਂ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰ ਸਰਕਾਰ ਵੱਲੋਂ ਨਿਊਜ਼ੀਲੈਂਡ ਦੇ ਸੇਬਾਂ 'ਤੇ ਆਯਾਤ ਡਿਊਟੀ ਨੂੰ ਮੁਕਤ ਵਪਾਰ ਸਮਝੌਤੇ (ਐੱਫ ਟੀ ਏ) ਦੇ ਤਹਿਤ 50 ਫੀਸਦੀ ਤੋਂ ਘਟਾ ਕੇ 25 ਫੀਸਦੀ ਕਰਨ ਦੇ ਫੈਸਲੇ ਦੀ ਕੜੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸੇਬ ਉਤਪਾਦਕ ਕਿਸਾਨਾਂ ਨਾਲ ਸਿੱਧਾ ਵਿਸ਼ਵਾਸਘਾਤ ਹੈ ਅਤੇ ਇਹ ਨੀਤੀ ਸਵਦੇਸ਼ੀ ਦੇ ਨਾਅਰੇ ਨਾਲ ਪੂਰੀ ਤਰ੍ਹਾਂ ਵਿਰੋਧੀ ਹੈ। ਸਪੀਕਰ ਸੰਧਵਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਹ ਕਦਮ ਈਸਟ ਇੰਡੀਆ ਕੰਪਨੀ ਦੀ ਯਾਦ ਤਾਜ਼ਾ ਕਰਵਾਉਂਦੇ ਹਨ, ਜਿੱਥੇ ਦੇਸੀ ਉਤਪਾਦਕਾਂ ਨੂੰ ਕਮਜ਼ੋਰ ਕਰਕੇ ਵਿਦੇਸ਼ੀ ਵਪਾਰਕ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਅਜਿਹੀਆਂ ਨੀਤੀਆਂ ਦੇਸ਼ ਦੀ ਲਗਭਗ 5,000 ਕਰੋੜ ਰੁਪਏ ਦੀ ਸੇਬ ਆਧਾਰਿਤ ਆਰਥਿਕਤਾ ਲਈ ਗੰਭੀਰ ਖ਼ਤਰਾ ਹਨ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬਾਗਬਾਨੀ 'ਤੇ ਨਿਰਭਰ ਲੱਖਾਂ ਕਿਸਾਨ ਪਰਿਵਾਰਾਂ ਦੀ ਰੋਜ਼ੀ-ਰੋਟੀ ਇਸ ਫੈਸਲੇ ਨਾਲ ਪ੍ਰਭਾਵਿਤ ਹੋਵੇਗੀ। ਸਪੀਕਰ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਘਰੇਲੂ ਉਤਪਾਦਕਾਂ ਦੀ ਰੱਖਿਆ ਕਰਨ ਦੇ ਆਪਣੇ ਵਾਅਦਿਆਂ ਨੂੰ ਨਿਭਾਉਣ ਵਿੱਚ ਅਸਫ਼ਲ ਰਹੀ ਹੈ। ਸੰਧਵਾਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਇਸ ਫੈਸਲੇ 'ਤੇ ਮੁੜ ਵਿਚਾਰ ਕਰੇ ਅਤੇ ਦੇਸ਼ ਦੇ ਕਿਸਾਨਾਂ, ਖ਼ਾਸ ਕਰਕੇ ਬਾਗਬਾਨੀ ਨਾਲ ਜੁੜੇ ਉਤਪਾਦਕਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਵੇ।

# ਦਾਣਾ ਮੰਡੀ ਗੁਰਦਾਸਪੁਰ 'ਚ ਕ੍ਰਿਸਮਸ ਨੂੰ ਸਮਰਪਿਤ ਰਾਜ ਪੱਧਰੀ ਪ੍ਰੋਗਰਾਮ ਅੱਜ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 29 ਦਸੰਬਰ ਨੂੰ ਗੁਰਦਾਸਪੁਰ ਦੀ ਦਾਣਾ ਮੰਡੀ 'ਚ ਕ੍ਰਿਸਮਸ ਦੇ ਤਿਉਹਾਰ ਨੂੰ ਸਮਰਪਿਤ ਰਾਜ ਪੱਧਰੀ ਪ੍ਰੋਗਰਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਬਟਾਲਾ ਦੇ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕ੍ਰਿਸ਼ਚੀਅਨ ਭਾਈਚਾਰੇ ਦੇ ਲੋਕਾਂ ਦੀ ਪਿਛਲੇ ਲੰਬੇ ਸਮੇਂ ਤੋਂ ਮੰਗ ਸੀ ਕਿ ਕ੍ਰਿਸਮਸ ਦਾ ਤਿਉਹਾਰ ਪੰਜਾਬ ਸਰਕਾਰ ਵਲੋਂ ਰਾਜ ਪੱਧਰ 'ਤੇ ਮਨਾਇਆ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਇਸ ਸੰਬੰਧ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਗੱਲਬਾਤ ਕੀਤੀ ਗਈ ਅਤੇ ਇਸਾਈ ਭਾਈਚਾਰੇ ਦੇ ਲੋਕਾਂ ਦੀਆਂ ਮੰਗਾਂ ਨੂੰ ਉਨ੍ਹਾਂ ਦੇ ਸਾਹਮਣੇ ਰੱਖਿਆ ਗਿਆ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਇਸ ਸੰਬੰਧ 'ਚ ਪਹਿਲਕਦਮੀ ਕਰਦੇ ਹੋਏ ਅੱਜ ਗੁਰਦਾਸਪੁਰ ਦੀ ਦਾਣਾ ਮੰਡੀ 'ਚ ਕ੍ਰਿਸਮਸ ਦੇ ਤਿਉਹਾਰ ਨੂੰ ਸਮਰਪਿਤ ਰਾਜ ਪੱਧਰੀ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਇਸਾਈ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਮਾਗਮ 'ਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਪ੍ਰਭੂ ਯਿਸ਼ੂ ਮਸੀਹ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ।ਉਨ੍ਹਾਂ ਕ੍ਰਿਸਮਿਸ ਦੇ ਤਿਉਹਾਰ ਦੀ ਮਸੀਹ ਭਾਈਚਾਰੇ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਪ੍ਰਭੂ ਯਿਸ਼ੂ ਮਸੀਹ ਨੇ ਲੋਕਾਂ ਨੂੰ ਮਿਲਜੁਲ ਕੇ ਰਹਿਣ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅੱਜ ਸਾਰੇ ਲੋਕਾਂ ਨੂੰ ਪ੍ਰਭੂ ਯਿਸ਼ੂ ਮਸੀਹ ਵਲੋਂ ਦਰਸ਼ਾਏ ਹੋਏ ਮਾਰਗ 'ਤੇ ਚੱਲ ਕੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਜਾਤ ਪਾਤ ਤੋਂ ਉਪਰ ਉਠ ਕੇ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ ਅਤੇ ਸਾਰੇ ਧਰਮਾਂ ਦੇ ਤਿਉਹਾਰ ਮਿਲਜੁਲ ਕੇ ਮਨਾਉਣੇ ਚਾਹੀਦੇ ਹਨ। ਉਨ੍ਹਾਂ ਸਮੂਹ ਸ਼ਹਿਰ ਵਾਸੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਆਉਣ ਵਾਲਾ ਸਾਲ ਸਾਰਿਆਂ ਦੇ ਲਈ ਸੁੱਖ ਅਤੇ ਤਰੱਕੀ ਲੈ ਕੇ ਆਵੇ ਅਤੇ ਸਾਰਿਆਂ ਦੇ ਲਈ ਇਹ ਸਾਲ ਖੁਸ਼ੀਆਂ ਨਾਲ ਭਰਿਆ ਹੋਵੇ।



# ਨਰੇਗਾ ਮੁਲਾਜ਼ਮ ਅੱਜ ਕਰਨਗੇ ਜ਼ਿਲ੍ਹਾ ਪੱਧਰ 'ਤੇ ਡੀ ਸੀ ਦਫਤਰਾਂ ਦਾ ਘਿਰਾਓ: ਜੱਸੀ



ਬੋਹਾ, (ਨਿਰੰਜਣ ਬੋਹਾ)-ਨਰੇਗਾ ਮੁਲਾਜ਼ਮ ਕਰਮਚਾਰੀ ਯੂਨੀਅਨ (ਆਜ਼ਾਦ) ਦੀ ਇੱਕ ਅਹਿਮ ਮੀਟਿੰਗ ਇਥੇ ਹੋਈ। ਸੂਬਾ ਪ੍ਰਧਾਨ ਜਸਪਾਲ ਸਿੰਘ ਜੱਸੀ ਨੇ ਦੱਸਿਆ ਕਿ ਕੇਂਦਰ ਵਿੱਚ ਤੀਸਰੀ ਵਾਰ ਸੱਤਾ ਵਿੱਚ ਆਈ ਮੋਦੀ ਸਰਕਾਰ ਵੱਲੋਂ 20 ਸਾਲ ਪੁਰਾਣੇ ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ-2005 ਦੀ ਥਾਂ ਹੁਣ ਵਿਕਸਤ ਭਾਰਤ ਗਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਨ) ਲਿਆ ਕੇ ਨਰੇਗਾ ਵਿੱਚ ਵੱਡੇ ਬਦਲਾਅ ਕੀਤੇ ਹਨ। ਜਿੱਥੇ ਇਸ ਬਿੱਲ ਦੇ ਲਾਗੂ ਹੋਣ ਨਾਲ ਸੂਬਾ ਸਰਕਾਰਾਂ ਤੇ 40% ਹਿੱਸੇਦਾਰੀ ਦਾ ਵਾਧੂ ਬੋਝ ਪੈਣ ਕਾਰਨ ਬਵਾਲ ਮੱਚ ਗਿਆ ਹੈ, ਉੱਥੇ 16-17 ਸਾਲਾਂ ਤੋਂ ਨਰੇਗਾ ਸਕੀਮ ਨੂੰ ਜ਼ਮੀਨ ਪੱਧਰ ਤੱਕ ਲਾਗੂ ਕਰਨ ਵਾਲੇ ਪੰਜਾਬ ਦੇ ਲਗਭਗ 2100 ਨਰੇਗਾ ਮੁਲਾਜ਼ਮਾਂ ਦਾ ਭਵਿੱਖ ਖ਼ਤਮ ਹੋਣ ਦੇ ਕਿਨਾਰੇ ਹੈ। ਆਗੂਆਂ ਨੇ ਕਿਹਾ ਕਿ ਨਰੇਗਾ ਮੁਲਾਜ਼ਮ ਆਪਣੇ ਰੁਜ਼ਗਾਰ ਨੂੰ ਬਚਾਉਣ ਲਈ ਇਜਲਾਸ ਤੋਂ ਪਹਿਲਾਂ 29 ਦਸੰਬਰ ਨੂੰ ਪੰਜਾਬ ਦੇ 12587 ਪਿੰਡਾਂ ਦੇ ਲੱਖਾਂ ਨਰੇਗਾ ਮਜ਼ਦੂਰਾਂ ਨੂੰ ਨਾਲ ਲੈ ਕੇ ਜਿਲਾ ਪੱਧਰ ਤੇ ਕੇਂਦਰ ਦੀ ਭਾਜਪਾ ਸਰਕਾਰ ਦੇ ਖਿਲਾਫ ਵੱਡੇ ਅੰਦੋਲਨ ਵਿੱਢਣਗੇ। ਇਸ ਸੰਦਰਭ 'ਚ ਮਾਨਸਾ ਵਿਖੇ ਵੀ ਨਰੇਗਾ ਮੁਲਾਜ਼ਮਾਂ ਵੱਲੋਂ ਨਰੇਗਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਬੈਨਰ ਹੇਠ ਵੱਡਾ ਇਕੱਠ ਕਰਕੇ ਡੀ. ਸੀ ਦਫਤਰ ਦਾ ਘਿਰਾਓ ਕੀਤਾ ਜਾਵੇਗਾ ਤੇ ਕੇਂਦਰ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ ਜਾਵੇਗਾ. ਇਸ ਮੌਕੇ ਤੇ ਜੁਗਰਾਜ ਸਿੰਘ ਜੋਗਾ, ਬੀਰਬਲ ਸਿੰਘ, ਜਸਪਾਲ ਸਿੰਘ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਸੰਦੀਪ ਪਾਲਾ, ਜਗਦੀਪ ਸਿੰਘ, ਲਵਲੀ ਸ਼ਰਮਾ ਆਦਿ ਹਾਜ਼ਰ ਸਨ।

# ਚੋਣਾਂ ਦੇ ਮੱਦੇਨਜ਼ਰ ਭਾਜਪਾ ਵੱਲੋਂ ਸੰਗਠਨ ਮਜ਼ਬੂਤ ਕਰਨ ਦੀ ਮੁਹਿੰਮ ਤੇਜ਼



ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)-ਭਾਰਤੀ ਜਨਤਾ ਪਾਰਟੀ ਦੀ ਸਰਕਲ ਮਹਿਲ ਕਲਾਂ ਦੀ ਅਹਿਮ ਮੀਟਿੰਗ ਮੰਡਲ ਪ੍ਰਧਾਨ ਸੁਰਿੰਦਰ ਕਾਲਾ ਦੀ ਅਗਵਾਈ ਹੇਠ ਮਹਿਲ ਕਲਾਂ ਵਿਖੇ ਹੋਈ। ਇਸ ਮੌਕੇ ਭਾਜਪਾ ਆਗੂ ਹਰਕੰਵਲਜੀਤ ਸਿੰਘ ਸੇਵਾਮੁਕਤ ਐੱਸ ਡੀ ਐੱਮ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਦੇ ਹੁਕਮਾਂ ਅਨੁਸਾਰ ਆਉਂਦੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਬੂਥ ਪੱਧਰ 'ਤੇ ਨਵੀਆਂ ਕਮੇਟੀਆਂ ਦਾ ਗਠਨ ਕਰਕੇ ਸੰਗਠਨ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ, ਜਿਸ ਤਹਿਤ ਹਰ ਵਰਗ ਦੇ ਲੋਕਾਂ ਨੂੰ ਭਾਜਪਾ ਦੇ ਮੁੱਖ ਧੁਰੇ ਨਾਲ ਜੋੜ ਕੇ ਉਨ੍ਹਾਂ ਨੂੰ ਯੋਗ ਮਾਨ-ਸਤਿਕਾਰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ, ਲੋਕ-ਹਿਤੈਸ਼ੀ ਨੀਤੀਆਂ ਤੇ ਆਮ ਲੋਕਾਂ ਲਈ ਲਾਗੂ ਕੀਤੀਆਂ ਗਈਆਂ ਯੋਜਨਾਵਾਂ ਨੂੰ ਘਰ-ਘਰ ਤੱਕ ਪ੍ਰਚਾਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਸਮੂਹ ਵਰਕਰਾਂ ਨੂੰ ਇੱਕਜੁੱਟ ਹੋ ਕੇ ਪਾਰਟੀ ਦੇ ਆਧਾਰ ਨੂੰ ਹੋਰ ਮਜ਼ਬੂਤ ਕਰਨ ਦੀ ਅਪੀਲ ਕੀਤੀ।ਭਾਜਪਾ ਦੇ ਮੰਡਲ ਪ੍ਰਧਾਨ ਸੁਰਿੰਦਰ ਕੁਮਾਰ ਕਾਲਾ ਨੇ ਕਿਹਾ ਕਿ ਪਿੰਡ ਤੇ ਬੂਥ ਪੱਧਰ 'ਤੇ ਕਮੇਟੀਆਂ ਬਣਾ ਕੇ ਪਾਰਟੀ ਦੀ ਜਥੇਬੰਦਕ ਸ਼ਕਤੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਸੁੰਦਰ ਲਾਲ ਜਗਰਾਉ, ਬੁੱਧ ਸਿੰਘ, ਗੁਰਪ੍ਰੀਤ ਸਿੰਘ ਸੀਲੋਆਣੀ, ਪਰਮਜੀਤ ਸਿੰਘ, ਜਸਵੀਰ ਸਿੰਘ ਜੱਸੀ, ਅਰਸ਼ਦੀਪ ਸਿੰਘ, ਜਗਦੀਸ਼ ਸਿੰਘ, ਲਖਵੀਰ ਸਿੰਘ ਆਦਿ ਆਗੂਆਂ ਨੇ ਵੀ ਵਿਚਾਰ ਰੱਖੇ।


# ਕਲਾਸੀਫਾਈਡ ਇਸ਼ਤਿਹਾਰ

## Change of Name

I, Jasbind Kaur, D/O Vijay Pal Singh R/o Village Odhpur Post Office Tanda Urmar, Urmar, Hoshiarpur, Punjab- 144204. have changed my name and shall hereafter be Known as Jasvir Kaur.

I, Manjinder Kaur W/O Angrej Singh, R/o Post Office Chahal Kalan Tehsil Batala, VTC:Chahal Khurd, PO: Chahal, Dist: Gurdaspur, Punjab-143505. have changed my name and shall hereafter be Known as Satnam Kaur.

I, Vasu S/O Deepak Kumar, R/o H No N-378, Sunder Nagar, Batala, PO: Batala, Dist: Gurdaspur, Punjab-143505, have changed my name and shall hereafter be Known as Vasu Gakhar.

I, Kultarn Kaur W/O Davinder Singh, R/o Vill- Chandidass, P.O- Jalota, VTC- Dasuya, Hoshiarpur, Punjab- 144205. have changed my name and shall hereafter be Known as Kulwaran Kaur.

I, Ramesh Kumar S/o Rattan Chand R/o H.No. A-12, Tower Town, Backside TV Tower, Jalandhar-144014, Punjab have changed my name from Ramesh Kumar to Given Name : Ramesh, Surname : Kumar. All concerned please note.

I, Neha Kumari D/o Vijay Kumar R/o Nehru Gate Julkian Mohalla, Batala, Gurdaspur-143505, Punjab have changed my name from Neha Kumari to Given Name : Neha, Surname : Kumari. All concerned please note.

I, Gurpreet Singh S/o Rajinder Singh R/o VPO. Sikanderpur, Jalandhar-144301, Punjab have changed my name from Gurpreet Singh to Given Name : Gurpreet, Surname : Singh. All concerned please note.

I Hitherto known as Sukhdeep Singh S/O Lakhwinder Singh R/O Village Jand, P.O Goraya, Tehsil Phillaur District Jalandhar-144409 (Punjab) India have Changed my name and shall hereafter be known as Singh Sukhdeep and Surname as Singh.

## Change of Name

I, Satnam S/o Tarsem Lal, resident of village Phalpota, Tehsil Phillaur, District Jalandhar declare that I have changed of my minor son name from Sukhraj to Sukhraj Singh.

I, Satnam S/o Tarsem Lal, resident of village Phalpota , Tehsil Phillaur, District Jalandhar declare that I have changed of my minor son name from Navraj to Navraj Singh.

I, Narinder Kumar S/o Gurmel Lal R/o H.No. 196/5, Buta Pind, Jalandhar have changed my name to Given name as Narinder & Surname as Kumar. All Please Note.

I, Sonali Duggal w/o Mohit Charaya r/o 5170, Ward No. 2, Mohalla Sunder Nagar, Nakodar, Distt. Jalandhar have changed my name from Sonali Duggal to Sonali Charaya, After Marriage. All Please Note.

I, Kanika Gupta w/o Anil Aggarwal r/o 48-49, Mohalla No. 27, Jalandhar Cantt., Jalandhar have changed my name from Kanika Gupta to Kanika Aggarwal. All Please Note.

I, Muskan, D/O Harpal Singh R/o Shahpur, Jhingar Kalan, Dasuya, Hoshiarpur, Punjab- 144205. have changed my name and shall hereafter be Known as Muskan Kaur.

## PUBLIC NOTICE

I, Harjit Dass S/O Gurbachan Dass, R/o Paddi Jagir, Jalandhar, Paddi Jagir, Punjab- 144409. Declare that Name of Mine and My Father has been wrongly written as Harjit Das and Harjas Singh in my Passport No- G8760857. The actual name of Mine and My Father are Harjit Dass and Gurbachan Dass, which may be amended accordingly.

## ਬੇਦਖਲੀ ਨੋਟਿਸ

ਮੈਂ, ਜਸਵੀਰ ਸਿੰਘ ਪੁੱਤਰ ਤਰਿਸ਼ਨਾ ਸਿੰਘ ਵਾਸੀ ਕੁਰੜ (ਬਰਨਾਲਾ) ਆਪਣੀ ਬੇਟੀ ਸਿਮਰਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਸੰਬੰਧ ਨਹੀਂ ਰਿਹਾ। ਹੁਣ ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਆਪ ਜ਼ਿੰਮੇਵਾਰ ਹੋਵੇਗਾ।

ਮੈਂ, ਅਮਰੀਕ ਸਿੰਘ ਪੁੱਤਰ ਸੱਜਣ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਅਮਰੀਕ ਸਿੰਘ, ਵਾਸੀ 586 ਵਾਰਡ ਨੰਬਰ 13 ਮਾਡਲ ਟਾਊਨ ਸਲੈਚਾਂ ਰੋਡ ਤਹਿਸੀਲ ਸ਼ਾਹਕੋਟ, ਜਿਲਾ ਜਲੰਧਰ-144702 ਬਿਆਨ ਕਰਦੇ ਹਾਂ ਸਾਡਾ ਵਿਦੇਸ਼ ਵਿੱਚ ਰਹਿੰਦਾ ਲੜਕਾ ਗੁਰਜੀਤ ਸਿੰਘ ਗਿੱਲ ਅਤੇ ਨੂੰਹ ਸਿਮਰਨ ਸਿੱਧੂ ਸਾਡੇ ਕਹਿਣੇਕਾਰ ਤੋਂ ਬਾਹਰ ਹਨ। ਤੰਗ ਪ੍ਰੇਸ਼ਾਨ ਕਰਦੇ ਹਨ। ਸਾਡੇ ਨਾਲ ਲੜਾਈ ਝਗੜਾ ਕਰਦੇ ਹਨ ਇਸ ਲਈ ਅਸੀਂ ਆਪਣੇ ਲੜਕੇ ਅਤੇ ਉਸਦੀ ਪਤਨੀ ਨੂੰ ਆਪਣੀ ਭਾਰਤ ਭਰ ਵਿੱਚ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਦਾਰ ਹੋਏਗਾ ਸਬੰਧੀ ਨੋਟ ਕਰਨ।

ਅਸੀਂ, ਓਮ ਪ੍ਰਕਾਸ਼ ਪੁੱਤਰ ਦਾਸੀ ਰਾਮ ਅਤੇ ਸੋਨੀਆ ਰਾਣੀ ਪਤਨੀ ਓਮ ਪ੍ਰਕਾਸ਼ ਵਾਸੀਆਨ ਮਕਾਨ ਨੰ. 2785, ਵਾਰਡ ਨੰ. 6, ਖਟਿਕਾਂ ਮੁਹੱਲਾ, ਕਰਤਾਰਪੁਰ, ਜਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਹੁਲ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਸ੍ਰੀ ਚਿਤਰੰਜਨ ਸਿੰਘ ਪੁੱਤਰ ਅਜ਼ਮੇਰ ਸਿੰਘ ਵਾਸੀ ਬਸਤੀ ਗੋਬਿੰਦਗੜ੍ਹ (ਰਕਬਾ)ਨੱਥੂਵਾਲਾ ਜਦੀਦ ਜਿਲ੍ਹਾ ਮੋਗਾ ਦੇ ਨਾਮ ਤੇ ਇੱਕ ਟਿਊਬਵੈਲ ਕੁਨੈਕਸ਼ਨ ਖਾਤਾ ਨੰ © 541ਬੀ ਐਚ ਪੀ 12.5ਵਾਕਿਆ ਪਿੰਡ ਰਕਬਾ ਨੱਥੂਵਾਲਾ ਜਦੀਦ ਮੋਗਾ ਵਿਖੇ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਮ ਦੀ ਬਦਲੀ ਅਮਰਜੀਤ ਸਿੰਘ ਗਿੱਲ ਪੁੱਤਰ ਕਰਨੈਲ ਸਿੰਘ ਵਾਸੀ ਨੱਥੂਵਾਲਾ ਜਦੀਦ ਵੱਲੋਂ ਆਪਣੇ ਨਾਮ ਤੇ ਕਰਵਾਉਣ ਲਈ ਦਰਖਾਸਤ ਦਿੱਤੀ ਹੈ । ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐਸ ਪੀ ਸੀ ਐਲ ਉਪ ਮੰਡਲ ਅਫਸਰ ਨੱਥੂਵਾਲਾ ਜਦੀਦ ਮੋਗਾ ਨੂੰ ਪੇਸ਼ ਕਰ ਸਕਦਾ ਹੈ ਨਾ ਇਤਰਾਜ ਹੋਣ ਤੇ ਪੰਦਰਾਂ ਦਿਨਾਂ ਬਾਅਦ ਕੁਨੈਕਸ਼ਨ ਉਸ ਨਾਮ ਉਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਪਬਲਿਕ ਨੋਟਿਸ

ICICI Bank — Registered Office: ICICI Bank Tower, Near Chakli Circle, Old Padra Road, Vadodara- 390007 Corporate Office: ICICI Bank Towers, Bandra-Kurla Complex Mumbai 400051

### ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 8 ਜਨਵਰੀ 2026 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਛੇਹਰਟਾ | |
| 357862000742 | ਸੁਖਦੇਵ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਮਜੀਠਾ ਰੋਡ | |
| 659362601282 | ਸੰਤੋਸ਼ ਕੁਮਾਰ |
| ਬਰਾਂਚ ਦਾ ਨਾਂਅ : ਬਸੀ ਪਠਾਣਾ | |
| 383462001596 | ਕੁਲਵੀਰ ਸਿੰਘ |
| ਬਰਾਂਚ ਦਾ ਨਾਂਅ : ਭਾਦਸੋਂ | |
| 400562001565 | ਅੰਮ੍ਰਿਤਪਾਲ ਸਿੰਘ |
| ਬਰਾਂਚ ਦਾ ਨਾਂਅ : ਭਗਤਾ | |
| 372862000863 | ਗੁਰਦੀਪ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ-ਸਿਵਲ ਲਾਈਨਜ਼ | |
| 241662000213 | ਜਸਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਭਿੱਖੀਵਿੰਡ, ਪੰਜਾਬ | |
| 361057000129 | ਬਲਸੁਖਜੀਤ ਸਿੰਘ |
| ਬਰਾਂਚ ਦਾ ਨਾਂਅ : ਬੋਹਾ | |
| 394957000186 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਅ : ਫਤਿਹਗੜ੍ਹ ਚੂੜੀਆਂ | |
| 283062003399 | ਅਕਾਸ਼ਦੀਪ ਸਿੰਘ |
| ਬਰਾਂਚ ਦਾ ਨਾਂਅ : ਹੁਸ਼ਿਆਰਪੁਰ | |
| 023662002498 | ਰਜਿੰਦਰ ਕੌਰ |
| ਬਰਾਂਚ ਦਾ ਨਾਂਅ : ਜਗਰਾਉਂ | |
| 087962002028 | ਰੁਪਿੰਦਰਦੀਪ ਸਿੰਘ |

| ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਜਲੰਧਰ-ਸਿਵਲ ਲਾਈਨਜ਼ | |
| 151262000830 | ਹਰੀਸ਼ ਕੁਮਾਰੀ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | |
| 008062001834 | ਮਨਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ-ਨੂਰਮਹਿਲ | |
| 007957000051 | ਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਕਲਾਨੌਰ, ਪੰਜਾਬ | |
| 357462002393 | ਮਲਕੀਤ ਸਿੰਘ |
| ਬਰਾਂਚ ਦਾ ਨਾਂਅ : ਕਪੂਰਥਲਾ-ਸੁਲਤਾਨਪੁਰ ਰੋਡ | |
| 189562001489 | ਜਸਕਰਨ ਸਿੰਘ |
| ਬਰਾਂਚ ਦਾ ਨਾਂਅ : ਕਰਤਾਰਪੁਰ | |
| 163462001567 | ਨਰਿੰਦਰ ਕੌਰ |
| ਬਰਾਂਚ ਦਾ ਨਾਂਅ : ਖਮਾਣੋਂ | |
| 199462002099 | ਜਤਿੰਦਰ ਸਿੰਘ |
| 199462002135 | ਜਤਿੰਦਰ ਸਿੰਘ |
| 199405002653 | ਗੁਰਪਿੰਦਰ ਕੌਰ |
| ਬਰਾਂਚ ਦਾ ਨਾਂਅ : ਮਾਛੀਵਾੜਾ | |
| 178262003601 | ਅੰਮ੍ਰਿਤ ਸਿੰਘ |
| ਬਰਾਂਚ ਦਾ ਨਾਂਅ : ਮਜੀਠਾ, ਪੰਜਾਬ | |
| 357062002604 | ਬਲਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਮੁਹਾਲੀ-ਫੇਜ਼ 5 | |
| 189662001159 | ਸੁਮਿਤ ਜਸਰੋਟੀਆ |
| ਬਰਾਂਚ ਦਾ ਨਾਂਅ : ਮੁਕੇਰੀਆਂ | |
| 087762003223 | ਗੁਰਦੀਪ ਸਿੰਘ |

| ਖਾਤਾ ਨੰ. | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਮੁੱਲਾਂਪੁਰ ਗਰੀਬਦਾਸ | |
| 173162000583 | ਸੁਖਵਿੰਦਰ ਕੌਰ |
| ਬਰਾਂਚ ਦਾ ਨਾਂਅ : ਨੰਗਲ | |
| 152362002767 | ਨਿਖਿਲ ਸੈਣੀ |
| ਬਰਾਂਚ ਦਾ ਨਾਂਅ : ਨਥਾਣਾ | |
| 447062000423 | ਹਰਜੀਤ ਸਿੰਘ |
| ਬਰਾਂਚ ਦਾ ਨਾਂਅ : ਰਾਏਕੋਟ | |
| 201762002404 | ਹਰਦੀਪ ਸਿੰਘ |
| 201762003091 | ਅੰਮ੍ਰਿਤਪਾਲ ਸਿੰਘ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047762004201 | ਹਰਦੀਪ ਸਿੰਘ |
| ਬਰਾਂਚ ਦਾ ਨਾਂਅ : ਸਮਾਣਾ | |
| 152162005947 | ਲਖਵਿੰਦਰ ਸਿੰਘ |
| 152162006024 | ਸੋਹਣ ਸਿੰਘ |
| ਬਰਾਂਚ ਦਾ ਨਾਂਅ : ਸਰਦੂਲਗੜ੍ਹ, ਪੰਜਾਬ | |
| 356762003487 | ਹਰਦੀਪ ਸਿੰਘ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087862003099 | ਅਮਰਦੀਪ ਸ਼ਰਮਾ |
| ਬਰਾਂਚ ਦਾ ਨਾਂਅ : ਚਨੌਰ | |
| 465557000028 | ਨਰੇਸ਼ ਸਿੰਘ ਮਨਹਾਸ |
| ਬਰਾਂਚ ਦਾ ਨਾਂਅ : ਕੋਟਾ | |
| 018462011369 | ਅਰੁਣ ਬਾਲਾ |

ਮਿਤੀ : 29.12.2025
ਸਥਾਨ : ਲੁਧਿਆਣਾ, ਮਾਨਸਾ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਤਰਨ ਤਾਰਨ, ਰੂਪਨਗਰ, ਗੁਰਦਾਸਪੁਰ, ਮਾਨਸਾ

ਸਹੀ/- ਅਧਿਕਾਰਤ ਅਫਸਰ
ਵਾਸਤੇ ਆਈ ਸੀ ਆਈ ਸੀ ਆਈ ਬੈਂਕ ਲਿਮਿਟਡ

# ਹਰਿਵੱਲਭ ਸੰਗੀਤ ਸੰਮੇਲਨ ਨੌਜਵਾਨਾਂ ਨੂੰ ਸੰਗੀਤ ਦੀ ਅਮੀਰ ਪਰੰਪਰਾ ਨਾਲ ਜੋੜ ਰਿਹੈ : ਕਟਾਰੀਆ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸ਼ਾਸਤਰੀ ਸੰਗੀਤ ਨੂੰ ਲੋਕਾਂ ਨੂੰ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਦੱਸਦਿਆਂ ਨੌਜਵਾਨਾਂ ਨੂੰ ਦੇਸ਼ ਦੇ ਸਭ ਤੋਂ ਵੱਡੇ ਸੱਭਿਆਚਾਰਕ ਖਜ਼ਾਨਿਆਂ ਵਿੱਚੋਂ ਇੱਕ ਸ਼ਾਸਤਰੀ ਸੰਗੀਤ ਨੂੰ ਸਹੀ ਮਾਅਨਿਆਂ ਵਿੱਚ ਸਮਝਣ ਲਈ ਭਾਰਤ ਦੀ ਸ਼ਾਸਤਰੀ ਸੰਗੀਤ ਦੀ ਅਮੀਰ ਪਰੰਪਰਾ ਨੂੰ ਅਪਣਾਉਣ ਦਾ ਸੱਦਾ ਦਿੱਤਾ।ਰਾਜਪਾਲ ਇੱਥੇ ਸ਼੍ਰੀ ਦੇਵੀ ਤਲਾਬ ਮੰਦਰ ਵਿਖੇ 150ਵੇਂ ਹਰਿਵੱਲਭ ਸੰਗੀਤ ਸੰਮੇਲਨ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੰਮੇਲਨ ਵੱਲੋਂ ਪਿਛਲੀ ਡੇਢ ਸਦੀ ਤੋਂ ਰਿਵਾਇਤੀ ਭਾਰਤੀ ਸੰਗੀਤ ਦੀ ਲੌਅ ਨੂੰ ਜੀਵਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਜਾ ਰਹੀ ਹੈ। ਰਾਜਪਾਲ ਨੇ ਕਿਹਾ ਕਿ ਉਹ ਇਸ ਵਿਸ਼ਵ-ਪ੍ਰਸਿੱਧ ਸੰਮੇਲਨ ਦੇ 150ਵੇਂ ਇਤਿਹਾਸਕ ਸਮਾਗਮ ਦਾ ਹਿੱਸਾ ਬਣ ਕੇ ਮਾਣ ਮਹਿਸੂਸ ਕਰ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਸ ਕਮਿਸ਼ਨਰ ਧਨਪ੍ਰੀਤ ਕੌਰ, ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਹਰਿਵੱਲਭ ਮਹਾਸਭਾ ਦੇ ਚੇਅਰਮੈਨ ਸ਼ੀਤਲ ਵਿਜ ਅਤੇ ਪ੍ਰਧਾਨ ਪੂਰਨਿਮਾ ਬੇਰੀ ਵੀ ਮੌਜੂਦ ਸਨ। ਰਾਜਪਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨੌਜਵਾਨ ਪੀੜ੍ਹੀ ਨੂੰ ਅਜਿਹੇ ਉਤਸਵਾਂ ਤੋਂ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਪ੍ਰਬੰਧਕ ਕਮੇਟੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਸ਼੍ਰੀ ਕਟਾਰੀਆ ਨੇ ਕਿਹਾ ਕਿ ਉਨ੍ਹਾਂ ਦੇ ਸਮਰਪਣ ਨੇ ਜਲੰਧਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦਿਵਾਈ ਹੈ। ਉਨ੍ਹਾਂ ਨੇ ਭਾਗ ਲੈਣ ਵਾਲੇ ਕਲਾਕਾਰਾਂ ਦਾ ਸਨਮਾਨ ਵੀ ਕੀਤਾ ਅਤੇ ਉਨ੍ਹਾਂ ਨੂੰ ਭਾਰਤੀ ਸ਼ਾਸਤਰੀ ਸੰਗੀਤ ਦੀ ਸੇਵਾ ਕਰਦੇ ਰਹਿਣ ਦੀ ਅਪੀਲ ਕੀਤੀ।



# ਜਨਤਕ ਜਥੇਬੰਦੀਆਂ ਦੇ ਸਾਂਝਾ ਮੰਚ ਦੀ ਸੂਬਾ ਪੱਧਰੀ ਕਨਵੈਨਸ਼ਨ

**ਜਲੰਧਰ (ਰਾਜੇਸ਼ ਥਾਪਾ)**- ਜਨਤਕ ਜਥੇਬੰਦੀਆਂ ਦਾ ਸਾਂਝਾ ਮੰਚ (ਜੇ ਪੀ ਐੱਮ ਓ) ਦੀ ਰੇਲਵੇ ਸਟੇਸ਼ਨ ਜਲੰਧਰ ਵਿਖੇ ਹੋਈ ਸੂਬਾ ਪੱਧਰੀ ਵਿਸ਼ਾਲ ਕਨਵੈਨਸ਼ਨ ਨੇ ਕੇਂਦਰ ਦੀ ਮੋਦੀ ਸਰਕਾਰ ਵਲੋਂ ਲੋਕਾਂ ਦੇ ਅਧਿਕਾਰਾਂ 'ਤੇ ਮਾਰੇ ਜਾ ਰਹੇ ਛਾਪਿਆਂ ਤੇ ਇਸ ਹਕੂਮਤ ਦੀਆਂ ਲੋਕ ਮਾਰੂ, ਦੇਸ਼ ਵਿਰੋਧੀ ਨੀਤੀਆਂ ਖਿਲਾਫ਼ ਪੜਾਅਵਾਰ, ਸਾਂਝੇ ਤੇ ਬੱਝਵੇਂ, ਵਿਸ਼ਾਲ ਘੋਲ ਵਿੱਢਣ ਦਾ ਐਲਾਨ ਕੀਤਾ ਹੈ। ਮੁੱਖ ਮਤੇ ਰਾਹੀਂ ਮੰਗ ਕੀਤੀ ਗਈ ਹੈ ਕਿ 12 ਕਰੋੜ ਤੋਂ ਵਧੇਰੇ ਬੇਜ਼ਮੀਨੇ-ਸਾਧਨਹੀਣ ਪੇਂਡੂ ਕਿਰਤੀ ਪਰਵਾਰਾਂ ਨੂੰ ਗਰੰਟੀਸ਼ੁਦਾ ਰੁਜ਼ਗਾਰ ਤੋਂ ਵਾਂਝੇ ਕਰਨ ਦੀ ਮੰਨੂਵਾਦੀ-ਕਾਰਪੋਰੇਟੀ ਸਾਜ਼ਿਸ਼ ਤਹਿਤ ਪਾਸ ਕੀਤਾ ਗਿਆ 'ਵੀ ਬੀ ਜੀ ਰਾਮ ਜੀ' ਕਾਨੂੰਨ ਬਿਨਾਂ ਦੇਰੀ ਰੱਦ ਕੀਤਾ ਜਾਵੇ ਅਤੇ ਰੱਦ ਕੀਤਾ 'ਮਨਰੇਗਾ' ਕਾਨੂੰਨ ਇੰਨ-ਬਿੰਨ ਬਹਾਲ ਕਰਕੇ ਇਸ ਤਹਿਤ ਸਾਰੇ ਬਾਲਗ ਕਿਰਤੀਆਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ, 4 ਕਿਰਤ ਕੋਡ ਫੌਰੀ ਰੱਦ ਕਰਕੇ ਮਜ਼ਦੂਰ ਘੋਲਾਂ ਦੀ ਬਦੌਲਤ ਹੋਂਦ 'ਚ ਲਿਆਂਦੇ 44 ਕਿਰਤ ਕਾਨੂੰਨ ਬਹਾਲ ਕੀਤੇ ਜਾਣ, ਬਿਜਲੀ ਸੋਧ ਬਿਲ-2025 ਤੇ ਪ੍ਰਸਤਾਵਿਤ ਬੀਜ ਸੋਧ ਬਿਲ ਪੱਕੇ ਤੌਰ ਤੇ ਖਾਰਜ ਕੀਤੇ ਜਾਣ, ਠੇਕਾ ਪ੍ਰਥਾ ਅਤੇ ਐਡਹਾਕ ਭਰਤੀ ਬੰਦ ਕੀਤੀ ਜਾਵੇ ਤੇ ਸਮੁਚੀ ਵਸੋਂ ਨੂੰ ਗੁਜਾਰੇਯੋਗ, ਬੱਝਵਾਂ ਰੁਜ਼ਗਾਰ ਦਿਤਾ ਜਾਵੇ, ਸਸਤੀ ਬਿਜਲੀ ਤੇ ਆਵਾਜਾਈ ਸਹੂਲਤਾਂ ਆਦਿ ਦੇਣ ਵਾਲੇ ਜਨਤਕ ਖੇਤਰ ਦੀ ਬਹਾਲੀ ਤੇ ਮਜ਼ਬੂਤੀ ਦੇ ਕਦਮ ਚੁੱਕੇ ਜਾਣ। ਦੇਸ਼ ਦੀ ਜਮਹੂਰੀ ਲਹਿਰ ਦੇ ਉੱਘੇ ਆਗੂ ਸਾਥੀ ਮੰਗਤ ਰਾਮ ਪਾਸਲਾ, ਸੀ ਟੀ ਯੂ ਪੰਜਾਬ ਦੇ ਜਨਰਲ ਸਕੱਤਰ ਨੱਥਾ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ, ਐੱਨ ਆਰ ਐੱਮ ਯੂ ਦੀ ਫਿਰੋਜ਼ਪੁਰ ਡਿਵੀਜ਼ਨ ਦੇ ਸਕੱਤਰ ਸਾਥੀ ਸ਼ਿਵ ਦੱਤ ਸ਼ਰਮਾ, ਪ ਸ ਸ ਫ (1406 -22 ਬੀ ਚੰਡੀਗੜ੍ਹ) ਦੇ ਪ੍ਰਧਾਨ ਸਤੀਸ਼ ਰਾਣਾ, ਟੈਕਨੀਕਲ ਸਰਵਿਸ ਯੂਨੀਅਨ (ਵਿਗਿਆਨਕ ਗਰੁੱਪ) ਦੇ ਸੂਬਾਈ ਆਗੂ ਕੁਲਦੀਪ ਸਿੰਘ ਉੱਧੋਕੇ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਧਰਮਿੰਦਰ ਸਿੰਘ, ਪੰਜਾਬ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਗਗਨ ਦੀਪ, ਮਨਰੇਗਾ ਵਰਕਰਸ ਯੂਨੀਅਨ ਪੰਜਾਬ ਦੇ ਕਨਵੀਨਰ ਦੀਪਕ ਠਾਕੁਰ, ਔਰਤ ਮੁਕਤੀ ਮੋਰਚਾ ਪੰਜਾਬ ਦੀ ਸਰਪ੍ਰਸਤ ਡਾਕਟਰ ਰਘਬੀਰ ਕੌਰ ਨੇ ਵਿਚਾਰ ਰੱਖੇ।






## ਕੀਰਤਨ ਸਮਾਗਮ ਭਲਕੇ



**ਮਹਿਲਪੁਰ (ਸਗਰੀ)**- ਸ੍ਰੀ ਗੁਰੂ ਤੇਗ ਬਹਾਦਰ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਅਤੇ ਸ਼ਹੀਦ ਸਿੰਘਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਜੈਤਪੁਰ ਵਿਖੇ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਜਤਿੰਦਰ ਸਿੰਘ ਦੀ ਅਗਵਾਈ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਕੀਰਤਨ ਸਮਾਗਮ 30 ਦਸੰਬਰ ਨੂੰ ਸ਼ਾਮ 6 ਵਜੇ ਤੋਂ 9 ਵਜੇ ਤਕ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਨੇ ਦੱਸਿਆ ਕਿ ਕੀਰਤਨ ਸਮਾਗਮ ਵਿਚ ਸੰਤ ਨਿਰਮਲ ਦਾਸ ਜੀ ਬਾਬੇ ਜੌੜੇ ਵਾਲੇ ਪ੍ਰਧਾਨ ਸਾਧੂ ਸਮਰਦਾਇ ਕਮੇਟੀ ਪੰਜਾਬ, ਸੰਤ ਰਮੇਸ਼ ਦਾ ਡੇਰਾ ਕਲਰਾ ਸ਼ੇਰਪੁਰ ਅਤੇ ਹੋਰ ਸੰਤ ਮਹਾਂਪੁਰਖ ਆਪਣੇ ਪ੍ਰਵਚਨਾਂ ਦੁਆਰਾ ਬਾਣੀ ਨਾਲ ਜੋੜਨਗੇ। ਉਨ੍ਹਾਂ ਦੱਸਿਆ ਕਿ ਮੌਕੇ ਭਾਈ ਤੇਜਿੰਦਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ ਗਲਤਿਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਉੱਘੇ ਸਿੱਖ ਵਿਦਵਾਨ ਅਤੇ ਸਿੱਖ ਚਿੰਤਕ ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਸੰਗਤਾਂ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਵਾਉਣਗੇ।

## ਖੜ੍ਹੀ ਸਵਿਫਟ 'ਤੇ ਹਮਲਾ, ਕਾਰ ਚਾਲਕ ਜ਼ਖ਼ਮੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਡਡਵਿੰਡੀ ਰੋਡ 'ਤੇ ਬੀਤੀ ਸ਼ਾਮ ਕਰੀਬ 7.30 ਵਜੇ ਬੱਸ ਅੱਡਾ ਡਡਵਿੰਡੀ ਤੋਂ ਮੋਠਾਂਵਾਲਾ ਰੋਡ ਫਾਟਕ ਨੇੜੇ ਇਕ ਚਿੱਟੇ ਰੰਗ ਦੀ ਖੜ੍ਹੀ ਸਵਿਫਟ ਕਾਰ 'ਤੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਹਮਲਾ ਕਰ ਦਿੱਤਾ। ਜਾਣਕਾਰੀ ਮੁਤਾਬਕ ਸਵਿਫਟ ਕਾਰ ਬਲਬੀਰ ਸਿੰਘ, ਵਾਸੀ ਕਮਾਲਪੁਰ ਦੀ ਦੱਸੀ ਜਾ ਰਹੀ ਹੈ। ਅਣਪਛਾਤੇ ਹਮਲਾਵਰਾਂ ਨੇ ਬੇਸਬਾਲ ਬੱਲਿਆਂ ਅਤੇ ਡੰਡਿਆਂ ਨਾਲ ਕਾਰ ਦੀ ਤੋੜ-ਫੋੜ ਕੀਤੀ ਅਤੇ ਕਾਰ ਚਾਲਕ 'ਤੇ ਵੀ ਹਮਲਾ ਕਰ ਦਿੱਤਾ, ਜਿਸ ਕਾਰਨ ਉਸਨੂੰ ਸੱਟਾਂ ਲੱਗੀਆਂ। ਮੌਕੇ 'ਤੇ ਮੌਜੂਦ ਲੋਕਾਂ ਨੇ ਤੁਰੰਤ ਜ਼ਖ਼ਮੀ ਨੂੰ ਇਲਾਜ ਲਈ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਭੇਜਿਆ।ਏ ਐਸ ਆਈ ਪੂਰਨ ਚੰਦ ਨੇ ਦੱਸਿਆ ਕਿ ਜ਼ਖ਼ਮੀ ਦੀ ਮੈਡੀਕਲ ਰਿਪੋਰਟ ਮਿਲਣ ਉਪਰੰਤ ਸਵੇਰੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਮਨਰੇਗਾ ਨੂੰ ਕਿਸੇ ਵੀ ਕੀਮਤ 'ਤੇ ਬੰਦ ਨਹੀਂ ਹੋਣ ਦਿੱਤਾ ਜਾਵੇਗਾ : ਜੈ ਕ੍ਰਿਸ਼ਨ ਸਿੰਘ ਰੌੜੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਮਨਰੇਗਾ ਸਕੀਮ ਨੂੰ ਲੈ ਕੇ ਹਲਕਾ ਵਿਧਾਇਕ ਗੜ੍ਹਸ਼ੰਕਰ ਅਤੇ ਡਿਪਟੀ ਸਪੀਕਰ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ, ਬਲਾਕ ਪੱਧਰੀ ਅਧਿਕਾਰੀ ਅਤੇ ਕਰਮਚਾਰੀਆਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਮਨਰੇਗਾ ਸਕੀਮ ਗਰੀਬ, ਮਜ਼ਦੂਰ ਅਤੇ ਪਿੰਡ ਵਾਸੀਆਂ ਲਈ ਜੀਵਨ ਰੇਖਾ ਹੈ ਅਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਬੰਦ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਨਰੇਗਾ ਸਕੀਮ ਰਾਹੀਂ ਹਜ਼ਾਰਾਂ ਪਰਿਵਾਰਾਂ ਨੂੰ ਰੋਜ਼ਗਾਰ ਮਿਲਦਾ ਹੈ, ਜਿਸ ਨਾਲ ਪਿੰਡਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੁੰਦੀ ਹੈ। ਮੀਟਿੰਗ ਦੌਰਾਨ ਡਿਪਟੀ ਸਪੀਕਰ ਰੌੜੀ ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਮਨਰੇਗਾ ਦੇ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਦੌਰਾਨ ਇਹ ਵੀ ਚਰਚਾ ਕੀਤੀ ਗਈ ਕਿ ਮਨਰੇਗਾ ਸਕੀਮ ਸਬੰਧੀ ਕੁਝ ਥਾਵਾਂ 'ਤੇ ਗਲਤ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ। ਡਿਪਟੀ ਸਪੀਕਰ ਨੇ ਕਿਹਾ ਕਿ ਲੋਕ ਅਜਿਹੀਆਂ ਅਫ਼ਵਾਹਾਂ 'ਤੇ ਧਿਆਨ ਨਾ ਦੇਣ ਕਿਉਂਕਿ ਸਰਕਾਰ ਮਨਰੇਗਾ ਸਕੀਮ ਨੂੰ ਪੂਰੀ ਤਰ੍ਹਾਂ ਜਾਰੀ ਰੱਖਣ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ।ਉਨ੍ਹਾਂ ਭਰੋਸਾ ਦਿੱਤਾ ਕਿ ਮਨਰੇਗਾ ਸਕੀਮ ਨੂੰ ਕਿਸੇ ਵੀ ਕੀਮਤ 'ਤੇ ਬੰਦ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਮਜ਼ਦੂਰ ਵਰਗ ਦੇ ਹੱਕਾਂ ਦੀ ਹਰ ਪੱਧਰ 'ਤੇ ਰੱਖਿਆ ਕੀਤੀ ਜਾਵੇਗੀ।



# 10 ਲੱਖ ਦੀ ਸਿਹਤ ਬੀਮਾ ਯੋਜਨਾ ਗਰੀਬ ਲੋਕਾਂ ਲਈ ਜਿਉਣ ਦਾ ਸਹਾਰਾ ਬਣੇਗੀ : ਰੁੜਕਾ

**ਗੁਰਾਇਆ (ਬਿੰਦਰ ਸੁਮਨ)** ਆਮ ਆਦਮੀ ਪਾਰਟੀ ਵੱਲੋਂ ਪਿੰਡ ਘੁੜਕਾ, ਲੁਹਾਰਾਂ, ਸੁਰਜਾ, ਰੰਧਾਵਾ, ਬੁੰਡਾਲਾ, ਰਾਜਗੁਮਾਲ, ਕਾਹਨਾਂ ਢੇਸੀਆਂ, ਤੱਗੜਾਂ, ਸੰਗ ਢੇਸੀਆਂ ਵਿੱਚ ਹਫ਼ਤਾਵਾਰੀ ਮੀਟਿੰਗਾਂ ਕੀਤੀਆਂ ਗਈਆਂ ਇਨ੍ਹਾਂ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਮੀਡੀਆ ਇੰਚਾਰਜ ਮੇਲਾ ਸਿੰਘ ਰੁੜਕਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 25 ਦਸੰਬਰ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦਾ ਐਲਾਨ ਕੀਤਾ ਗਿਆ ਹੈ ਇਸ ਯੋਜਨਾ ਤਹਿਤ ਸੂਬੇ ਦੇ ਲੱਗਭਗ 65 ਲੱਖ ਪਰਵਾਰਾਂ ਲਈ ਹੈਲਥ ਕਾਰਡ ਜਾਰੀ ਕੀਤੇ ਜਾਣਗੇ ਜਿਸ ਨਾਲ ਹਰ ਪਰਿਵਾਰ ਨੂੰ ਸਲਾਨਾ 10 ਲੱਖ ਰੁਪਏ ਤੱਕ ਦਾ ਕੈਸ਼ਲੈਸ ਸਿਹਤ ਬੀਮਾ ਮਿਲੇਗਾ। ਮੇਲਾ ਸਿੰਘ ਰੁੜਕਾ ਨੇ ਅੱਗੇ ਕਿਹਾ ਕਿ ਇਹ ਯੋਜਨਾ ਜਨਵਰੀ ਮਹੀਨੇ ਤੋਂ ਲਾਗੂ ਹੋ ਜਾਵੇਗੀ ਅਤੇ ਇਸ ਨਾਲ ਪੰਜਾਬ ਹਰ ਨਿਵਾਸੀ ਨੂੰ ਬਿਨਾਂ ਕਿਸੇ ਆਮਦਨ ਜਾ ਉਮਰ ਦੀ ਸੀਮਾ ਤੋਂ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਹੋਣਗੀਆਂ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਉਹ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਆਪਣੇ ਹੈਲਥ ਕਾਰਡ ਬਣਾਉਣ ਮਨਰੇਗਾ ਦੀ ਨਵੀਂ ਨੀਤੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਨੀਤੀ ਨੂੰ ਤੁਰੰਤ ਵਾਪਸ ਲਵੇ ਕਿਉਕਿ ਇਹ ਮਜ਼ਦੂਰਾਂ ਲਈ ਘਾਤਕ ਸਿੱਧ ਹੋਵੇਗੀ। ਮੀਟਿੰਗਾਂ ਵਿੱਚ ਬਲਾਕ ਪ੍ਰਧਾਨ ਮਨਦੀਪ ਕੁਮਾਰ, ਸੰਤੋਖ ਸਿੰਘ ਬੁੰਡਾਲਾ, ਬਲਾਕ ਸੰਮਤੀ ਮੈਂਬਰ ਪ੍ਰਿੰਸੀਪਲ ਸੋਢੀ ਰਾਮ ਅਤੇ ਸਰਪੰਚ ਜਰਨੈਲ ਕੌਰ ਸ਼ਾਮਲ ਰਹੇ।



## ਸ਼ਹਾਦਤ ਨੂੰ ਸਮਰਪਤ ਸਮਾਗਮ ਕਰਵਾਇਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਮਾਤਾ, ਮਾਤਾ ਗੁਜਰ ਕੌਰ ਜੀ ਛੋਟੇ ਸਾਹਿਬਜ਼ਾਦੇ ਅਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸ਼ਹੀਦੀ ਨੂੰ ਸਮਰਪਿਤ ਪਹਿਲਾ ਸ਼ਹੀਦੀ ਸਮਾਗਮ ਪਿੰਡ ਮੁੱਗੋਵਾਲ ਵਿਖੇ ਪਿੰਡ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਸ਼ਬ ਤੋਂ ਪਹਿਲਾਂ ਦੁੱਧ ਦੇ ਲੰਗਰ ਲਗਾਏ ਗਏ। ਉਸ ਤੋਂ ਬਾਅਦ ਰਾਤ ਨੂੰ ਹੋਏ ਕੀਰਤਨ ਦਰਬਾਰ ਵਿੱਚ ਭਾਈ ਦੀਪ ਸਿੰਘ, ਭਾਈ ਅਵਤਾਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਉੜਾਪੜ ਵਾਲਿਆਂ ਦੇ ਰਾਗੀ ਢਾਡੀ ਜਥਿਆਂ ਨੇ ਸੰਗਤਾਂ ਨੂੰ ਮਾਤਾ ਗੁਜਰ ਕੌਰ, ਛੋਟੇ ਸਾਹਿਬਜ਼ਾਦੇ ਅਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਕੁਰਬਾਨੀ ਤੋਂ ਜਾਣੂ ਕਰਵਾਇਆ। ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਮਾਸਟਰ ਸੁਰਿੰਦਰ ਸ਼ਿੰਗੀ, ਬਲਰਾਮ ਚੌਧਰ ਜੇਡਿਆਲਾ, ਪਰਮਿੰਦਰ ਸਿੰਘ, ਠੇਕੇਦਾਰ ਰਾਜਿੰਦਰ ਸਿੰਘ, ਬਲਵੀਰ ਸਿੰਘ, ਨਿਰਮਲ ਸਿੰਘ ਸੋਨੂ, ਬੌਬੀ, ਰਘਵੀਰ ਸਿੰਘ, ਅਜਮੇਰ ਸਿੰਘ, ਬਲਕਾਰ ਸਿੰਘ, ਜਗਤਾਰ ਸਿੰਘ, ਮੋਹਣ ਸਿੰਘ, ਲਖਵਿੰਦਰ ਸਿੰਘ, ਰੇਸ਼ਮ ਸਿੰਘ ਬੱਬੂ, ਜਸਵਿੰਦਰ ਕੌਰ, ਬਲਵਿੰਦਰ ਕੌਰ ਬਿੰਦਰ, ਪਰਮਜੀਤ ਕੌਰ, ਚਰਨਜੀਤ ਕੌਰ, ਸੁਰਿੰਦਰ ਕੌਰ, ਰਾਜਵਿੰਦਰ ਕੌਰ, ਜਸਵਿੰਦਰ ਕੌਰ ਸਾਬਕਾ ਸਰਪੰਚ, ਪ੍ਰਦੀਪ, ਬਲਦੀਸ਼ ਕੌਰ, ਸੁਖਵਿੰਦਰ ਕੌਰ, ਪਰਮਜੀਤ ਕੌਰ, ਬਲਵੀਰ ਕੌਰ, ਕੁਲਵਿੰਦਰ ਕੌਰ ਸਮੇਤ ਪਿੰਡ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਸ਼ਹੀਦੀ ਦਿਹਾੜੇ ਨੂੰ ਸਮਰਪਤ ਦੁੱਧ ਦਾ ਲੰਗਰ ਲਗਾਇਆ



**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਨਾਨੋਵਾਲ ਬੇਟ ਦੀ ਸਮੂਹ ਸੰਗਤ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ ਬਲਾਚੌਰ ਚੰਡੀਗੜ੍ਹ ਨੈਸ਼ਨਲ ਹਾਈਵੇ ਤੇ ਸੁੱਜੋਵਾਲ ਪੁੱਲ ਨਜ਼ਦੀਕ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪਿੰਡ ਸੁਜੋਵਾਲ ਦੇ ਸਮੂਹ ਨੌਜਵਾਨਾਂ ਵੱਲੋਂ ਬੜੀ ਸ਼ਰਧਾ ਅਤੇ ਪਿਆਰ ਦੇ ਨਾਲ ਰਾਹ ਜਾਂਦੀਆਂ ਸੰਗਤਾਂ ਨੂੰ ਦੁੱਧ ਅਤੇ ਬਿਸਕੁਟਾਂ ਦਾ ਲੰਗਰ ਛਕਾਇਆ ਗਿਆ। ਪਿੰਡ ਨਾਨੋਵਾਲ ਬੇਟ ਦੇ ਸਰਪੰਚ ਪੁਸ਼ਪਿੰਦਰ ਸਿੰਘ ਰਾਣਾ ਨੇ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ ਸਾਨੂੰ ਆਪਣੇ ਬੱਚਿਆਂ ਨੂੰ ਸ਼ਹੀਦਾਂ ਦੇ ਇਤਿਹਾਸ ਬਾਰੇ ਵੀ ਦੱਸਣਾ ਜ਼ਰੂਰੀ ਹੈ। ਉਨ੍ਹਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਸ੍ਰੀ ਫਤਿਹਗੜ੍ਹ ਸਾਹਿਬ ਦੇ ਇਤਿਹਾਸ ਤੋਂ ਜ਼ਰੂਰ ਜਾਣੂ ਕਰਵਾਉਣ। ਇਸ ਮੌਕੇ ਸਮੂਹ ਪਿੰਡ ਵਾਸੀ ਅਤੇ ਨੌਜਵਾਨ ਹਾਜ਼ਰ ਸਨ।

## ਸੰਤ, ਮਹਾਪੁਰਸ਼ਾਂ ਦਾ ਜੀਵਨ ਸਾਡੇ ਲਈ ਪ੍ਰੇਰਨਾਸਰੋਤ : ਕ੍ਰਿਸ਼ਨ ਬੇਦੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਕਿਹਾ ਕਿ ਬਾਬਾ ਭੂਮਣਸ਼ਾਹ ਮਹਾਰਾਜ ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਦਾ ਜੀਵਨ ਸਦਾ ਜ਼ਰੂਰਤਮੰਦਾਂ ਦੀ ਸੇਵਾ ਵਿੱਚ ਸਮਰਪਿਤ ਰਿਹਾ। ਸਾਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਸਮਾਜ ਸੇਵਾ ਵਿੱਚ ਸਰਗਰਮ ਯੋਗਦਾਨ ਦੇਣਾ ਚਾਹੀਦਾ ਹੈ। ਕ੍ਰਿਸ਼ਣ ਕੁਮਾਰ ਬੇਦੀ ਸਿਰਸਾ ਵਿੱਚ ਮੁੱਖ ਧਾਮ ਬਾਬਾ ਭੂਮਣਸ਼ਾਹ ਜੀ, ਸੰਗਰ ਸਾਧਾ ਵਿੱਚ 278ਵੇਂ ਮਹਾਪਰਿਨਿਰਵਾਣ ਦਿਵਸ 'ਤੇ ਸ਼ਿਰਕਤ ਕਰ ਮੱਥਾ ਟੇਕਿਆ ਅਤੇ ਦੇਸ਼-ਸੂਬੇ ਲਈ ਸੁੱਖ ਖੁਸ਼ਹਾਲੀ ਦੀ ਕਾਮਨਾ ਕੀਤੀ। ਇਸ ਮੌਕੇ 'ਤੇ ਗੱਦੀਨਸ਼ੀਨ ਬਾਬਾ ਬ੍ਰਹਮਦਾਸ ਮਹਾਰਾਜ ਤੋਂ ਆਸ਼ੀਰਵਾਦ ਲਿਆ। ਮਹਾਪੁਰਸ਼ਾਂ ਅਤੇ ਵੀਰ ਸ਼ਹੀਦਾਂ ਦਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਦੀ ਹਿੰਮਤ ਅਤੇ ਸਮਰਪਣ ਸਾਨੂੰ ਸਮਾਜ ਅਤੇ ਦੇਸ਼ ਲਈ ਕੁੱਝ ਕਰਨ ਦਾ ਹੌਸਲਾ ਦਿੰਦੀ ਹੈ।

# ਗੁਰਮਤਿ ਸਮਾਗਮ ਕਰਵਾਏ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਗੁਰਦੁਆਰਾ ਸ਼ਹੀਦ ਬਾਬਾ ਮੱਤੀ ਪਿੰਡ ਬੱਡਲਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ ਸਿੰਘ ਲੈਂਡ ਯੂਥ ਕਲੱਬ ਬੱਡਲਾ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ।ਇਸ ਮੌਕੇ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਰਾਤ ਤੇ ਕੀਰਤਨ ਦੀਵਾਨ ਸਜਾਏ ਗਏ। ਜਿਸ 'ਚ ਭਾਈ ਚੜ੍ਹਤ ਸਿੰਘ ਹਜ਼ੂਰੀ ਰਾਗੀ, ਬਾਬਾ ਯਾਦਵਿੰਦਰ ਸਿੰਘ ਬੂਟਾ ਤੇ ਭਾਈ ਭਰਪੂਰ ਸਿੰਘ ਗੁਰਦੁਆਰਾ ਸ਼ਹੀਦਾਂ ਭਾਰਟਾ ਕਲਾਂ ਵਾਲਿਆਂ ਦੇ ਜਥੇ ਵਲੋਂ ਸੰਗਤਾਂ ਨੂੰ ਮਨੋਹਰ ਕਥਾ-ਕੀਰਤਨ ਤੇ ਗੁਰਇਤਿਹਾਸ ਰਾਹੀਂ ਨਿਹਾਲ ਕੀਤਾ। ਇਸ ਮੌਕੇ ਭਾਈ ਭਰਪੂਰ ਸਿੰਘ ਨੇ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਦਿਆਂ ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਤੀ ਲਾਸਾਨੀ ਕੁਰਬਾਨੀ ਦਾ ਇਤਿਹਾਸ ਸਰਵਣ ਕਰਵਾਉਂਦਿਆਂ ਸ਼ਬਦ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮੇਟੀ ਦੇ ਪ੍ਰਧਾਨ ਨੰਬਰਦਾਰ ਸੁਰਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ, ਲਾਲ ਸਿੰਘ ਲਾਲੀ, ਹਰਜੀਤ ਸਿੰਘ ਸੋਨੀ, ਸਰਬਜੀਤ ਸਿੰਘ, ਬਲਕਾਰ ਸਿੰਘ, ਪ੍ਰਗਟ ਸਿੰਘ, ਬਖ਼ਸ਼ੀਸ਼ ਸਿੰਘ, ਗੁਰਮੀਤ ਸਿੰਘ, ਜਤਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਬਚਿੱਤਰ ਸਿੰਘ, ਸਤਨਾਮ ਸਿੰਘ, ਜਗਤਾਰ ਸਿੰਘ ਭਿੰਡਰ, ਗੁਰਬਚਨ ਸਿੰਘ, ਸੁਖਵਿੰਦਰ ਸਿੰਘ ਸਾਬੀ, ਹਰਭਜਨ ਸਿੰਘ ਗਿੱਲ ਆਦਿ ਸਮੇਤ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਐੱਨ ਐੱਸ ਐੱਸ ਕੈਂਪ ਅਮਿੱਟ ਯਾਦਾਂ ਛੱਡਦਾ ਸਮਾਪਤ

**ਗੁਰਾਇਆ (ਬਿੰਦਰ ਸੁਮਨ)** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ (ਜਲੰਧਰ) ਵਿਖੇ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਦੀ ਰਹਿਨੁਮਾਈ ਅਤੇ ਐਨ ਐਸ ਐਸ ਵਿਭਾਗ ਦੇ ਇੰਚਾਰਜ ਗੌਰਵ ਸ਼ਰਮਾ ਦੀ ਅਗਵਾਈ ਹੇਠ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ 22 ਦਸੰਬਰ ਤੋਂ 28 ਦਸੰਬਰ ਤੱਕ ਲਗਾਇਆ ਗਿਆ। ਕਾਲਜ ਵਿਖੇ ਸੱਭਿਆਚਾਰਕ ਸਮਾਰੋਹ ਕਰਵਾ ਕੇ ਹਰਸ਼ੋ-ਹੁਲਾਸ ਨਾਲ ਸਮਾਪਤ ਹੋਇਆ। ਇਸ ਮੌਕੇ ਅਸ਼ਵਨੀ ਕੁਮਾਰ ਅਸਿਸਟੈਂਟ ਪ੍ਰੋਫ਼ੈਸਰ ਪੀ ਟੀ ਐੱਮ ਆਰੀਆ ਕਾਲਜ, ਨੂਰਮਹਿਲ ਦੁਆਰਾ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਪਰੰਤ ਬੀ ਏ ਭਾਗ ਪਹਿਲੇ ਦੀ ਵਿਦਿਆਰਥਣ ਗੁਰਪ੍ਰੀਤ ਕੌਰ ਦੁਆਰਾ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਦੇ ਦੌਰਾਨ ਕਰਵਾਈਆ ਗਈਆ ਗਤੀਵਿਧੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ।ਐਨ ਐੱਸ ਐੱਸ ਕੈਂਪ ਦੇ ਦੌਰਾਨ ਵੱਧ ਤੋਂ ਵੱਧ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਕਾਲਜ ਦੀਆਂ ਵਿਦਿਆਰਥੀਅਣਾਂ ਦੁਆਰਾ ਭਾਸ਼ਣ ਅਤੇ ਸੱਭਿਆਚਾਰਕ ਪੇਸ਼ਕਾਰੀਆ ਦਿੱਤੀਆ ਗਈਆਂ। ਇਸ ਮੌਕੇ ਜਸਵਿੰਦਰ ਸਿੰਘ ਲੋਕ ਭਲਾਈ ਮੰਚ, ਜੰਡਿਆਲਾ ਦੁਆਰਾ ਵਿਦਿਆਰਥੀਆਂ ਨੂੰ ਐਨ ਐਸ ਐਸ ਦੇ ਫਾਇਦਿਆ ਬਾਰੇ ਦੱਸਦੇ ਹੋਏ ਕਿਹਾ ਕਿ ਐਨ ਐਸ ਐਸ ਵਿਚ ਭਾਗ ਲੈਣ ਵਾਲੇ ਵਲੰਟੀਅਰ ਨੂੰ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੁਆਰਾ ਵੀ ਆਵਰਡ ਮਿਲਦੇ ਹਨ।ਅਸ਼ਵਨੀ ਕੁਮਾਰ ਦੁਆਰਾ ਕਾਲਜ ਇੰਚਾਰਜ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਦੁਆਰਾ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਤਰਸੇਮ ਲੋਕ ਭਲਾਈ ਮੰਚ ਜੰਡਿਆਲਾ, ਅਧਿਆਪਕ-ਸਾਹਿਬਾਨ ਅਤੇ ਵਿਦਿਆਰਥੀ ਹਾਜ਼ਰ ਸਨ।




# ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਤਿਮਾਹੀ ਮੀਟਿੰਗ



**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**- ਜ਼ਿਲ੍ਹਾ ਸਲਾਹਕਾਰ ਕਮੇਟੀ/ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ ਜਲੰਧਰ ਦੀ ਵਿਸ਼ੇਸ਼ ਤਿਮਾਹੀ ਸਮੀਖਿਆ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਬਰਾੜ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿੱਤੀ ਸਾਲ 2025-26 ਦੀ ਸਾਲਾਨਾ ਕਰਜ਼ਾ ਯੋਜਨਾ ਦੀ 30 ਸਤੰਬਰ, 2025 ਨੂੰ ਖ਼ਤਮ ਹੋਈ ਤਿਮਾਹੀ ਲਈ ਮਿੱਥੇ ਗਏ ਟੀਚੇ ਅਤੇ ਨਤੀਜਿਆਂ ਦੀ ਸਮੀਖਿਆ ਕੀਤੀ ਗਈ। ਜ਼ਿਲ੍ਹੇ ਵਿੱਚ ਕੰਮ ਕਰਦੇ ਸਾਰੇ ਸਰਕਾਰੀ, ਸਹਿਕਾਰੀ ਅਤੇ ਗੈਰ ਸਰਕਾਰੀ ਬੈਂਕਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਪ੍ਰਮੁੱਖ ਜ਼ਿਲ੍ਹਾ ਪ੍ਰਬੰਧਕ (ਐੱਲ ਡੀ ਐੱਮ) ਐੱਮ ਐੱਸ ਮੋਤੀ ਨੇ ਕਮੇਟੀ ਦੇ ਸਨਮੁੱਖ ਰੱਖਿਆ। ਉਨ੍ਹਾਂ ਦੱਸਿਆ ਕਿ ਇਸ ਤਿਮਾਹੀ ਵਿੱਚ ਸੀ.ਡੀ. ਰੇਸ਼ੋ 33.06 % ਰਹੀ ਹੈ। ਇਸ 'ਤੇ ਵਧੀਕ ਡਿਪਟੀ ਕਮਿਸ਼ਨਰ ਇਸ ਵਿੱਚ ਹੋਰ ਸੁਧਾਰ ਲਿਆਉਣ ਲਈ ਬੈਂਕਾਂ ਨੂੰ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਕਰਜ਼ੇ ਦੀ ਸਹੂਲਤ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਖਾਸ ਤੌਰ 'ਤੇ ਸਵੈ ਸਹਾਇਤਾ ਸਮੂਹ ਦੀਆਂ ਕਰਜ਼ੇ ਸਬੰਧੀ ਅਰਜ਼ੀਆਂ ਦਾ ਜਲਦ ਨਿਪਟਾਰਾ ਕਰਨ ਲਈ ਹਦਾਇਤਾਂ ਕੀਤੀਆਂ।

# ਅਜ਼ਲ ਦੁਸਾਂਝ ਦੀ ਗੱਲਬਾਤ ਨੇ ਬਖ਼ੇਰੇ ਕੈਨੇਡੀਅਨ ਥੀਏਟਰ ਦੇ ਰੰਗ

**ਮੋਹਾਲੀ,(ਗੁਰਜੀਤ ਬਿੱਲਾ)**- ਪੰਜਾਬੀ ਰੰਗਮੰਚ ਦੀ ਗੁੜ੍ਹਤੀ ਲੈ ਕੇ ਕੈਨੇਡਾ ਗਏ ਅਜ਼ਲ ਦੁਸਾਂਝ ਓਥੋਂ ਦੀ ਮੁਖਧਾਰਾ ਦੇ ਥੀਏਟਰ ਵਿੱਚ ਪੱਕੇ ਪੈਰੀਂ ਦਾਖਲਾ ਲਿਆ ਹੈ ਅਤੇ ਮਾਣਯੋਗ ਪੈੜਾਂ ਪਾ ਰਿਹਾ ਹੈ, ਪਰ ਉਹ ਨਾ ਪੰਜਾਬ ਨੂੰ ਭੁੱਲਿਆ ਹੈ, ਨਾ ਇੱਥੋਂ ਦੇ ਰੰਗਕਰਮੀ ਗੁਰੂਆਂ ਨੂੰ, ਜਿਨ੍ਹਾਂ ਨੇ ਉਸਨੂੰ ਮੰਚ 'ਤੇ ਤੁਰਨਾ ਸਿਖਾਇਆ ਸੀ। ਉਹ ਅੱਜ ਸੁਚੇਤਕ ਸਕੂਲ ਆਫ਼ ਐਕਟਿੰਗ ਦੇ ਵਿਹੜੇ ਆਇਆ, ਜਿਸ ਦੀ ਸੰਚਾਲਕ ਅਨੀਤਾ ਸ਼ਬਦੀਸ਼ ਪਹਿਲੀ ਨਿਰਦੇਸ਼ਕ ਸੀ, ਜੋ ਉਸਨੂੰ ਬਚਪਨ ਵਿੱਚ ਹੀ ਮੰਚ 'ਤੇ ਲੈ ਕੇ ਗਈ ਸੀ। ਕੈਨੇਡਾ ਜਾਣ ਤੋਂ ਪਹਿਲਾਂ ਆਖ਼ਰੀ ਨਾਟਕ ਵੀ ਉਨ੍ਹਾਂ ਦੀ ਨਿਰਦੇਸ਼ਨਾ ਹੇਠ ਹੀ ਕੀਤਾ ਸੀ। ਅਜ਼ਲ ਦੁਸਾਂਝ ਨੇ ਆਪਣੇ ਨਾਟ-ਜਗਤ ਦਾ ਸਫ਼ਰ ਸਾਂਝਾ ਕਰਦਿਆਂ ਕਿਹਾ ਕਿ ਮੈਨੂੰ ਨਾਟਕ ਨਾਲ ਮੁਹੱਬਤ ਦੀ ਗੁੜ੍ਹਤੀ ਅਨੀਤਾ 'ਤਾਈ ਜੀ' ਤੋਂ ਮਿਲੀ ਸੀ ਅਤੇ ਅੱਠ ਸਾਲ ਦੀ ਉਮਰ ਵਿੱਚ ਪ੍ਰੈਸ ਕਲੱਬ ਦੀਆਂ ਵਰਕਸ਼ਾਪਾਂ ਦਾ ਹਿੱਸਾ ਬਣਨ ਲੱਗਾ ਸਾਂ, ਜਿੱਥੇ ਹਰ ਸਾਲ ਵੱਖ-ਵੱਖ ਨਿਰਦੇਸ਼ਕ ਕਲਾ ਦੇ ਗੁਰ ਸਿਖਾ ਰਹੇ ਸਨ। ਸਕੂਲ ਦੀ ਪੜ੍ਹਾਈ ਖ਼ਤਮ ਹੋਈ ਤਾਂ ਸਾਇਕੌਲਜੀ ਦੀ ਡਿਗਰੀ ਲਈ ਕੈਨੇਡਾ ਚਲਾ ਗਿਆ। ਮੈਂ ਮਸਾਂ ਦੋ ਸਮੈਸਟਰ ਹੀ ਮੁਕੰਮਲ ਕੀਤੇ ਸਨ ਕਿ ਰੰਗਮੰਚ ਨੇ ਆਪਣੇ ਵੱਲ ਖਿਚ ਲਿਆ। ਮੈਂ ਨਾਟ-ਜਗਤ ਦੀਆਂ ਬਰੀਕੀਆਂ ਸਮਝਣ ਦੇ ਰਾਹ ਪੈਣ ਲਈ ਉਚੇਰੀ ਪੜ੍ਹਾਈ ਦਾ ਰਸਤਾ ਬਦਲ ਲਿਆ ਅਤੇ ਬੀਤੇ ਸੱਤ ਸਾਲਾਂ ਤੋਂ ਸਿਖਿਆ ਲੈ ਰਿਹਾ ਹਾਂ। ਉਸਨੇ ਪੰਜਾਬ ਤੋਂ ਗਏ ਰੰਗਕਰਮੀਆਂ ਤੋਂ ਵੱਖਰਾ ਰਾਹ ਅਖਤਿਆਰ ਕੀਤਾ ਹੈ ਅਤੇ ਓਥੋਂ ਦੀ ਮੁਖਧਾਰਾ ਵਿੱਚ ਮਜ਼ਬੂਤੀ ਨਾਲ ਕਦਮ ਧਰ ਲਏ ਹਨ। ਉਸ ਨੇ ਦੱਸਿਆ ਕਿ ਉਸਦੀ ਐਜੂਕੇਸ਼ਨ ਦੀ ਭਾਸ਼ਾ ਤੇ ਰੰਗਕਰਮੀ ਸਰਗਰਮੀ ਵੀ ਅੰਗਰੇਜ਼ੀ ਵਿੱਚ ਹੈ। ਮੈਂ ਜਿਨ੍ਹਾਂ ਉਸਤਾਦਾਂ ਤੋਂ ਸਿਖਿਆ ਹੈ, ਉਨ੍ਹਾਂ ਦੇ ਸਹਾਇਕ ਨਿਰਦੇਸ਼ਕ ਵਜੋਂ ਕੰਮ ਕੀਤਾ ਹੈ ਅਤੇ ਫ਼ਿਰ ਸ੍ਰ. ਗੁਰਸ਼ਰਨ ਸਿੰਘ ਦੇ ਨਾਟਕਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਨਿਰਦੇਸ਼ਤ ਕੀਤਾ ਹੈ।




# ਲਾਇਨਜ਼ ਕਲੱਬ ਬੰਗਾ ਸਿਮਰਨ ਨੇ ਦੁੱਧ ਦਾ ਲੰਗਰ ਲਗਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਮੋਤੀ ਰਾਮ ਮਹਿਰਾ ਜੀ ਦੀ ਸੇਵਾ ਨੂੰ ਯਾਦ ਰਖਦੇ ਹੋਏ ਅਤੇ ਡਿਸਟ੍ਰਿਕ 321ਡੀ ਦੇ ਸਾਬਕਾ ਡਿਸਟ੍ਰਿਕ ਗਵਰਨਰ ਲਾਇਨ ਸਵਰਨ ਸਿੰਘ ਖਾਲਸਾ ਅਤੇ ਕਲੱਬ ਐਡਮਨਿਸਟ੍ਰੇਟਰ ਲਾਇਨ ਧੀਰਜ ਕੁਮਾਰ ਮੱਕੜ ਅਮਰੀਕਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਕਲੱਬ ਚਾਰਟਰ ਪ੍ਰਧਾਨ ਲਾਇਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਧਰਮ ਸਿੰਘ ਜੀ ਬੰਗਾ ਵਿਖੇ ਗਰਮ ਦੁੱਧ ਦਾ ਲੰਗਰ ਲਗਾਇਆ ਗਿਆ। ਲੰਗਰ ਸ਼ੁਰੂ ਕਰਨ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੇ ਸ਼ਹੀਦ ਹੋਏ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਅਤੇ ਸ਼ਹੀਦ ਸਿੰਘਾਂ ਦੀ ਅਰਦਾਸ ਕੀਤੀ ਅਤੇ ਦੁੱਧ ਦੇ ਲੰਗਰ ਦਾ ਭੋਗ ਲਗਾਇਆ ਅਤੇ ਸੰਗਤ ਵਿੱਚ ਵਰਤਾਉਣ ਦੀ ਆਗਿਆ ਦਿੱਤੀ।ਇਸ ਮੌਕੇ ਕਲੱਬ ਜਨਰਲ ਸਕੱਤਰ ਲਾਇਨ ਵਨੀਤਾ ਕੁਮਾਰੀ ਨੇ ਦੱਸਿਆ ਕਿ ਲੰਗਰ ਦੌਰਾਨ ਕਲੱਬ ਦੇ ਸਮੂਹ ਲਾਇਨ ਮੈਂਬਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਦੇ ਸ਼ਹੀਦੀ ਦਿਵਸ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਮੀਨੂੰ ਭੁੱਟਾ, ਸਤੀਸ਼ ਚੰਦਰ ਮੱਕੜ, ਚੰਚਲ ਰਾਣੀ, ਜਸਵਿੰਦਰ ਮੱਕੜ, ਭੂਸ਼ਣ ਚੋਪੜਾ, ਨੀਲਮ ਚੋਪੜਾ, ਰੋਹਿਤ ਚੋਪੜਾ, ਪ੍ਰੀਆ ਚੋਪੜਾ, ਆਰਤੀ ਚੋਪੜਾ, ਵਿਕਾਸ ਚੋਪੜਾ, ਕਮਲਜੀਤ ਰਾਏ, ਸੋਨੀਆ ਰਾਏ, ਬਲਵਿੰਦਰ ਕੌਰ, ਅਮਰਜੀਤ ਸਿੰਘ ਨਾਗਰਾ, ਸ਼ਰਨਦੀਪ ਦੋਸਾਂਝ, ਹਰਮਨਪ੍ਰੀਤ ਕੌਰ, ਲਾਭਦੀਪ ਸਿੰਘ, ਕਮਲਜੀਤ ਕੌਰ, ਅਮਰਜੀਤ ਸਿੰਘ ਨੋਰਾ, ਕੁਲਵਿੰਦਰ ਕੌਰ, ਸੁਧੀਰ ਕੁਮਾਰ, ਯੁਵਰਾਜ ਲੱਧੜ, ਅਹਮ, ਮਨਜੋਤ ਕੌਰ, ਤਨਵੀਰ ਸਿੰਘ, ਨੀਲਮ, ਸੰਦੀਪ ਕੁਮਾਰ, ਪ੍ਰਿਅੰਕਾ ਕਲਸੀ, ਹਰਨੇਕ ਸਿੰਘ ਦੋਸਾਂਝ, ਸਨਪ੍ਰੀਤ ਦੋਸਾਂਝ, ਰਮਨਦੀਪ ਸਿੰਘ, ਗੁਰਮੀਤ ਸਿੰਘ, ਮਨਿੰਦਰ ਕੋਰ, ਜਸਪ੍ਰੀਤ ਸਿੰਘ ਜੱਸੀ, ਨਿਧੀ ਕਪੂਰ, ਸ਼ੈਨਣ ਕਪੂਰ ਅਤੇ ਹੋਰ ਲਾਇਨ ਮੈਂਬਰ ਅਤੇ ਮੁਹੱਲਾ ਕ੍ਰਿਸ਼ਨ ਨਗਰ ਦੇ ਵਾਸੀ ਵੀ ਮੌਜੂਦ ਸਨ।



# ਧੀਆਂ ਦੀ ਲੋਹੜੀ ਸੰਬੰਧੀ ਮੀਟਿੰਗ


**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੀ ਮੀਟਿੰਗ ਪਿੰਡ ਸਤਨੌਰ ਦੇ ਅਮਾਨੀ ਪੈਲੇਸ ਵਿੱਚ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਹੋਈ , ਜਿਸ ਵਿੱਚ ਵਾਈਸ ਪ੍ਰਧਾਨ ਪੰਜਾਬ ਕਿਰਨ ਬਾਲਾ, ਮੀਡੀਆ ਸਲਾਹਕਾਰ ਪੰਜਾਬ ਮਨਜੀਤ ਰਾਮ , ਸੁਰਜੀਤ ਸਿੰਘ ਚੇਅਰਮੈਨ ਜ਼ਿਲ੍ਹਾ ਹੁਸ਼ਿਆਰਪੁਰ, ਸਤਨਾਮ ਸਿੰਘ ਬੰਗੜ ਚੇਅਰਮੈਨ ਬਲਾਕ ਗੜ੍ਹਸ਼ੰਕਰ, ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ, ਕ੍ਰਿਸ਼ਨਾ ਸਰਪੰਚ ਬਡੇਸਰੋਂ ਰਵਿੰਦਰ ਸਿੰਘ ਪੰਚ, ਬਡੇਸਰੋਂ, ਮਹਿੰਦਰ ਸਿੰਘ ਸਰਪੰਚ ਸਲੇਮਪੁਰ, ਅਵਤਾਰ ਸਿੰਘ ਪੰਚ, ਹਰਵਿੰਦਰ ਸਿੰਘ ਪੰਚ ਬਡੇਸਰੋਂ ਆਦਿ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਫੈਸਲਾ ਕੀਤਾ ਗਿਆ ਕਿ 3 ਜਨਵਰੀ ਨੂੰ ਧੀਆਂ ਦੀ ਲੋਹੜੀ ਦਾ ਨੌਵਾਂ ਸਾਲਾਨਾ ਆਯੋਜਨ ਪਿੰਡ ਸਤਨੌਰ ਦੇ ਅਮਾਨੀ ਪੈਲੇਸ ਵਿੱਚ ਕੀਤਾ ਜਾਵੇਗਾ । ਜਿਸ ਵਿੱਚ ਤਿੰਨ ਪਿੰਡਾਂ ਕਰਮਵਾਰ ਸਲੇਮਪੁਰ, ਬਡੇਸਰੋਂ ਅਤੇ ਸਤਨੌਰ ਦੀਆਂ 45 ਨਵਜਾਤ ਬੇਟੀਆਂ ਦੀ ਲੋਹੜੀ ਪਾਈ ਜਾਵੇਗੀ, ਜਿਸ ਵਿੱਚ ਉਹਨਾਂ ਨੂੰ ਲੋਹੜੀ ਨਾਲ ਸੰਬਧਿਤ ਸਮਗਰੀ ਦੇ ਕੇ ਸਨਮਾਨਤ ਕੀਤਾ ਜਾਵੇਗਾ । ਉਹਨਾਂ ਕਿਹਾ ਕਿ ਇਹ ਆਯੋਜਨ ਪਿਛਲੇ ਦਸ ਸਾਲਾਂ ਤੋਂ ਚਲਾਈ ਹੋਈ ਬੇਟੀ ਬਚਾਓ,ਧਰਤੀ ਬਚਾਓ ਮੁਹਿੰਮ ਅਧੀਨ ਕੀਤਾ ਜਾਂਦਾ ਹੈ । ਇਸ ਮੌਕੇ ਤੇ ਹਾਜਰ ਤਿੰਨਾਂ ਪਿੰਡਾ ਦੇ ਸਰਪੰਚ ਸਹਿਬਾਂਨ ਨੇ ਧੀਆਂ ਦੀ ਲੋਹੜੀ ਵਿਚ ਵਧ ਚੜ ਕੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਰਨ ਬਾਲਾ ਵਾਈਸ ਪ੍ਰਧਾਨ ਪੰਜਾਬ, ਸੁਰਜੀਤ ਸਿੰਘ ਚੇਅਰਮੈਨ ਜਿਲ੍ਹਾ ਹੁਸ਼ਿਆਰਪੁਰ,ਸੰਤੋਖ਼ ਸਿੰਘ ਜੁਆਇੰਟ ਸਕੱਤਰ ਬਲਾਕ,ਮਾਸਟਰ ਸਤਨਾਮ ਸਿੰਘ ਬੰਗੜ ਚੇਅਰਮੈਨ ਬਲਾਕ, ਕੁਲਦੀਪ ਸਿੰਘ, ਰਣਜੀਤ ਕੌਰ ਸਰਪੰਚ ਸਤਨੌਰ, ਮਹਿੰਦਰ ਸਿੰਘ ਸਰਪੰਚ ਸਲੇਮਪੁਰ ਅਤੇ ਹੋਰ ਪਤਵੰਤੇ ਹਾਜਰ ਸਨ।

## ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕੀਤਾ ਪ੍ਰਣਾਮ



**ਸੁਲਤਾਨਪੁਰ ਲੋਧੀ (ਹਨੀ)** ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਦੇ ਵਿੱਚ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਨ ਲਈ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ, ਕਵਿਤਾਵਾਂ ਤੇ ਭਾਸ਼ਣ ਰਾਹੀਂ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਗਿਆ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੁਆਰਾ ਸਿੱਧਕ ਅਤੇ ਅਡੋਲ ਰਹਿ ਕੇ ਧਰਮ ਦੀ ਖਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਬਾਰੇ ਦੱਸਿਆ।ਇਸ ਤੋਂ ਇਲਾਵਾ ਬੱਚਿਆਂ ਨੂੰ ਚਾਰ ਸਾਹਿਬਜ਼ਾਦੇ ਮੂਵੀ ਵੀ ਦਿਖਾਈ ਗਈ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਤੇ ਪ੍ਰਿੰਸੀਪਲ ਰੇਨੂੰ ਅਰੋੜਾ ਵੱਲੋਂ ਸਾਹਿਬਜ਼ਾਦਿਆਂ ਦੀ ਲਸਾਨੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ ਹੋਇਆ ਵਿਦਿਆਰਥੀਆਂ ਨੂੰ ਉਹਨਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਦਾ ਸੁਨੇਹਾ ਦਿੱਤਾ।

## ਕੁਲਵਿੰਦਰ ਬਾਘਾ ਨੇ ਵੋਟਰਾਂ ਤੇ ਸਪੋਰਟਰਾਂ ਦਾ ਕੀਤਾ ਧੰਨਵਾਦ



**ਆਦਮਪੁਰ (ਪਰਮਜੀਤ ਸਿੰਘ)**- ਬੀਤੇ ਦਿਨ ਜੋਨ ਪਤਾਰਾ ਤੋਂ ਕਾਂਗਰਸ ਪਾਰਟੀ ਦੇ ਰਹੇ ਜਿਲ੍ਹਾ ਪਰੀਸ਼ਦ ਉਮੀਦਵਾਰ ਕੁਲਵਿੰਦਰ ਬਾਘਾ ਨੇ ਚੋਣ ਲੜਨ ਉਪਰੰਤ ਆਪਣੇ ਵੋਟਰਾਂ ਅਤੇ ਸਪੋਰਟਰਾਂ ਦਾ ਧੰਨਵਾਦ ਕੀਤਾ ਹੈ। ਕੁਲਵਿੰਦਰ ਬਾਘਾ ਕਾਂਗਰਸ ਪਾਰਟੀ ਹਲਕਾ ਆਦਮਪੁਰ ਵਲੋਂ ਜੋਨ ਪਤਾਰਾ ਤੋਂ ਉਮੀਦਵਾਰ ਚੁਣੇ ਗਏ ਸਨ।ਜਿਨ੍ਹਾਂ ਨੇ ਚੋਣਾਂ ਦੌਰਾਨ ਅਣਥੱਕ ਮਿਹਨਤ ਕਰਨ ਵਾਲੇ ਆਪਣੇ ਸਾਰੇ ਹੀ ਸਾਥੀਆਂ ਦਾ ਧੰਨਵਾਦ ਕੀਤਾ ਹੈ।ਜਿਕਰਯੋਗ ਹੈ ਕਿ ਕੁਲਵਿੰਦਰ ਬਾਘਾ ਪਿੰਡ ਬੋਲੀਨਾ ਦੋਆਬਾ ਦੇ ਰਹਿਣ ਵਾਲੇ ਹਨ ਅਤੇ ਉੱਥੋਂ ਦੇ ਸਾਬਕਾ ਸਰਪੰਚ ਵੀ ਰਹਿ ਚੁੱਕੇ ਹਨ।

# ਲੋੜਵੰਦ ਪਰਵਾਰਾਂ ਦੀ ਆਰਥਕ ਮਦਦ

**ਕਾਲਾ ਸੰਘਿਆਂ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਦੇ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਵਿਖੇ ਸਪੇਨ ਦੇ ਸ਼ਹਿਰ ਵਲੈਨਸੀਆ ਦੇ ਪੁਰਾਣਾ ਗੁਰਦੁਆਰਾ ਸਿੱਖ ਸੰਗਤ ਦੇ ਪ੍ਰਧਾਨ ਸੁਰਿੰਦਰ ਸਿੰਘ ਧਨੋਆ, ਰਘਬੀਰ ਸਿੰਘ ਧਨੋਆ, ਜਸਵੀਰ ਸਿੰਘ ਧਨੋਆ ਤੇ ਗੁਰਮੇਲ ਸਿੰਘ ਧਨੋਆ ਗੁਰਦੁਆਰਾ ਵਲੈਨਸੀਆ ਸਪੇਨ ਦੀ ਸਮੂਹ ਸਾਧ ਸੰਗਤ ਵੱਲੋਂ ਗਰੀਬ ਪਰਵਾਰਾਂ ਤੇ ਗ੍ਰੰਥੀ ਸਿੰਘਾਂ ਦੀ ਆਰਥਿਕ ਮਦਦ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲੇ ਮੁੱਖ ਸੇਵਾਦਾਰ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਰਾਹੀਂ ਪਾਠੀ ਸਿੰਘ ਰਾਮ ਸਿੰਘ ਕਾਲਾ ਸੰਘਿਆਂ ਨੂੰ 20 ਹਜ਼ਾਰ ਰੁਪਏ,ਪਾਠੀ ਸਿੰਘ ਰਤਨ ਸਿੰਘ ਬਡਿਆਲ ਨੂੰ 10 ਹਜ਼ਾਰ ਰੁਪਏ,ਪਾਠੀ ਸਿੰਘ ਕਿਰਪਾਲ ਸਿੰਘ ਨੂੰ 10 ਹਜ਼ਾਰ ਰੁਪਏ ਪਾਠੀ ਸਿੰਘ ਸੇਵਾ ਸਿੰਘ ਸੋਹਲ ਨੂੰ 10 ਹਜ਼ਾਰ ਰੁਪਏ, ਪਰਮਜੀਤ ਸਿੰਘ 25 ਹਜ਼ਾਰ ਰੁਪਏ,ਭੈਣ ਵੀਰੋਂ ਕਾਲਾ ਸੰਘਿਆਂ ਨੂੰ 25 ਹਜ਼ਾਰ ਰੁਪਏ, ਗੁਰੂ ਘਰ ਦੀ ਚੱਲ ਰਹੀ ਸੇਵਾ ਲਈ 11 ਹਜ਼ਾਰ ਰੁਪਏ ਦੀ ਆਰਥਿਕ ਮਦਦ ਕੀਤੀ ਗਈ। ਇਸ ਮੌਕੇ ਵਿਧਵਾ ਬੀਬੀ ਜਿੰਦਰ ਕਾਲਾ ਸੰਘਿਆਂ, ਵਿਧਵਾ ਤੀਰਥੋ ਬਨਵਾਲੀਪੁਰ,ਵਿਰਧ ਮਾਤਾ ਰਹੀਮਪੁਰ, ਰਮਨਦੀਪ ਕੌਰ ਕਾਲਾ ਸੰਘਿਆਂ,ਭੈਣ ਖੀਰਾਂ ਵਾਲੀ,ਵਿਧਵਾ ਸੁਰਜੀਤ ਕੌਰ ਤੇ ਮਨਜੀਤ ਕੌਰ ਪਿੰਡ ਸੰਧੂ ਚੱਠਾ ਨੂੰ ਰਾਸ਼ਨ ਦਿੱਤਾ ਗਿਆ। ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਧਾਨ ਸੁਰਿੰਦਰ ਸਿੰਘ ਧਨੋਆ ਵਲੈਨਸੀਆ ਤੇ ਉਨ੍ਹਾਂ ਦੀ ਸਮੁੱਚੀ ਟੀਮ ਵਲੋਂ ਇੱਕ ਲੱਖ 58 ਹਜ਼ਾਰ ਰੁਪਏ ਦੀ ਗ੍ਰੰਥੀ ਸਿੰਘਾਂ ਤੇ 8 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦਿੱਤਾ ਗਿਆ। ਪ੍ਰਧਾਨ ਸੁਰਿੰਦਰ ਸਿੰਘ ਧਨੋਆ ਵਲੈਨਸੀਆ ਸਪੇਨ ਨੇ ਕਿਹਾ ਕਿ ਉਨ੍ਹਾਂ ਵੱਲੋ ਇਸ ਨਿਸ਼ਕਾਮ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਪ੍ਰਧਾਨ ਸੁਰਿੰਦਰ ਸਿੰਘ ਧਨੋਆ, ਰਘਬੀਰ ਸਿੰਘ ਧਨੋਆ, ਜਸਵੀਰ ਸਿੰਘ ਧਨੋਆ ਜਸਵੀਰ ਸਿੰਘ ਧਨੋਆ ਤੇ ਗੁਰਮੇਲ ਧਨੋਆ ਦਾ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਜੀ ਦੇ ਹੈੱਡ ਗ੍ਰੰਥੀ ਭਾਈ ਸੁਰਜੀਤ ਸਿੰਘ ਸੋਹਲ, ਮੈਨੇਜਰ ਜੁਗਿੰਦਰ ਸਿੰਘ ਤੇ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਵੱਲੋਂ ਸਾਂਝੇ ਤੌਰ ਤੇ ਗੁਰੂ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।



# ਰਾਖੀਗੜ੍ਹੀ ਨੂੰ ਕੌਮੀ-ਕੌਮਾਂਤਰੀ ਸੈਰ-ਸਪਾਟਾ ਨਕਸ਼ੇ 'ਤੇ ਸਥਾਪਤ ਕਰਨ ਲਈ ਸਰਕਾਰ ਯਤਨਸ਼ੀਲ : ਸੈਣੀ


**ਚੰਡੀਗੜ੍ਹ** :- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਦੀ ਪ੍ਰਚੀਨ ਅਤੇ ਗੌਰਵਸ਼ਾਲੀ ਸਭਿਅਤਾ ਦਾ ਗਵਾਹ ਰਾਖੀਗੜ੍ਹੀ ਨੂੰ ਦੇਸ਼ ਦੇ ਇੱਕ ਪ੍ਰਤਿਸ਼ਠਤ ਵਿਸ਼ਵ ਪਹਿਚਾਣ ਵਾਲੇ ਸਥਾਨ ਵਜੋਂ ਵਿਕਸਤ ਕਰਨ ਲਈ ਕੇਂਦਰ ਸਰਕਾਰ ਵੱਲੋਂ ਕੇਂਦਰੀ ਬਜਟ ਵਿੱਚ 500 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਹੈ। ਸੂਬਾ ਸਰਕਾਰ ਵੀ ਰਾਖੀਗੜ੍ਹੀ ਦੇ ਇਤਿਹਾਸਕ, ਸਭਿਆਚਾਰਕ ਅਤੇ ਸੈਰ-ਸਪਾਟਾ ਮਹਤੱਵ ਨੂੰ ਸਮਝਦੇ ਹੋਏ ਇਸ ਨੂੰ ਕੌਮੀ ਅਤੇ ਕੌਮਾਂਤਰੀ ਸੈਰ-ਸਪਾਟਾ ਨਕਸ਼ੇ 'ਤੇ ਪ੍ਰਮੁੱਖ ਸਥਾਨ ਦਿਵਾਉਣ ਲਈ ਲਗਾਤਾਰ ਠੋਸ ਕਦਮ ਚੁੱਕ ਰਹੀ ਹੈ। ਮੁੱਖ ਮੰਤਰੀ ਭਾਰਤ ਦੀ ਪ੍ਰਾਚੀਨ ਸਭਿਅਤਾ ਦੀ ਧਰੋਹਰ ਪਵਿੱਤਰ ਭੂਮੀ ਰਾਖੀਗੜ੍ਹੀ ਵਿੱਚ ਆਯੋਜਿਤ ਦੂਜੇ ਰਾਜ ਪੱਧਰੀ ਰਾਖੀਗੜ੍ਹੀ ਮਹੋਤਸਵ ਦੇ ਮੌਕੇ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਹੜੱਪਾ ਗਿਆਨ ਕੇਂਦਰ ਦਾ ਵੀ ਉਦਘਾਟਨ ਕੀਤਾ। ਮਹੋਤਸਵ ਵਿੱਚ ਕ੍ਰਾਫਟ ਮੇਲਾ, ਵਿਰਾਸਤ ਦੌੜ, ਵਰਕਸ਼ਾਪ, ਪ੍ਰਦਰਸ਼ਨੀ, ਸਭਿਆਚਾਰਕ ਪ੍ਰੋਗਰਮਾ, ਪੇਂਡੂ ਖੇਡ-ਕੂਦ, ਪ੍ਰਸ਼ਨੋਤਰੀ ਤੇ ਰੰਗੋਲੀ ਅਤੇ ਫੋਟੋਗ੍ਰਾਫੀ ਮੁਕਾਬਲਿਆਂ ਦਾ ਆਯੋਜਨ ਹੋ ਰਿਹਾ ਹੈ। ਇਸ ਦੌਰਾਨ ਉਨ੍ਹਾਂ ਦੇ ਨਾਲ ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ, ਕੈਬਨਿਟ ਮੰਤਰੀ ਸ੍ਰੀ ਰਣਬੀਰ ਗੰਗਵਾ, ਵਿਧਾਇਕ ਸ੍ਰੀ ਵਿਨੋਦ ਭਿਆਨ ਵੀ ਮੌਜੂਦ ਸਨ।ਮੁੱਖ ਮੰਤਰੀ ਨੇ ਕਿਹਾ ਕਿ ਰਾਖੀਗੜ੍ਹੀ ਪੰਚਾਇਤ ਵੱਲੋਂ ਪੇਸ਼ ਕੀਤੀਆਂ ਗਈਆਂ ਸਾਰੀਆਂ 13 ਮੰਗਾਂ ਨੂੰ ਸਬੰਧਿਤ ਵਿਭਾਗਾਂ ਨੂੰ ਭੇਜ ਕੇ ਜਲਦੀ ਪੂਰਾ ਕਰਵਾਇਆ ਜਾਵੇਗਾ ।ਮੁੱਖ ਮੰਤਰੀ ਨੇ ਰਾਖੀਗੜ੍ਹੀ ਅਤੇ ਰਾਖੀ ਸ਼ਾਹਪੁਰ ਪਿੰਡਾਂ ਨੂੰ 21-21 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਅੱਜ ਆਪਣੀ ਸਭਿਆਚਾਰਕ ਵਿਰਾਸਤ 'ਤੇ ਮਾਣ ਕਰਦੇ ਹੋਏ ਆਤਮ ਵਿਸ਼ਵਾਸ ਦੇ ਨਾਲ ਅੱਗੇ ਵੱਧ ਰਿਹਾ ਹੈ। ਕਾਸ਼ੀ ਵਿਸ਼ਵਨਾਥ ਧਾਮ, ਮਹਾਕਾਲ ਲੋਕ, ਅਯੋਧਿਆ ਵਿੱਚ ਸ਼੍ਰੀਰਾਮ ਜਨਮਭੂਮੀ ਮੰਦਿਰ ਅਤੇ ਰਾਖੀਗੜ੍ਹੀ ਵਰਗੀ ਪੁਰਾਤੱਤਵਿਕ ਸਥਾਨ ਭਾਰਤ ਦੀ ਗੌਰਵਸ਼ਾਲੀ ਪਰੰਪਰਾ ਦੇ ਪ੍ਰਤੀਕ ਹਨ। ਇਹ ਨਵਾਂ ਭਾਰਤ ਹੈ, ਜੋ ਆਪਣੇ ਅਤੀਤ ਤੋਂ ਪ੍ਰੇਰਣਾ ਲੈ ਕੇ ਉਜਵਲ ਭਵਿੱਖ ਦਾ ਨਿਰਮਾਣ ਕਰ ਰਿਹਾ ਹੈ । ਹਰਿਆਣਾ ਦੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਖੇਤਰ ਦੀ ਸਾਲਾਂ ਪੁਰਾਣੀ ਹਾਂਸੀ ਨੂੰ ਜਿਲ੍ਹਾ ਬਣਾਏ ਜਾਣ ਦੀ ਮੰਗ ਨੂੰ ਪੂਰਾ ਕੀਤਾ ਹੈ। ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਅਗਰਵਾਲ ਨੇ ਆਪਣੇ ਸਵਾਗਤੀ ਭਾਸ਼ਨ ਵਿੱਚ ਮੁੱਖ ਮੰਤਰੀ ਅਤੇ ਹੋਰ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿਭਾਗ ਦੇ ਵਿਜਨ ਅਤੇ ਰਾਖੀਗੜ੍ਹੀ ਦੇ ਮਹਤੱਵ ਨੂੰ ਦਸਿਆ। ਸਮਾਗਮ ਵਿੱਚ ਵਿਧਾਇਕ ਸ੍ਰੀ ਰਣਧੀਰ ਪਨਿਹਾਰ, ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਦੇ ਨਿਦੇਸ਼ਕ ਡਾ. ਅਮਿਤ ਖੱਤਰੀ, ਹੜੱਪਾ ਗਿਆਨ ਕੇਂਦਰ ਦੇ ਨਿਦੇਸ਼ਕ ਪ੍ਰੋਫੈਸਰ ਬਸੰਤ ਸ਼ਿੰਦੇ, ਸਾਬਕਾ ਮੰਤਰੀ ਅਨੂਪ ਧਾਨਕ, ਸਾਬਕਾ ਸਾਂਸਦ ਜਨਰਲ ਡੀਪੀ ਵੱਤਸ, ਸੋਨੂ ਸਿਹਾਗ, ਪ੍ਰਵੀਣ ਪੋਪਲੀ, ਸੁਰੇਂਦਰ ਪੁਨਿਆ, ਜਵਾਹਰ ਸੈਣੀ, ਅਸ਼ੋਕ ਸੈਣੀ ਸਮੇਤ ਹੋਰ ਮਾਣਯੋਗ ਵੀ ਮੌਜੂਦ ਰਹੇ।

## ਪੱਤਰਕਾਰ ਗਣੇਸ਼ ਸਿੰਘ ਚੌਹਾਨ ਦੀ ਮਾਤਾ ਦੇ ਦੇਹਾਂਤ 'ਤੇ ਸ਼ੋਕ ਦਾ ਪ੍ਰਗਟਾਵਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਦਿੱਲੀ ਵਿੱਚ ਕੰਮ ਕਰ ਰਹੇ ਰਾਜਸਥਾਨ ਪੱਤ੍ਰਿਕਾ ਦੇ ਸੀਨੀਅਰ ਪੱਤਰਕਾਰ ਗਣੇਸ਼ ਸਿੰਘ ਚੌਹਾਨ ਦੀ ਮਾਤਾ ਸੁਮਨ ਦੇਵੀ (70) ਦੇ ਦਿਹਾਂਤ 'ਤੇ ਡੂੰਘਾ ਸ਼ੋਕ ਪ੍ਰਗਟ ਕੀਤਾ ਹੈ।ਵਿਜ ਨੇ ਸ਼ੋਕ ਸੰਦੇਸ਼ ਵਿੱਚ ਕਿਹਾ ਕਿ ਸੁਮਨੀ ਦੇਵੀ ਦਾ ਸਵਰਗਵਾਸ ਹੋਣਾ ਬਹੁਤ ਦੁਖਦ ਸਮਾਚਾਰ ਹੈ।

## ਪੱਤਰਕਾਰ ਹਰਭਜਨ ਸਿੰਘ ਢਿੱਲੋਂ ਨੂੰ ਗਹਿਰਾ ਸਦਮਾ, ਵੱਡੀ ਭੈਣ ਅਕਾਲ ਚਲਾਣਾ ਕਰ ਗਏ

**ਨੰਗਲ** : ਪੱਤਰਕਾਰ ਹਰਭਜਨ ਢਿੱਲੋਂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੀ ਵੱਡੀ ਭੈਣ ਦਰਸ਼ਨ ਕੌਰ ਪਤਨੀ ਮਾਸਟਰ ਮਲਕੀਤ ਸਿੰਘ ਵਾਸੀ ਪਲਾਸੀ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ। ਭੈਣ ਦਰਸ਼ਨ ਕੌਰ ਇਸਤਰੀ ਸਭਾ ਪੰਜਾਬ ਦੀ ਸਾਬਕਾ ਪ੍ਰਧਾਨ ਸੀ।ਉਹਨਾਂ ਦਾ ਸਮੁੱਚਾ ਜੀਵਨ ਖੱਬੀ ਲਹਿਰ ਦੇ ਲੇਖੇ ਲੱਗ ਗਿਆ।ਉਹਨਾਂ ਦੀ ਮੌਤ ਨਾਲ ਪਰਵਾਰ ਨੂੰ ਹੀ ਘਾਟਾ ਨਹੀਂ ਪਿਆ, ਸਗੋਂ ਇਲਾਕੇ ਦੇ ਲੋਕਾਂ ਨੂੰ ਵੀ ਭਾਰੀ ਘਾਟਾ ਪਿਆ। ਉਹ ਹਰ ਜ਼ਬਰ ਜ਼ੁਲਮ ਖਿਲਾਫ ਹਮੇਸ਼ਾ ਮੋਹਰਲੀਆਂ ਕਤਾਰਾਂ ਵਿੱਚ ਹੋ ਕੇ ਲੜਦੇ ਸਨ। ਇਸ ਮੌਕੇ ਤੇ ਪੱਤਰਕਾਰ ਧਰਮਪਾਲ ਸੈਣੀ, ਜੁਝਾਰ ਸਿੰਘ ਭੱਲੜੀ, ਗੁਰਪ੍ਰੀਤ ਗਰੇਵਾਲ, ਸੁਭਾਸ਼ ਸ਼ਰਮਾ, ਸੁਰਜੀਤ ਸਿੰਘ ਢੇਰ, ਸਤਨਾਮ ਸਿੰਘ ਸ਼ੇਰਾ,ਗੁਰਭਾਗ ਸਿੰਘ, ਰਕੇਸ਼ ਸੈਣੀ, ਅਜੇ ਕੋਸ਼ਲ,ਅਵੀ ਰਾਣਾ, ਸੁਪਿੰਦਰ ਸਿੰਘ, ਕੁਲਵਿੰਦਰਜੀਤ ਸਿੰਘ ਭਾਟੀਆ, ਅਸ਼ੋਕ ਚੋਪੜਾ, ਰਜੇਸ਼ ਪਟਿਆਲ ਰਣਬੀਰ ਸਿੰਘ ਸੈਣੀ ਪ੍ਰੀਤਮ ਸਿੰਘ ਬਰਾਰੀ ਨੇ ਭੈਣ ਦਰਸ਼ਨ ਕੌਰ ਦੇ ਪਰਵਾਰ ਅਤੇ ਹਰਭਜਨ ਢਿੱਲੋਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



## ਮੋਹਾਲੀ ਪੁਲਸ ਵੱਲੋਂ ਗੈਰਕਾਨੂੰਨੀ ਮਾਈਨਿੰਗ ਖ਼ਿਲਾਫ਼ ਸਖ਼ਤ ਕਾਰਵਾਈ, 15 ਗ੍ਰਿਫ਼ਤਾਰ



**ਮਾਜਰੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ), (ਗੁਰਜੀਤ ਬਿੱਲਾ)**- ਗੈਰਕਾਨੂੰਨੀ ਮਾਈਨਿੰਗ ਖ਼ਿਲਾਫ਼ ਸਖ਼ਤ ਰੁਖ ਅਪਣਾਉਂਦਿਆਂ, ਐੱਸ ਏ ਐੱਸ ਨਗਰ (ਮੋਹਾਲੀ) ਪੁਲਸ ਨੇ ਐੱਸ ਐੱਸ ਪੀ ਹਰਮਨਦੀਪ ਸਿੰਘ ਹਾਂਸ ਦੀ ਅਗਵਾਈ ਹੇਠ 26-27 ਦਸੰਬਰ ਦੀ ਦਰਮਿਆਨੀ ਰਾਤ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਰਾਤ ਭਰ ਵਿਸ਼ੇਸ਼ ਮੁਹਿੰਮ ਚਲਾਈ।ਇਹ ਵਿਸ਼ੇਸ਼ ਕਾਰਵਾਈ ਥਾਣਾ ਸੋਹਾਣਾ, ਮਾਜਰੀ ਅਤੇ ਡੇਰਾਬੱਸੀ ਦੇ ਅਧਿਕਾਰ ਖੇਤਰਾਂ ਵਿੱਚ ਇਕੋ ਸਮੇਂ ਅਮਲ ਵਿੱਚ ਲਿਆਂਦੀ ਗਈ, ਜਿਸ ਦਾ ਮਕਸਦ ਗੈਰ-ਕਾਨੂੰਨੀ ਮਾਈਨਿੰਗ ਵਿੱਚ ਸ਼ਾਮਲ ਵਿਅਕਤੀਆਂ ਅਤੇ ਗਿਰੋਹਾਂ 'ਤੇ ਨੱਥ ਪਾਉਣਾ ਸੀ।ਥਾਣਾ ਮਾਜਰੀ ਵਿਖੇ ਮੀਡੀਆ ਕਰਮੀਆਂ ਨਾਲ ਗੱਲਬਾਤ ਕਰਦਿਆਂ ਐੱਸ ਐੱਸ ਪੀ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਇਸ ਮੁਹਿੰਮ ਦੇ ਨਤੀਜੇ ਵਜੋਂ 20 ਐੱਫ ਆਈ ਆਰ ਦਰਜ ਕੀਤੀਆਂ ਗਈਆਂ ਅਤੇ 15 ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕੀਤਾ ਗਿਆ। ਇਸ ਦੇ ਨਾਲ ਹੀ ਗੈਰ-ਕਾਨੂੰਨੀ ਮਾਈਨਿੰਗ ਲਈ ਵਰਤੀ ਜਾ ਰਹੀ ਭਾਰੀ ਮਸ਼ੀਨਰੀ ਅਤੇ ਵਾਹਨ ਵੀ ਜ਼ਬਤ ਕੀਤੇ ਗਏ, ਜਿਨ੍ਹਾਂ ਵਿੱਚ ਇੱਕ ਜੇ ਸੀ ਬੀ ਮਸ਼ੀਨ, 14 ਭਰੇ ਹੋਏ ਟਿੱਪਰ ਅਤੇ ਦੋ ਭਰੇ ਹੋਏ ਟ੍ਰੈਕਟਰ-ਟਰਾਲੀਆਂ ਸ਼ਾਮਲ ਹਨ।

## ਸੀਟੀ ਗਰੁੱਪ 'ਚ ਸਾਬਕਾ ਵਿਦਿਆਰਥੀ ਮਿਲਣ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)** ਸੀਟੀ ਗਰੁੱਪ ਆਫ਼ ਇੰਸਟੀਟਿਊਸ਼ਨਜ਼ ਵੱਲੋਂ ਆਪਣੇ ਸ਼ਾਹਪੁਰ (ਸਾਊਥ ਕੈਂਪਸ) ਅਤੇ ਮਕਸੂਦਾਂ (ਨੌਰਥ ਕੈਂਪਸ) ਵਿੱਚ ਸਾਬਕਾ ਵਿਦਿਆਰਥੀ ਮਿਲਣ 2025 ਦਾ ਸਫ਼ਲ ਆਯੋਜਨ ਕੀਤਾ ਗਿਆ।ਇਸ ਮੌਕੇ ਪੁਰਾਤਨ ਵਿਦਿਆਰਥੀਆਂ ਅਤੇ ਸੰਸਥਾ ਦੇ ਨੇਤ੍ਰਿਤਵ ਨੇ ਇਕੱਠੇ ਹੋ ਕੇ ਆਪਣੀ ਸਾਂਝੀ ਸਿੱਖਿਆ ਯਾਤਰਾ, ਪੇਸ਼ਾਵਰ ਉਪਲਬਧੀਆਂ ਅਤੇ ਸੰਸਥਾ ਨਾਲ ਜੁੜੇ ਮਜ਼ਬੂਤ ਨਾਤਿਆਂ ਦਾ ਜਸ਼ਨ ਮਨਾਇਆ।ਸ਼ਾਹਪੁਰ ਕੈਂਪਸ (ਸਾਊਥ ਕੈਂਪਸ) ਵਿੱਚ ਐਲੂਮਨੀ ਮਿਲਣ ਵਰਚੁਅਲ ਮਾਧਿਅਮ ਰਾਹੀਂ ਕਰਵਾਇਆ ਗਿਆ, ਜਿਸ ਵਿੱਚ 700 ਤੋਂ ਵੱਧ ਸਾਬਕਾ ਵਿਦਿਆਰਥੀਆਂ ਨੇ ਭਾਗ ਲਿਆ।ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਜ਼ਾਂਬੀਆ, ਜਾਪਾਨ, ਚੀਨ ਅਤੇ ਭਾਰਤ ਦੇ ਦਿੱਲੀ, ਬੈਂਗਲੁਰੂ, ਅਹਿਮਦਾਬਾਦ, ਮੁੰਬਈ ਤੇ ਕੋਲਕਾਤਾ ਵਰਗੇ ਸ਼ਹਿਰਾਂ ਤੋਂ ਜੁੜੇ ਸਾਬਕਾ ਵਿਦਿਆਰਥੀ ਕਾਨੂੰਨ, ਤਕਨਾਲੋਜੀ, ਬੈਂਕਿੰਗ, ਫਾਰਮੇਸੀ, ਸਿੱਖਿਆ ਅਤੇ ਕਨਸਲਟੈਂਸੀ ਸਮੇਤ ਕਈ ਖੇਤਰਾਂ ਵਿੱਚ ਉੱਚ ਪੱਧਰ ਤੇ ਕੰਮ ਕਰ ਰਹੇ ਹਨ।ਇਸ ਮੌਕੇ ਉਨ੍ਹਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਸੰਸਥਾ ਪ੍ਰਤੀ ਆਪਣੀ ਕਦਰਦਾਨੀ ਜਤਾਈ। ਮਕਸੂਦਾਂ ਕੈਂਪਸ (ਨੌਰਥ ਕੈਂਪਸ) ਵਿੱਚ ਰੂਬਰੂ ਐਲੂਮਨੀ ਮਿਲਣ ਦਾ ਸ਼ਾਨਦਾਰ ਆਯੋਜਨ



ਕੀਤਾ ਗਿਆ, ਜਿਸ ਵਿੱਚ ਦੇਸ਼ ਭਰ ਤੋਂ 300 ਤੋਂ ਵੱਧ ਪੁਰਾਤਨ ਵਿਦਿਆਰਥੀਆਂ ਨੇ ਹਾਜ਼ਰੀ ਭਰੀ। ਨੌਰਥ ਕੈਂਪਸ ਦੇ ਐਲੂਮਨੀ ਮਿਲਣ ਵਿੱਚ 2006 ਬੈਚ ਦੀ ਸ਼ਮੂਲੀਅਤ ਨੇ ਸਮਾਗਮ ਨੂੰ ਖ਼ਾਸ ਬਣਾਇਆ। ਇਸ ਦੌਰਾਨ ਪੁਰਾਤਨ ਵਿਦਿਆਰਥੀਆਂ ਨੇ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਸੰਸਥਾ ਦੇ ਜੀਵਨ ਭਰ ਦੇ ਪ੍ਰਭਾਵ ਨੂੰ ਕਬੂਲ ਕੀਤਾ। ਇਸ ਸਮਾਗਮ ਵਿੱਚ ਆਏ ਸਾਬਕਾ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸੀਟੀ ਗਰੁੱਪ ਪ੍ਰਬੰਧਨ ਦੀ ਵਿਸ਼ੇਸ਼ ਹਾਜ਼ਰੀ ਰਹੀ, ਜਿਸ ਵਿੱਚ ਚੇਅਰਮੈਨ ਐਸ. ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਈਸ-ਚੇਅਰਮੈਨ ਹਰਪ੍ਰੀਤ ਸਿੰਘ, ਐਗਜ਼ਿਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ ਅਤੇ ਕੈਂਪਸ ਡਾਇਰੈਕਟਰ ਡਾ. ਸ਼ਿਵ ਕੁਮਾਰ ਅਤੇ ਡਾ. ਅਨੁਰਾਗ ਸ਼ਰਮਾ ਸ਼ਾਮਲ ਰਹੇ।ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਐਲੂਮਨੀ ਨਾਲ ਲਗਾਤਾਰ ਸੰਪਰਕ ਬਣਾਈ ਰੱਖਣ ਦੀ ਲੋੜ ਉਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਸੰਸਥਾ ਦੇ ਮਾਰਗਦਰਸ਼ਕ ਅਤੇ ਦੂਤ ਵਜੋਂ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

## ਪੋਸਟ ਮੈਟ੍ਰਿਕ ਸਕਾਲਰਸ਼ਿਪ ਹੇਠ 4.77 ਕਰੋੜ ਰੁਪਏ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵੰਚਿਤ ਅਤੇ ਪਿੱਛੜੇ ਵਰਗਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਅਤੇ ਉਨ੍ਹਾਂ ਨੂੰ ਸਿੱਖਿਆ ਦੇ ਰਾਹੀਂ ਆਤਮ-ਨਿਰਭਰ ਬਣਾਉਣ ਲਈ ਲਗਾਤਾਰ ਇਤਿਹਾਸਕ ਕਦਮ ਚੁੱਕ ਰਹੀ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਚਲ ਰਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਹੁਣ ਤੱਕ 4.77 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ, ਤਾਂ ਜੋ ਕੋਈ ਵੀ ਵਿਦਿਆਰਥੀ ਕੇਵਲ ਆਰਥਿਕ ਤੰਗੀ ਕਾਰਨ ਆਪਣੀ ਪੜ੍ਹਾਈ ਤੋਂ ਵਾਂਝਾ ਨਾ ਰਹੇ।ਡਾ. ਬਲਜੀਤ ਕੌਰ ਨੇ ਅੱਗੇ ਕਿਹਾ ਕਿ ਵਿੱਤੀ ਸਾਲ 2025-26 ਦੌਰਾਨ ਇਸ ਸਕੀਮ ਲਈ 245 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ, ਜੋ ਸਿੱਖਿਆ ਪ੍ਰਤੀ ਇਸ ਸਰਕਾਰ ਦੀ ਗੰਭੀਰਤਾ, ਸੰਵੇਦਨਸ਼ੀਲਤਾ ਅਤੇ ਦੂਰਦਰਸ਼ੀ ਸੋਚ ਨੂੰ ਦਰਸਾਉਂਦਾ ਹੈ।

## ਬਿੱਟੂ ਜਲਾਲਪੁਰ ਮੰਡੀਕਰਨ ਸਹਿਕਾਰੀ ਸਭਾ ਟਾਂਡਾ ਦਾ ਸਰਬਸੰਮਤੀ ਨਾਲ ਚੇਅਰਮੈਨ ਨਿਯੁਕਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਟਾਂਡਾ ਉੜਮੁੜ ਮੰਡੀਕਰਨ ਸਹਿਕਾਰੀ ਸਭਾ ਲਿਮਿਟਿਡ ਬੋਰਡ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਚੋਣ ਲਈ ਸਹਿਕਾਰੀ ਸਭਾ ਦੇ ਦਫ਼ਤਰ ਟਾਂਡਾ ਵਿਖੇ ਕਾਰਜਕਾਰੀ ਚੇਅਰਮੈਨ ਗੁਰਮੀਤ ਸਿੰਘ ਦੀ ਹਾਜ਼ਰੀ ਵਿੱਚ ਮੀਟਿੰਗ ਹੋਈ ਜਿਸ ਵਿੱਚ ਬੋਰਡ ਆਫ਼ ਡਾਇਰੈਕਟਰ ਜਸਵੰਤ ਸਿੰਘ, ਕੁਲਵੀਰ ਸਿੰਘ, ਗੁਰਮੀਤ ਸਿੰਘ, ਤਰਸੇਮ ਸਿੰਘ, ਗਗਨਦੀਪ ਸਿੰਘ ਅਤੇ ਅਮਰਜੀਤ ਸਿੰਘ ਨੇ ਭਾਗ ਲਿਆ। ਮੀਟਿੰਗ 'ਚ ਸਮੂਹ ਬੋਰਡ ਆਫ਼ ਡਾਇਰੈਕਟਰ ਵੱਲੋਂ ਸਰਬ ਸੰਮਤੀ ਨਾਲ ਦੀ ਟਾਂਡਾ ਉੜਮੁੜ ਮੰਡੀਕਰਨ ਸਹਿਕਾਰੀ ਸਭਾ ਲਿਮਿਟਡ ਦਾ ਜਸਵੰਤ ਸਿੰਘ ਬਿੱਟੂ ਜਲਾਲਪੁਰ ਨੂੰ ਚੇਅਰਮੈਨ ਅਤੇ ਕੁਲਬੀਰ ਸਿੰਘ ਬਾਬਕ ਨੂੰ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ, ਲਖਵਿੰਦਰ ਸਿੰਘ ਸੇਠੀ, ਜਸਵੰਤ ਸਿੰਘ ਅੰਬੀ, ਜਗਤਾਰ ਸਿੰਘ, ਸਰਪੰਚ ਮਲਕੀਤ ਸਿੰਘ, ਤਰਸੇਮ ਸਿੰਘ ਨੇ ਹੋਣੀ ਤੇ ਕੁਲਦੀਪ ਸਿੰਘ ਨੇ ਚੁਣੇ ਗਏ ਚੇਅਰਮੈਨ ਤੇ ਵਾਈਸ ਚੇਅਰਮੈਨ ਨੂੰ ਸਰੋਪੇ ਪਾ ਕੇ ਵਧਾਈ ਦਿੱਤੀ।



## ਸਿਵਲ ਹਸਪਤਾਲ ਨੇ ਦੁੱਧ ਦਾ ਲੰਗਰ ਲਗਾਇਆ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਛੋਟੇ ਸਾਹਿਬਜ਼ਾਦਿਆਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ, ਮਾਤਾ ਗੁਜਰੀ ਜੀ ਅਤੇ ਭਾਈ ਮੋਤੀ ਰਾਮ ਮਹਿਰਾ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਦਿਹਾੜਿਆਂ ਦੇ ਸਬੰਧ ਵਿੱਚ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵੱਲੋਂ ਦੁੱਧ ਦਾ ਲੰਗਰ ਲਗਾਇਆ ਗਿਆ।ਇਸ ਸੇਵਾ ਕਾਰਜ ਦੀ ਅਗਵਾਈ ਸਮੂਹ ਡਾਕਟਰ ਦਵਿੰਦਰ ਪਾਲ ਵੱਲੋਂ ਕੀਤੀ ਗਈ। ਲੰਗਰ ਸੇਵਾ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵੱਲੋਂ ਧਰਮ, ਇਨਸਾਫ਼ ਅਤੇ ਮਨੁੱਖਤਾ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਹਸਪਤਾਲ ਦੇ ਸਮੂਹ ਡਾਕਟਰਾਂ, ਨਰਸਿੰਗ ਸਟਾਫ ਅਤੇ ਹੋਰ ਕਰਮਚਾਰੀਆਂ ਵੱਲੋਂ ਵੱਧ-ਚੜ੍ਹ ਕੇ ਸੇਵਾ ਵਿੱਚ ਭਾਗ ਲਿਆ ਗਿਆ। ਸਿਵਲ ਹਸਪਤਾਲ ਪ੍ਰਸ਼ਾਸਨ ਵੱਲੋਂ ਕਿਹਾ ਗਿਆ ਕਿ ਅਜਿਹੇ ਸੇਵਾ ਕਾਰਜ ਸਮਾਜ ਵਿੱਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ ਅਤੇ ਸ਼ਹੀਦਾਂ ਦੀ ਯਾਦ ਨੂੰ ਜੀਵੰਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਸੰਯੁਕਤ ਕਿਸਾਨ ਮੋਰਚੇ ਤੇ ਮਜ਼ਦੂਰ-ਮੁਲਾਜ਼ਮ ਜਥੇਬੰਦੀਆਂ ਵੱਲੋਂ ਟਰੈਕਟਰ ਮਾਰਚ 3 ਨੂੰ

**ਬੰਗਾ (ਅਵਤਾਰ ਕਲੇਰ)** ਕਿਸਾਨ-ਮਜ਼ਦੂਰ-ਮੁਲਾਜ਼ਮ ਤੇ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸਾਂਝੇ ਮੰਚ ਦੇ ਸੱਦੇ ਨੂੰ ਲਾਗੂ ਕਰਨ ਲਈ ਕਿਸਾਨ-ਮਜ਼ਦੂਰ ਅਤੇ ਪਾਵਰਕਾਮ ਦੀਆਂ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਸ਼ਹੀਦ ਭਗਤ ਸਿੰਘ ਫਾਊਂਡੇਸ਼ਨ ਖਟਕੜ ਕਲਾਂ ਵਿਖੇ ਹੋਈ।ਜਿਸ ਵਿਚ ਮਲਕੀਤ ਸਿੰਘ ਮੰਢਾਲੀ ਸਰਕਲ ਸਕੱਤਰ ਪੈਨਸ਼ਨਰ ਐਸੋਸੀਏਸ਼ਨ, ਬਲਵਿੰਦਰ ਸਿੰਘ ਨੌਰਾ ਸਰਕਲ ਸਕੱਤਰ ਟੀ ਐਸ ਯੂ, ਨੰਦ ਲਾਲ ਸਰਕਲ ਪ੍ਰਧਾਨ ਟੀ ਐਸ ਯੂ (ਭੰਗਲ), ਸ਼ਿਵ ਕੁਮਾਰ ਜੇਈ ਸਰਕਲ ਸਕੱਤਰ ਇਪਲਾਈਜ਼ ਫੈਡਰੇਸ਼ਨ, ਕੰਵਰ ਜਸਵਿੰਦਰਪਾਲ ਸਿੰਘ ਸੂਬਾ ਸਕੱਤਰ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ, ਮਨੋਹਰ ਸਰਕਲ ਸਕੱਤਰ ਅਤੇ ਰਾਮ ਆਸਰਾ ਸਰਕਲ ਪ੍ਰਧਾਨ ਪੈਨਸ਼ਨਰ ਇਪਲਾਈਜ਼ ਫੈਡਰੇਸ਼ਨ, ਰਵੀ ਕੁਮਾਰ ਤੇ ਵਿਨੋਦ ਕੁਮਾਰ ਇਲੈਕਸ਼ਨ ਆਗੂ ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ, ਮੋਹਣ ਸਿੰਘ ਲੰਗੜੋਆ ਸੂਬਾ ਸਕੱਤਰ ਇਪਲਾਈਜ਼ ਫੈਡਰੇਸ਼ਨ (ਪਹਿਲਵਾਨ), ਤਰਸੇਮ ਸਿੰਘ ਬੈਂਸ ਅਤੇ ਸੋਹਣ ਸਿੰਘ ਅਟਵਾਲ ਜ਼ਿਲ੍ਹਾ ਆਗੂ ਕਿਰਤੀ ਕਿਸਾਨ ਯੂਨੀਅਨ, ਬੂਟਾ ਸਿੰਘ ਮਹਿਮੂਦਪੁਰ ਸੂਬਾਈ ਆਗੂ ਜਮਹੂਰੀ ਅਧਿਕਾਰ ਸਭਾ, ਹਰੀ ਰਾਮ ਰਸੂਲਪੁਰੀ ਜ਼ਿਲ੍ਹਾ ਆਗੂ ਪੇਂਡੂ ਮਜ਼ਦੂਰ ਯੂਨੀਅਨ, ਹਰਪਾਲ ਸਿੰਘ ਜਗਤਪੁਰ ਜ਼ਿਲ੍ਹਾ ਆਗੂ ਜਮਹੂਰੀ ਕਿਸਾਨ ਸਭਾ, ਜੋਗਿੰਦਰ ਪਾਲ ਸੂਬਾ ਕਮੇਟੀ ਮੈਂਬਰ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਬਲਜੀਤ ਸਿੰਘ, ਬਲਵੀਰ ਸਿੰਘ, ਸੁੱਚਾ ਸਿੰਘ, ਗੁਰਦੀਪ ਸਿੰਘ ਸਾਹਲੋਂ ਅਤੇ ਇਨਕਲਾਬੀ ਗਾਇਕ ਧਰਮਿੰਦਰ ਮਸਾਣੀ ਸ਼ਾਮਲ ਹੋਏ। ਮੀਟਿੰਗ ਦੇ ਫ਼ੈਸਲਿਆਂ ਬਾਰੇ ਜਾਣਕਾਰੀ



ਦਿੰਦਿਆਂ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਤਜਵੀਜ਼ਤ ਬਿਜਲੀ ਸੋਧ ਬਿੱਲ, ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ ਚਾਰ ਲੇਬਰ ਕੋਡ ਥੋਪਣ ਅਤੇ ਮਗਨਰੇਗਾ ਨੂੰ ਰੱਦ ਕਰਕੇ ਬਣਾਇਆ ਨਵਾਂ ਕਾਨੂੰਨ 'ਜੀ ਰਾਮਜੀ' ਅਤੇ ਮੁਕਤ ਵਪਾਰ ਸਮਝੌਤੇ ਨਾ ਸਿਰਫ਼ ਕਿਸਾਨਾਂ, ਮਜ਼ਦੂਰਾਂ, ਬਿਜਲੀ ਕਾਮਿਆਂ ਅਤੇ ਮਨਰੇਗਾ ਮਜ਼ਦੂਰਾਂ ਉੱਪਰ ਵੱਡੇ ਹਮਲੇ ਹਨ ਸਗੋਂ ਇਹ ਸਮੁੱਚੇ ਭਾਰਤੀ ਲੋਕਾਂ ਦੇ ਹਿਤਾਂ ਵਿਰੁੱਧ ਬਹੁਤ ਹੀ ਖ਼ਤਰਨਾਕ ਸਾਜਿਸ਼ ਹਨ। ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਨਿੱਜੀਕਰਨ-ਵਪਾਰੀਕਰਨ-ਕਾਰਪੋਰੇਟੀਕਰਨ ਦੇ ਇਨ੍ਹਾਂ ਹਮਲਿਆਂ ਦੇ ਖ਼ਿਲਾਫ਼ ਪੰਜਾਬ ਦੇ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ-ਨੌਜਵਾਨ, ਔਰਤਾਂ ਅਤੇ ਹੋਰ ਸੰਘਰਸ਼ਸ਼ੀਲ ਹਿੱਸੇ ਮਿਲਕੇ ਜ਼ੋਰਦਾਰ ਅੰਦੋਲਨ ਕਰਨਗੇ ਜਿਸਦੀ ਤਿਆਰੀ ਲਈ 28 ਦਸੰਬਰ ਤੋਂ 4 ਜਨਵਰੀ ਤੱਕ ਸਮੁੱਚੇ ਪੰਜਾਬ ਵਿਚ ਟਰੈਕਟਰ-ਵਹੀਕਲ ਮਾਰਚ, ਝੰਡਾ ਮਾਰਚ, ਢੋਲ ਮੁਜ਼ਾਹਰੇ, ਟਰੈਕਟਰ ਮਾਰਚ, ਮੋਟਰਸਾਈਕਲ ਮਾਰਚ, ਰੈਲੀਆਂ ਅਤੇ ਮੀਟਿੰਗਾਂ ਰਾਹੀਂ ਪ੍ਰਚਾਰ ਕਰਕੇ ਲੋਕਾਂ ਨੂੰ ਇਸ ਹਮਲੇ ਵਿਰੁੱਧ ਜਾਗਰੂਕ ਕੀਤਾ ਜਾਵੇਗਾ।ਮੀਟਿੰਗ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਸਮੂਹ ਜਥੇਬੰਦੀਆਂ ਵੱਲੋਂ ਇਲਾਕਾ ਬੰਗਾ ਵਿਚ ਟਰੈਕਟਰ-ਵਹੀਕਲ ਮਾਰਚ 3 ਜਨਵਰੀ ਨੂੰ ਖਟਕੜ ਕਲਾਂ ਤੋਂ ਸ਼ੁਰੂ ਕੀਤਾ ਜਾਵੇਗਾ ਜੋ ਬੰਗਾ ਸ਼ਹਿਰ, ਮੁਕੰਦਪੁਰ-ਦੁਸਾਂਝ ਖੁਰਦ, ਝੁੱਗੀ-ਨਾਗਰਾ, ਕਰਨਾਣਾ, ਮਜਾਰਾ ਰਾਜਾ ਸਾਹਿਬ, ਗੁਣਾਚੌਰ-ਗੜ੍ਹਿਲ ਮਜਾਰੀ ਰੂਟ ਤੋਂ ਹੁੰਦਾ ਹੋਇਆ ਬੱਸ ਅੱਡਾ ਮੁਕੰਦਪੁਰ ਵਿਖੇ ਸਮਾਪਤ ਹੋਵੇਗਾ। ਆਗੂਆਂ ਨੇ ਨਿੱਜੀਕਰਨ-ਕਾਰਪੋਰੇਟੀਕਰਨ ਦੇ ਇਨ੍ਹਾਂ ਸਾਰੇ ਹਮਲਿਆਂ ਦੇ ਖਿਲਾਫ ਲੋਕਾਂ ਦੀ ਲਹਿਰ ਨੂੰ ਮਜ਼ਬੂਤ ਕਰਦਿਆਂ ਸੰਘਰਸ਼ਾਂ ਦੇ ਮੈਦਾਨ ਵਿੱਚ ਡਟ ਜਾਣ ਦਾ ਸੱਦਾ ਦਿੰਦਿਆਂ ਸਮੂਹ ਲੋਕਾਂ ਨੂੰ ਇਸ ਮਾਰਚ ਵਿਚ ਵਧ-ਚੜ੍ਹਕੇ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

## ਕੁੱਟਮਾਰ ਕਰਨ ਵਾਲੇ 5 ਵਿਅਕਤੀਆਂ ਵਿਰੁੱਧ ਕੇਸ ਦਰਜ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਸਥਾਨਕ ਪੁਲਸ ਨੇ ਪਿੰਡ ਚੂਹੜ ਮਾਜਰਾ ਦੇ ਇੱਕ ਮੱਝਾਂ ਦੇ ਵਪਾਰੀ ਦੀ ਪੰਜ ਵਿਅਕਤੀਆਂ ਵੱਲੋਂ ਪਿੰਡ ਬਰਸਾਲਪੁਰ ਦੇ ਸੂਏ ਨੇੜੇ ਕੁੱਟਮਾਰ ਕਰਕੇ ਗੰਭੀਰ ਰੂਪ ਵਿੱਚ ਜ਼ਖਮੀ ਕਰਨ ਵਾਲੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਡ ਚੂਹੜ ਮਾਜਰਾ ਦੇ ਮੱਝਾਂ ਦਾ ਵਪਾਰ ਕਰਨ ਵਾਲੇ ਦਰਸ਼ਨ ਸਿੰਘ ਵੱਲੋਂ ਪੁਲਸ ਨੂੰ ਲਿਖਵਾਏ ਬਿਆਨ ਵਿੱਚ ਦੱਸਿਆ ਕਿ 15 ਦਸੰਬਰ ਨੂੰ ਉਹ ਪਿੰਡ ਤੋਂ ਆਪਣੇ ਮੋਟਰਸਾਈਕਲ ਤੇ ਰੂਪਨਗਰ ਜਾ ਰਿਹਾ ਸੀ ਤੇ ਜਦੋਂ ਉਹ ਪਿੰਡ ਬਰਸਾਲਪੁਰ ਦੇ ਸੂਏ ਤੇ ਪੁੱਜਿਆ ਤਾਂ ਪੰਜ ਵਿਅਕਤੀਆਂ ਨੇ ਰੋਕ ਕੇ ਉਸ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਨੇ ਉਸ ਨੂੰ ਆਪਣੇ ਹੱਥਾਂ ਵਿੱਚ ਫੜੀਆਂ ਕਿਰਪਾਨ, ਤੇਜ਼ਧਾਰ ਹਥਿਆਰਾਂ ਤੇ ਡੰਡਿਆਂ ਨਾਲ ਉਸ ਦੀਆਂ ਲੱਤਾਂ, ਪੈਰਾਂ, ਸੱਜੀ ਬਾਂਹ ਦੇ ਗੁੱਟ ਅਤੇ ਪਿੱਠ ਤੇ ਵਾਰ ਕਰਕੇ ਉਸ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ। ਉਸ ਨੇ ਦੱਸਿਆ ਕਿ ਜਦੋਂ ਉਹ ਸੂਏ ਤੇ ਪਹੁੰਚਿਆ ਤਾਂ ਉੱਥੇ ਉਸ ਦੇ ਪਿੰਡ ਦੇ ਦੋ ਵਿਅਕਤੀ ਇਕਬਾਲ ਮੁਹੰਮਦ ਅਤੇ ਉਸ ਦਾ ਲੜਕਾ ਫਰਿਆਦ ਮੁਹੰਮਦ ਖੜ੍ਹੇ ਸਨ, ਜਿਨ੍ਹਾਂ ਨੇ ਹਮਲਾਵਰ ਵਿਅਕਤੀਆਂ ਨੂੰ ਇਸ਼ਾਰੇ ਨਾਲ ਉਸ ਬਾਰੇ ਦੱਸਿਆ, ਜਿਸ ਉਪਰੰਤ ਹਮਲਾਵਰਾਂ ਵੱਲੋਂ ਉਸ ਤੇ ਤੇਜ਼ਧਾਰ ਹਥਿਆਰਾਂ ਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ ਅਤੇ ਜਦੋਂ ਉਸ ਨੇ ਆਪਣੇ ਬਚਾਅ ਲਈ ਸ਼ੋਰ ਮਚਾਇਆ ਤਾਂ ਇਹ ਸਾਰੇ ਆਪੋ - ਆਪਣੇ ਹਥਿਆਰਾਂ ਸਮੇਤ ਆਪਣੇ ਨਾਲ ਦੇ ਮੋਟਰਸਾਈਕਲਾਂ ਤੇ ਬੈਠ ਕੇ ਭੱਜ ਗਏ। ਪਤਾ ਲੱਗਣ ਤੇ ਉਸ ਦੇ ਬੇਟੇ ਗੁਰਜੰਟ ਅਤੇ ਭਤੀਜੇ ਸ਼ਹਿਨਾਜ਼ ਮੁਹੰਮਦ ਨੇ ਉਸ ਨੂੰ ਜ਼ਖਮੀ ਹਾਲਤ ਵਿੱਚ ਇੱਥੋਂ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ, ਜਿੱਥੇ ਉਹ ਹਾਲੇ ਵੀ ਇਲਾਜ ਅਧੀਨ ਦਾਖ਼ਲ ਹੈ। ਥਾਣਾ ਮੁਖੀ ਨੇ ਦੱਸਿਆ ਕਿ ਪ੍ਰਾਪਤ ਹੋਈ ਮੈਡੀਕਲ ਰਿਪੋਰਟ ਅਨੁਸਾਰ ਡਾਕਟਰਾਂ ਵੱਲੋਂ ਦਰਸ਼ਨ ਸਿੰਘ ਦੇ 12 ਸੱਟਾਂ ਲੱਗੀਆਂ ਦੱਸੀਆਂ ਹਨ, ਜਿਨ੍ਹਾਂ ਵਿੱਚੋਂ ਚਾਰ ਸੱਟਾਂ ਤੇਜ਼ਧਾਰ ਹਥਿਆਰ ਨਾਲ ਅਤੇ 8 ਸੱਟਾਂ ਗੁੱਝੀਆਂ ਲੱਗੀਆਂ ਹਨ । ਉਨ੍ਹਾਂ ਦੱਸਿਆ ਕਿ ਦਰਸ਼ਨ ਸਿੰਘ ਦੇ ਬਿਆਨ ਦੇ ਆਧਾਰ ਤੇ ਪਿੰਡ ਸਲੇਮਪੁਰ ਦੇ ਇੱਕ ਵਿਅਕਤੀ ਕਨੌੜੀਆ ਸਮੇਤ ਪੰਜ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ ।

## ਗਹੂੰਣ ਵਿਖੇ ਸ਼ਹੀਦੀ ਦਿਹਾੜੇ 'ਤੇ ਲਗਾਇਆ ਦੁੱਧ ਦਾ ਲੰਗਰ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਾਂ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਅਤੇ ਬਾਬਾ ਮੋਤੀ ਰਾਮ ਮਹਿਰਾ ਦੇ ਪਰਵਾਰ ਦੀ ਯਾਦ ਵਿੱਚ ਬਲਾਚੌਰ ਤੋਂ ਚੰਡੀਗੜ੍ਹ ਹਾਈਵੇ ਨੂੰ ਜਾਂਦੀ ਜਰਨੈਲੀ ਸੜਕ ਉੱਤੇ ਪਿੰਡ ਗਹੂੰਣ ਵਿਖੇ ਸਰਬੱਤ ਦਾ ਭਲਾ ਸੰਗਠਨ ਤੇ ਏਕਤਾ ਕਲੱਬ ਦੇ ਨੌਜਵਾਨਾਂ ਵੱਲੋਂ ਐਨ ਆਰ ਆਈ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਗੁੜ ਵਾਲੇ ਦੁੱਧ ਤੇ ਰਸ ਦਾ ਲੰਗਰ ਲਗਾਇਆ ਗਿਆ। ਇਸ ਸਮੇਂ ਸੂਬੇਦਾਰ ਫਤਿਹ ਸਿੰਘ, ਕੈਪਟਨ ਕੁਲਦੀਪ ਸਿੰਘ, ਸਰਪੰਚ ਜਸਵੰਤ ਸਿੰਘ, ਹਰਦੀਪ ਸਿੰਘ ਗਹੂੰਣ, ਮਾਸਟਰ ਰਣਵੀਰ ਸਿੰਘ, ਦਰਸ਼ਨ ਸਿੰਘ ਰਾਏ, ਮਹਿੰਦਰ ਸਿੰਘ ਦਿਆਲ, ਜਸਵੰਤ ਸਿੰਘ ਬਨਵੈਤ, ਨਰਿੰਦਰ ਸੰਘਾ ਹਲਵਾਈ ਅਤੇ ਹੋਰ ਵੀ ਬਹੁਤ ਸਾਰੇ ਨੌਜਵਾਨ ਸੇਵਾਦਾਰ ਹਾਜ਼ਿਰ ਸਨ।

## ਰੰਧਾਵਾ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ ਕਈ ਪਰਵਾਰ 'ਆਪ' 'ਚ ਸ਼ਾਮਲ

**ਡੇਰਾਬੱਸੀ, (ਵਿਨੈ ਕੁਮਾਰ ਜੈਨ)**- ਡੇਰਾਬੱਸੀ ਹਲਕੇ ਦੀ ਸਿਆਸਤ ਵਿੱਚ ਉਸ ਵੇਲੇ ਮਹੱਤਵਪੂਰਨ ਮੋੜ ਦੇਖਣ ਨੂੰ ਮਿਲਿਆ ਜਦੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਨਾਲ ਸੰਬੰਧਤ ਪ੍ਰਸਿੱਧ ਸਮਾਜ ਸੇਵੀ ਪਰਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਸਮਾਜ ਸੇਵਾ ਅਤੇ ਵਪਾਰਕ ਖੇਤਰ ਵਿੱਚ ਆਪਣੀ ਵਿਸ਼ੇਸ਼ ਪਛਾਣ ਰੱਖਣ ਵਾਲੇ ਪਰਮਜੀਤ ਸਿੰਘ ਰੰਮੀ



ਸੈਣੀ, ਹੈਪੀ ਗੁਪਤਾ ਅਤੇ ਆਸ਼ੂ ਗੁਪਤਾ ਆਪਣੇ-ਆਪਣੇ ਪਰਵਾਰਾਂ ਸਮੇਤ 'ਆਪ' ਵਿੱਚ ਸ਼ਾਮਿਲ ਹੋਏ। ਉਨ੍ਹਾਂ ਨੂੰ ਡੇਰਾਬੱਸੀ ਹਲਕੇ ਦੇ ਵਿਧਾਇਕ ਸ੍ਰੀ ਕੁਲਜੀਤ ਸਿੰਘ ਰੰਧਾਵਾ ਨੇ ਪਾਰਟੀ ਵਿੱਚ ਸਨਮਾਨਤ ਤਰੀਕੇ ਨਾਲ ਸ਼ਾਮਿਲ ਕਰਵਾਇਆ।ਪਾਰਟੀ ਦਫ਼ਤਰ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਨਵੇ ਸ਼ਾਮਿਲ ਹੋਏ ਪਰਵਾਰਾਂ ਨੂੰ ਸਿਰੋਪਾਓ ਭੇਟ ਕਰਕੇ ਸਵਾਗਤ ਕੀਤਾ ਗਿਆ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ, ਵਰਕਰ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਲੋਕ ਹਾਜ਼ਰ ਰਹੇ। ਪਾਰਟੀ ਵਿੱਚ ਸ਼ਾਮਿਲ ਹੋਣ ਉਪਰੰਤ ਪਰਿਵਾਰਾਂ ਦੇ ਪ੍ਰਮੁੱਖ ਮੈਂਬਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਡੇਰਾਬੱਸੀ ਹਲਕੇ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜ, ਇਮਾਨਦਾਰ ਨੇਤ੍ਰਿਤਵ ਅਤੇ ਆਮ ਲੋਕਾਂ ਨਾਲ ਸਿੱਧੀ ਜੁੜਤ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।

## ਬੀ ਬੀ ਐੱਮ ਬੀ ਸਕੂਲ ਸੰਬੰਧੀ ਹਾਈ ਕੋਰਟ ਵੱਲੋਂ ਸਟੇਅ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਭਾਖੜਾ ਬਿਆਸ ਪ੍ਰਬੰਧਨ ਬੋਰਡ ਵੱਲੋਂ ਸੰਚਾਲਿਤ ਸਥਾਨਕ ਸਕੂਲ ਸੰਬੰਧੀ ਬੋਰਡ ਵੱਲੋਂ ਮੰਗੀਆਂ ਗਈਆਂ ਦਿਲਚਸਪੀਆਂ ਦੇ ਪ੍ਰਗਟਾਵੇ ਦੇ ਮਾਮਲੇ ਵਿਚ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸਟੇਅ ਦਿੱਤੇ ਜਾਣ ਦੇ ਮੱਦੇਨਜਰ ਮੁੱਖ ਇੰਜੀਨੀਅਰ ਰਾਕੇਸ਼ ਗੁਪਤਾ ਨੇ ਆਖਿਆ ਹੈ ਕਿ ਕੋਰਟ ਦੇ ਹੁਕਮਾਂ ਦੀ ਇੰਨਬਿੰਨ੍ਹ ਪਾਲਨਾ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਸਿਵਲ ਰਿਟ ਪਟਿਸ਼ਨ ਨੰਬਰ 39045-2025 ਦੀ ਸੁਣਵਾਈ ਦੌਰਾਨ ਮਾਨਯੋਗ ਜਸਟਿਸ ਸੰਦੀਪ ਮੁੱਦਗਿਲ ਦੀ ਅਦਾਲਤ ਵੱਲੋਂ ਇਸ ਸਬੰਧੀ ਯਥਾ ਸਥਿਤੀ ਬਣਾਈ ਰੱਖਣ ਦੇ ਹੁਕਮ ਦਿੱਤੇ ਗਏ ਹਨ ਅਤੇ ਬੋਰਡ ਇੰਨ੍ਹਾਂ ਹੁਕਮਾਂ ਦੀ ਪਾਲਣਾ ਕਰੇਗਾ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਹੁਣ ਕੋਈ ਨਵੀਂ ਕਾਰਵਾਈ ਕੋਰਟ ਦੇ ਸਟੇਅ ਹੁਕਮਾਂ ਦੀ ਪਾਲਣਾ ਕਰਦਿਆਂ ਨਹੀਂ ਕੀਤੀ ਜਾਵੇਗੀ।

## ਭੁੰਗਰਨੀ ਵਿਖੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਮੌਕੇ ਗੁਰਮਤਿ ਸਮਾਗਮ ਕਰਵਾਏ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ, ਦੀਵਾਨ ਟੋਡਰ ਮੱਲ ਜੀ, ਬਾਬਾ ਮੋਤੀ ਰਾਮ ਮਹਿਰਾ ਜੀ, ਸਾਕਾ ਫਤਹਿਗੜ੍ਹ ਸਾਹਿਬ, ਸਾਕਾ ਚਮਕੌਰ ਸਾਹਿਬ ਜੀ ਦੇ ਸਮੂਹ ਸ਼ਹੀਦਾਂ ਸਿੰਘਾਂ ਦੀ ਪਵਿੱਤਰ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ਼ਹੀਦੀ ਸਮਾਗਮ ਮੌਕੇ ਭਾਈ



ਸੁਖਚੈਨ ਸਿੰਘ ਮੁੱਖ ਗ੍ਰੰਥੀ ਭੁੰਗਰਨੀ, ਭਾਈ ਅਵਤਾਰ ਸਿੰਘ ਸੰਧੂ ਹੁਸ਼ਿਆਰਪੁਰ ਗੁਰਬਾਣੀ, ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹੱਕ, ਸੱਚ ਅਤੇ ਜ਼ੁਲਮ ਖਿਲਾਫ ਆਪਣਾ ਪੂਰਾ ਸਰਬੰਸ ਦੇਸ਼ ਕੌਮ ਤੋਂ ਕੁਰਬਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੋ ਕੌਮਾ ਆਪਣੇ ਵਿਰਸੇ ਨੂੰ ਭੁੱਲ ਜਾਂਦੀਆਂ ਹਨ।ਉਹ ਕੌਮਾਂ ਕੱਖਾਂ ਵਾਂਗ ਰੁਲ ਜਾਂਦੀਆਂ ਹਨ।ਇਸ ਮੌਕੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ, ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਭਾਈ ਸੁਖਚੈਨ ਸਿੰਘ ਮੁੱਖ ਗ੍ਰੰਥੀ ਭੁੰਗਰਨੀ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਅਮਰੀਕ ਸਿੰਘ, ਜਗਤਾਰ ਸਿੰਘ ਤਾਰੀ, ਭੁਪਿੰਦਰ ਸਿੰਘ, ਦਵਿੰਦਰ ਸਿੰਘ, ਰਾਮ ਸਿੰਘ, ਅਵਤਾਰ ਸਿੰਘ ਤਾਰੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਸਮਾਗਮ ਦੌਰਾਨ ਲੰਗਰ ਅਤੁੱਟ ਵਰਤਾਏ ਗਏ।

## ਲਾਇਲਪੁਰ ਖ਼ਾਲਸਾ ਕਾਲਜ ਵਿਖੇ ਸੱਤ ਦਿਨਾ ਵਿਸ਼ੇਸ਼ ਐੱਨ ਐੱਸ ਐੱਸ ਕੈਂਪ ਸਮਾਪਤ

**ਜਲੰਧਰ (ਸ਼ੈਲੀ ਐਲਬਰਟ)** ਭਾਰਤ ਸਰਕਾਰ ਦੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੀ ਅਗਵਾਈ ਹੇਠ ਚੱਲ ਰਿਹਾ ਸੱਤ ਦਿਨਾਂ ਵਿਸ਼ੇਸ਼ ਐਨ.ਐਸ.ਐਸ. ਕੈਂਪ 2025-26 ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਸਮਾਪਤ ਹੋਇਆ। ਉਕਤ



ਕੈਂਪ 20 ਤੋਂ 26 ਦਸੰਬਰ 2025 ਤੱਕ ਕਾਲਜ ਕੈਂਪਸ ਅਤੇ ਇਸਦੇ ਗੋਦ ਲਏ ਪਿੰਡਾਂ ਵਿੱਚ ਆਯੋਜਿਤ ਕੀਤਾ ਗਿਆ ਸੀ।ਕਾਲਜ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਕੈਂਪ ਨੂੰ ਸਫਲਤਾਪੂਰਵਕ ਪੂਰਾ ਕਰਨ ਵਾਲੇ ਐਨ.ਐਸ.ਐਸ. ਵਲੰਟੀਅਰਾਂ ਨੂੰ ਵਧਾਈ ਦਿੱਤੀ।ਵਲੰਟੀਅਰਾਂ ਨਾਲ ਗੱਲਬਾਤ ਦੌਰਾਨ, ਉਨ੍ਹਾਂ ਨੇ ਸਿੱਟਾ ਕੱਢਿਆ ਕਿ ਕੈਂਪ ਦੌਰਾਨ ਵਲੰਟੀਅਰਾਂ ਦੀਆਂ ਸ਼ਖਸੀਅਤ ਵਿਕਾਸ, ਭਾਈਚਾਰਕ ਸੇਵਾ, ਜਾਗਰੂਕਤਾ ਰੈਲੀਆਂ, ਨਸ਼ਿਆਂ 'ਤੇ ਨੁੱਕੜ ਨਾਟਕਾਂ ਅਤੇ ਪਿੰਡ ਵਾਸੀਆਂ ਦੀ ਜੀਵਨ ਸ਼ੈਲੀ ਸੰਬੰਧੀ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਸਾਡੇ ਭਾਈਚਾਰੇ ਅਤੇ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ।ਉਨ੍ਹਾਂ ਨੇ ਉਨ੍ਹਾਂ ਨੂੰ ਕੈਂਪ ਦੌਰਾਨ ਸਿੱਖੀਆਂ ਗਈਆਂ ਕਦਰਾਂ-ਕੀਮਤਾਂ ਨੂੰ ਆਪਣੇ ਆਲੇ-ਦੁਆਲੇ ਦੇ ਸਮਾਜ ਵਿੱਚ ਫੈਲਾਉਣ ਲਈ ਉਤਸ਼ਾਹਿਤ ਕੀਤਾ। ਮੁੱਖ ਪ੍ਰੋਗਰਾਮ ਅਫ਼ਸਰ ਪ੍ਰੋ. ਸਤਪਾਲ ਸਿੰਘ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਵਲੰਟੀਅਰਾਂ ਨੇ ਕਾਲਜ ਕੈਂਪਸ, ਲਾਇਬ੍ਰੇਰੀ ਅਤੇ ਲਾਇਲਪੁਰ ਖ਼ਾਲਸਾ ਕਾਲਜ ਹਾਲਟ ਵਿਖੇ ਸਫਾਈ ਮੁਹਿੰਮ ਚਲਾਈ, ਫੀਲ ਗੁੱਡ ਪ੍ਰੋਗਰਾਮ ਲਈ ਬੁਢਿਆਣਾ ਵਿਖੇ ਅਨਾਥ ਆਸ਼ਰਮ ਦਾ ਦੌਰਾ ਕੀਤਾ, ਕਾਲਜ ਵਿਖੇ ਬੋਲ਼ੇ ਅਤੇ ਗੂੰਗੇ ਲੋਕਾਂ ਲਈ ਫੀਲ ਗੁੱਡ ਪ੍ਰੋਗਰਾਮ ਦਾ ਆਯੋਜਨ ਕੀਤਾ, ਬੁਢਿਆਣਾ, ਜੋਹਲਾਂ ਅਤੇ ਬੋਲੀਨਾ ਦੋਆਬਾ ਪਿੰਡਾਂ ਵਿੱਚ ਪਾਣੀ ਦੀ ਸੰਭਾਲ, ਨਸ਼ਾਖੋਰੀ ਅਤੇ ਰੁੱਖ ਲਗਾਉਣ ਬਾਰੇ ਜਾਗਰੂਕਤਾ ਰੈਲੀਆਂ ਕੱਢੀਆਂ। ਵਲੰਟੀਅਰ ਜਸਕਰਨ ਸਿੰਘ ਨੂੰ ਕੈਂਪ ਲੀਡਰ ਐਲਾਨਿਆ ਗਿਆ। ਸਾਰੇ ਵਲੰਟੀਅਰਾਂ ਨੇ ਇਨ੍ਹਾਂ ਸੱਤ ਦਿਨਾਂ ਦੌਰਾਨ ਸਿੱਖੀਆਂ ਗਈਆਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ।ਇਸ ਸਮਾਪਤੀ ਸੈਸ਼ਨ ਦੌਰਾਨ, ਪ੍ਰੋ. ਨਵਨੀਤ ਕੌਰ, ਪ੍ਰੋ. ਸਰਬਜੀਤ ਸਿੰਘ ਅਤੇ ਪ੍ਰੋ. ਮੰਜੂ ਜੋਸ਼ੀ ਵੀ ਮੌਜੂਦ ਸਨ।

## ਪਸ਼ੂ ਪਾਲਣ ਮੰਤਰੀ ਦੇ ਹਲਕੇ 'ਚ 4 ਨੂੰ ਵੈਟਰਨਰੀ ਇੰਸਪੈਕਟਰ ਕਰਨਗੇ ਸੂਬਾ ਪੱਧਰੀ ਰੋਸ ਰੈਲੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਰਨਰੀ ਇੰਸਪੈਕਟਰ ਪਿਛਲੇ ਚਾਰ ਸਾਲਾਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਹਨ।ਇਸ ਸੰਬੰਧੀ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਦੀਆਂ ਕਈ ਮੀਟਿੰਗਾਂ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋ ਚੁੱਕੀਆਂ ਹਨ, ਜਿਸ ਵਿੱਚ ਵਿਭਾਗ ਦੇ ਉੱਚ ਅਧਿਕਾਰੀ ਵੀ ਸ਼ਾਮਲ ਹੋਏ ਸਨ,



ਮੀਟਿੰਗਾਂ ਵਿੱਚ ਇਹ ਮੰਨਿਆ ਗਿਆ ਸੀ ਕਿ ਵੈਟਨਰੀ ਇੰਸਪੈਕਟਰਾਂ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ ਅਤੇ ਵੈਟਰਨਰੀ ਇੰਸਪੈਕਟਰ ਵਿਭਾਗ ਦੀ ਰੀੜ ਦੀ ਹੱਡੀ ਹਨ, ਇਸ ਕੇਡਰ ਵੱਲੋਂ ਵਿਭਾਗ ਦਾ 90 ਫੀਸਦੀ ਕੰਮ ਕੀਤਾ ਜਾਂਦਾ ਹੈ ਅਤੇ ਵੈਟਨਰੀ ਇੰਸਪੈਕਟਰਾਂ ਨੂੰ ਵਿਸ਼ਵਾਸ ਦਵਾਇਆ ਗਿਆ ਸੀ ਕਿ ਉਹਨਾਂ ਦੀਆਂ ਮੰਗਾਂ ਜਲਦੀ ਹੀ ਮੰਨ ਲਈਆਂ ਜਾਣਗੀਆਂ, ਪਰ ਹੁਣ ਤੱਕ ਵੈਟਰਨਰੀ ਇੰਸਪੈਕਟਰਾਂ ਦੀ ਇੱਕ ਵੀ ਮੰਗ ਪੂਰੀ ਨਹੀਂ ਕੀਤੀ ਗਈ। ਰੈਲੀ ਦੌਰਾਨ ਸਰਕਾਰ ਦੀਆਂ ਸਾਰੀਆਂ ਪੋਲਾਂ ਖੋਲੀਆਂ ਜਾਣਗੀਆਂ, ਸਰਕਾਰ ਵੱਲੋਂ ਕੀਤੀ ਵਾਅਦਾ ਖਿਲਾਫੀ ਨੂੰ ਜਨਤਾ ਵਿੱਚ ਉਜਾਗਰ ਕੀਤਾ ਜਾਏਗਾ, ਜੇਕਰ ਫਿਰ ਵੀ ਪੰਜਾਬ ਦੀ ਅੰਨੀ ਬੋਲੀ ਸਰਕਾਰ ਨੇ ਵੈਟਰਨਰੀ ਇੰਸਪੈਕਟਰਾਂ ਦੀ ਆਵਾਜ਼ ਨੂੰ ਨਾ ਸੁਣਿਆ ਤਾਂ ਸੰਘਰਸ਼ ਲਗਾਤਾਰ ਆਰੰਭ ਦਿੱਤਾ ਜਾਵੇਗਾ, ਤਾਂ ਉਦੋਂ ਤੱਕ ਜਾਰੀ ਰਹੇਗਾ ਜਦ ਤੱਕ ਵੈਟਨਰੀ ਇੰਸਪੈਕਟਰ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ।ਇਸ ਮੌਕੇ ਗੁਰਮੀਤ ਸਿੰਘ ਮਹਿਤਾ, ਹਰਦੀਪ ਸਿੰਘ ਗਿਆਨਾ, ਵਿਜੇ ਕੰਬੋਜ ਵੀ ਹਾਜਰ ਸਨ।

## ਮਿਊਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੀ ਮੀਟਿੰਗ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਮਿਊਂਸਪਲ ਮੁਲਾਜਮ ਐਕਸ਼ਨ ਕਮੇਟੀ ਪੰਜਾਬ ਦੀ ਮੀਟਿੰਗ ਈਸਰੋ ਭਵਨ ਲੁਧਿਆਣਾ ਵਿਚ ਕੁਲਵੰਤ ਸਿੰਘ ਸੈਣੀ ਸਰਪ੍ਰਸਤ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿਚ ਐਕਸ਼ਨ ਕਮੇਟੀ ਦੇ ਮੈਂਬਰਾ ਨੇ ਸਰਕਾਰਾਂ ਦੀ ਲਾਰਾ ਲਾਉ ਨੀਤੀ ਦੀ ਨਿਖੇਧੀ ਕੀਤੀ। ਪ੍ਰੈਸ ਦੇ ਨਾ ਬਿਆਨ ਜਾਰੀ ਕਰਦਿਆ ਕਨਵੀਨਰ ਰਮੇਸ਼ ਗੈਜੰਡ ਨੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਫੈਸਲਾ ਲੈ ਕੇ ਦੱਸਿਆ ਕਿ ਲਾਰਿਆ ਵਿਚ ਸਰਕਾਰ ਦੁਆਰਾ 4 ਵਾਰ ਮੀਟਿੰਗ ਰੱਖ ਕੇ ਅੱਗੇ ਪਾਈ ਜਾ ਰਹੀ ਹੈ। ਸਰਕਾਰ ਵੱਲੋਂ ਜੋ 12 ਜਨਵਰੀ 2026 ਦੀ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ ਜੇਕਰ ਅੱਗੇ ਵਧਾਇਆ ਜਾਂਦਾ ਹੈ ਤਾਂ ਪੰਜਾਬ ਵਿੱਚ 19 ਜਨਵਰੀ ਤੋਂ 21 ਜਨਵਰੀ ਤੱਕ ਅਰਥੀ ਫੂਕ, ਪੀਪਾ ਖੜਕਾਊ ਰੋਸ ਰੈਲੀਆਂ ਕੀਤੀਆ ਜਾਣਗੀਆਂ।ਮੀਟਿੰਗ ਵਿਚ ਅਸ਼ੋਕ ਸਾਰਵਾਨ, ਗੋਪਾਲ ਥਾਪਰ, ਸੋਮਨਾਥ ਚੌਂਬੜ, ਬੂਟਾ ਰਾਮ, ਰਜਿੰਦਰ ਗੱਗੂ, ਸੋਮਨਾਥ ਆਦੀਆ, ਲਲਿਤ ਕੁਮਾਰ, ਸਲਾਹਕਾਰ ਕੁਲਦੀਪ ਸ਼ਰਮਾ ਅਤੇ ਹੋਰ ਵੀ ਮੁਲਾਜਮ ਸ਼ਾਮਲ ਸਨ।

## ਪਸ਼ੂਆਂ ਨੂੰ ਸੜਕਾਂ 'ਤੇ ਬੇਸਹਾਰਾ ਛੱਡਣ ਵਾਲਿਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਡਿਪਟੀ ਕਮਿਸ਼ਨਰ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਲਬਰਟ)**- ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੁਸਾਇਟੀ ਫਾਰ ਪ੍ਰੀਵੈਂਸ਼ਨ ਆਫ਼ ਕਰੂਐਲਿਟੀ ਟੂ ਐਨੀਮਲਜ਼ (ਐੱਸ ਪੀ ਸੀ ਏ) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਰਾਤ ਸਮੇਂ ਵਧੇਰੇ ਚੌਕਸੀ ਵਰਤਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਸੜਕਾਂ 'ਤੇ ਪਸ਼ੂਆਂ ਨੂੰ ਬੇਸਹਾਰਾ ਛੱਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਜੇਕਰ ਕੋਈ ਅਜਿਹਾ ਮਾਮਲਾ ਸਾਹਮਣੇ



ਆਉਂਦਾ ਹੈ ਤਾਂ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਪਸ਼ੂਆਂ ਨੂੰ ਸੜਕਾਂ 'ਤੇ ਬੇਸਹਾਰਾ ਛੱਡਣ ਦੀ ਬਜਾਏ ਪ੍ਰਸ਼ਾਸਨ ਵੱਲੋਂ ਚਲਾਈਆਂ ਜਾ ਰਹੀਆਂ ਗਊਸ਼ਾਲਾਵਾਂ ਵਿੱਚ ਭੇਜਿਆ ਜਾਵੇ। ਡਾ. ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਹੀਨਾ ਅਪ੍ਰੈਲ ਤੋਂ ਹੁਣ ਤੱਕ ਸ਼ਹਿਰ 'ਚੋਂ 340 ਬੇਸਹਾਰਾ ਪਸ਼ੂ ਗਊਸ਼ਲਾਵਾਂ ਵਿੱਚ ਭੇਜੇ ਗਏ ਹਨ। ਪਿਛਲੇ ਦੋ ਮਹੀਨਿਆਂ ਵਿੱਚ ਸ਼ਹਿਰ ਵਿੱਚੋਂ 71 ਬੇਸਹਾਰਾ ਪਸ਼ੂ ਗਊਸ਼ਲਾਵਾਂ ਵਿੱਚ ਤਬਦੀਲ ਕੀਤੇ ਗਏ ਹਨ। ਇਸ ਤੋਂ ਇਲਾਵਾ ਨਗਰ ਕੌਂਸਲਾਂ ਅਧੀਨ ਪੈਂਦੇ ਇਲਾਕਿਆਂ ਵਿੱਚੋਂ ਪਿਛਲੇ ਕੁਝ ਸਮੇਂ ਦੌਰਾਨ 48 ਬੇਸਹਾਰਾ ਪਸ਼ੂ ਗਊਸ਼ਲਾਵਾਂ ਵਿੱਚ ਪਹੁੰਚਾਏ ਗਏ ਹਨ, ਜਿਸ ਨਾਲ ਯਾਤਰੀਆਂ ਤੇ ਪਸ਼ੂਆਂ ਦੋਵਾਂ ਦੀ ਸੁਰੱਖਿਆ ਯਕੀਨੀ ਬਣੀ ਹੈ, ਖਾਸ ਕਰ ਪੈ ਰਹੀ ਧੁੰਦ ਦੇ ਮੌਸਮ ਦੌਰਾਨ।

## ਉਂਕਾਰ ਟਰੈਵਲ ਨੇ ਲਗਾਇਆ ਦੁੱਧ ਦਾ ਲੰਗਰ



**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ ਪਠਾਨਕੋਟ ਜੀ ਟੀ ਰੋਡ ਤੇ ਸਥਿਤ ਉਂਕਾਰ ਟਰੈਵਲ ਵੱਲੋਂ ਜੀ ਟੀ ਰੋਡ ਤੇ ਛੋਟੇ ਸਾਹਿਬਜਾਦਿਆ ਦੀ ਸ਼ਹਾਦਤ ਦੀ ਯਾਦ ਵਿੱਚ ਵਿਸ਼ੇਸ਼ ਤੌਰ 'ਤੇ ਦੁੱਧ ਲੰਗਰ ਲਾਇਆ। ਇਸ ਮੌਕੇ ਤੇ ਨਿਹੰਗ ਹੀਰਾਂ ਸਿੰਘ ਬਾਜਵਾ, ਉਂਕਾਰ ਸਿੰਘ, ਜਸਪਾਲ ਸਿੰਘ, ਕਾਕਾ ਜਿੰਦਲ, ਸਾਬੀ ਰਾਣਾ ਸਮੇਤ ਹੋਰ ਬੁਹਤ ਸਾਰੇ ਦੁਕਾਨਦਾਰਾਂ ਨੇ ਵੀ ਦੁੱਧ ਦੀ ਸੇਵਾ ਕਰਨ ਦੀ ਡਿਊਟੀ ਨਿਭਾਈ।

## ਰਾਓ ਨਰਬੀਰ ਸਿੰਘ ਨੇ ਵੱਖ-ਵੱਖ ਵਿਕਾਸ ਕੰਮਾਂ ਦਾ ਰੱਖਿਆ ਨੀਂਹ ਪੱਥਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਉਦਯੋਗ ਅਤੇ ਵਪਾਰ, ਜੰਗਲਾਤ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਨਗਰ ਨਿਗਮ ਗੁਰੂਗ੍ਰਾਮ ਵੱਲੋਂ ਮਾਡਲ ਟਾਊਨ ਖੇਤਰ ਵਿੱਚ ਕਰਾਏ ਜਾ ਰਹੇ ਵੱਖ-ਵੱਖ ਵਿਕਾਸ ਕੰਮਾਂ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ ਕਿਹਾ ਕਿ ਖੇਤਰ ਵਿੱਚ ਪ੍ਰਸਤਾਵਿਤ ਸਾਰੇ ਵਿਕਾਸ ਕੰਮਾਂ ਨੂੰ ਪੜਾਅਵਾਰ ਅਤੇ ਸਮੇਂਬੱਧ ਢੰਗ ਨਾਲ ਪੂਰਾ ਕੀਤਾ ਜਾਵੇਗਾ। ਸਰਕਾਰ ਇਸ ਦਿਸ਼ਾ ਵਿੱਚ ਪੂਰੀ ਗੰਭੀਰਤਾ ਅਤੇ ਪ੍ਰਤੀਬੱਧਤਾ ਦੇ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਨੇ ਭਰੋਸਾ ਦਿੱਤਾ ਕਿ ਨਾਗਰਿਕਾਂ ਵੱਲੋਂ ਬਣਾਏ ਗਏ ਸਾਰੇ ਜ਼ਰੂਰੀ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਜਲਦੀ ਤੋਂ ਜਲਦੀ ਪੂਰਾ ਕਰਾਇਆ ਜਾਵੇਗਾ। ਖੇਤਰ ਵਿੱਚ ਮੁੱਢਲੀ ਸਹੂਲਤਾਂ ਨੂੰ ਮਜਬੂਤ ਕਰਨ ਲਈ ਲਗਾਤਾਰ ਵਿਕਾਸ ਕੰਮ ਕੀਤੇ ਜਾ ਰਹੇ ਹਨ।

## ਦੁੱਧ ਦਾ ਲੰਗਰ ਲਗਾਇਆ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਵ: ਸ. ਕੇਹਰ ਸਿੰਘ ਜੱਸ ਦੇ ਪਰਵਾਰ ਵੱਲੋਂ ਗੁਰਸਾਹਿਬ ਜਨਰਲ ਸਟੋਰ ਅਨੂਪ ਨਗਰ (ਬਸਤੀ ਦਾਨਿਸ਼ਮੰਦ ਜਲੰਧਰ) ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਰਧਾ ਭਾਵਨਾ ਨਾਲ



ਦੁੱਧ ਦਾ ਲੰਗਰ ਲਗਾਇਆ ਗਿਆ। ਜਿਸ ਵਿਚ ਹੋਰ ਵੀ ਸ਼ਰਧਾਲੂਆਂ ਨੇ ਸਹਿਯੋਗ ਦਿੱਤਾ ਅਤੇ ਸ਼ਹੀਦੀ ਦਿਹਾੜਿਆਂ ਬਾਰੇ ਗੱਲ ਕਰਦਿਆਂ ਤਰਸੇਮ ਸਿੰਘ ਜੱਸ ਨੇ ਕਿਹਾ ਕਿ ਗੁਰੂ ਸਾਹਿਬ ਦੇ ਬੱਚਿਆਂ ਤੇ ਮਾਤਾ ਜੀ ਦੀ ਸ਼ਹਾਦਤ ਸਾਨੂੰ ਇਸ ਗੱਲ ਦੀ ਪ੍ਰੇਰਨਾ ਦਿੰਦੀ ਹੈ ਕਿ ਧਰਮ ਦੇ ਮਾਰਗ 'ਤੇ ਚਲਦਿਆਂ ਆਪਾ ਵਾਰਨ ਦੀ ਕੋਈ ਉਮਰ ਨਹੀਂ ਹੁੰਦੀ ਅਤੇ ਆਪਣੇ ਧਰਮ ਅਤੇ ਇਮਾਨ 'ਤੇ ਪ੍ਰਪੱਕ ਰਹਿਣ ਵਾਲੇ ਕਿਸੇ ਦੀ ਈਨ ਨਹੀਂ ਮੰਨਦੇ।ਸ਼ਰਧਾਲੂਆਂ ਨੇ ਸੰਗਤਾਂ ਨੂੰ ਰੋਕ ਰੋਕ ਕੇ ਦੁੱਧ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਤਰਸੇਮ ਸਿੰਘ ਜੱਸ, ਹਰਪ੍ਰੀਤ ਸਿੰਘ ਜੱਸ, ਗੁਰਪ੍ਰੀਤ ਸਿੰਘ ਜੱਸ, ਗੁਰਪ੍ਰਤਾਪ ਸਿੰਘ ਜੱਸ, ਕੁਲਵਿੰਦਰ ਸਿੰਘ ਜੱਸ,ਕਪਿਲ ਅਰੋੜਾ, ਜਤਿੰਦਰ ਸਿੰਘ ਧਾਲੀਵਾਲ, ਦਇਆ ਸਿੰਘ ਢਿੱਲੋਂ, ਲਖਵਿੰਦਰ ਸਿੰਘ ਆਧੀ, ਗੁਰਵਿੰਦਰ ਸਿੰਘ ਧਾਲੀਵਾਲ, ਜਸਬੀਰ ਕੌਰ, ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਸਤਵੰਤ ਕੌਰ, ਗੁਰਮੀਤ ਕੌਰ ਅਤੇ ਹੋਰ ਬਹੁਤ ਸਾਰੇ ਸ਼ਰਧਾਲੂਆਂ ਹਾਜ਼ਰ ਸਨ।

## ਬੀਬੀ ਮਲਕੀਤ ਕੌਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਇੱਥੋਂ ਨਜ਼ਦੀਕ ਪਿੰਡ ਪੱਬਵਾਂ ਵਿਖੇ ਸ਼ਹੀਦ ਸਿੰਘਾਂ ਦੇ ਗੁਰਦਵਾਰਾ ਸਾਹਿਬ ਵਿਖੇ, ਬੀਬੀ ਮਲਕੀਤ ਕੌਰ ਦੀ ਅੰਤਮ ਅਰਦਾਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਾਥੀ ਸੰਤੋਖ ਸਿੰਘ ਸੰਧੂ ਅਤੇ ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਾਮਰੇਡ ਹੰਸ ਰਾਜ ਪੱਬਵਾਂ ਨੇ ਬੀਬੀ ਜੀ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ। ਆਗੂਆਂ ਨੇ ਕਿਹਾ ਕਿ ਬੀਬੀ ਮਲਕੀਅਤ ਕੌਰ, ਕਿਰਤੀ ਕਿਸਾਨ ਯੂਨੀਅਨ ਦੇ ਪਿੰਡ ਪੱਬਵਾਂ ਦੇ ਪ੍ਰਧਾਨ ਸੋਮਪਾਲ ਸਿੰਘ ਦੀ ਮਾਤਾ ਜੀ ਸਨ।ਪਰਵਾਰ ਸ਼ੁਰੂ ਤੋਂ ਹੀ ਕਮਿਊਨਿਸਟ ਵਿਚਾਰਧਾਰਾ ਦੇ ਹਾਮੀ ਰਿਹਾ ਹੈ।ਸੋਮਪਾਲ ਸਿੰਘ ਦੇ ਪਿਤਾ ਕਾਮਰੇਡ ਰੇਸ਼ਮ ਸਿੰਘ ਹੋਠੀ ਮੋਢੀ ਕਾਮਰੇਡਾਂ ਵਿੱਚੋਂ ਸਨ।ਬੀਬੀ ਜੀ ਦੋ ਵਾਰ ਪਿੰਡ ਪੱਬਵਾਂ ਦੇ ਪੰਚਾਇਤ ਮੈਂਬਰ ਵੀ ਰਹਿ ਚੁੱਕੇ ਹਨ।ਸੋਮਪਾਲ ਸਿੰਘ ਅਤੇ ਉਨ੍ਹਾ ਦੀ ਧਰਮ ਪਤਨੀ ਬੀਬੀ ਬਲਜੀਤ ਕੌਰ ਦੋਨੋਂ ਹੀ ਪੰਚਾਇਤ ਮੈਂਬਰ ਹਨ। ਬਲਰਾਜ



ਸਿੰਘ ਨੰਬਰਦਾਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਕਰਨੈਲ ਸਿੰਘ, ਸੋਮਪਾਲ ਸਿੰਘ, ਅਜਮੇਰ ਸਿੰਘ, ਇਕਬਾਲ ਸਿੰਘ, ਵੱਲੋਂ ਸਾਰੇ ਸੱਜਣ ਮਿੱਤਰ, ਰਿਸ਼ਤੇਦਾਰ, ਸਾਕ ਸਬੰਧੀਆਂ ਦਾ ਧੰਨਵਾਦ ਵੀ ਕੀਤਾ ਗਿਆ।

## ਸਿੱਖਿਆ ਕ੍ਰਾਂਤੀ ਸਦਕਾ ਪੰਜਾਬ ਦੇ ਵਿਦਿਆਰਥੀਆਂ ਨੇ ਕੌਮੀ ਪੱਧਰ 'ਤੇ ਮਾਰੀਆਂ ਮੱਲਾਂ

**ਚੰਡੀਗੜ੍ਹ, (ਗੁਰਜੀਤ ਬਿੱਲਾ)** -ਪੰਜਾਬ ਸਰਕਾਰ ਵੱਲੋਂ ਸਾਲ 2025 ਵਿੱਚ ਕੀਤੀਆਂ ਅਹਿਮ ਪਹਿਲਕਦਮੀਆਂ ਸਦਕਾ ਪੰਜਾਬ ਵਿੱਚ ਸਰਕਾਰੀ ਸਕੂਲ ਸਿੱਖਿਆ ਪ੍ਰਣਾਲੀ ਨੂੰ ਨਵਾਂ ਰੂਪ ਮਿਲਿਆ ਹੈ। ਸਿੱਖਿਆ ਪ੍ਰਣਾਲੀ ਦੇ ਇਸ ਨਵੇਂ ਰੂਪ ਨੇ ਠੋਸ, ਸਕਾਰਾਤਮਕ ਤੇ ਪਰਿਵਰਤਨਸ਼ੀਲ ਨਤੀਜੇ ਪ੍ਰਦਾਨ ਕਰਦਿਆਂ ਅਕਾਦਮਿਕ ਉੱਤਮਤਾ ਲਈ ਕੌਮੀ ਪੱਧਰ ਉੱਤੇ ਨਵੇਂ ਮਾਪਦੰਡ ਕਾਇਮ ਕੀਤੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਜਿਹੇ ਕਲਾਸਰੂਮ ਸਿਰਜੇ ਜਾ ਰਹੇ ਹਨ ਜਿੱਥੇ ਆਤਮਵਿਸ਼ਵਾਸ ਤੇ ਨਵੀਨਤਾ ਰਾਹੀਂ ਸੂਬੇ ਦੇ ਨੌਜਵਾਨਾਂ ਦੇ ਭਵਿੱਖ ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ। ਸਕੂਲ ਸਿੱਖਿਆ ਵਿਭਾਗ ਦੀਆਂ ਇਸ ਸਾਲ ਦੀ ਮਹੱਤਵਪੂਰਨ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਸ ਬਦਲਾਅ ਦਾ ਸਭ ਤੋਂ ਵੱਡਾ ਸਬੂਤ ਕੌਮੀ ਪੱਧਰ ਉੱਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ ਤੋਂ ਮਿਲਦਾ ਹੈ ਜਿਨ੍ਹਾਂ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਰਕਾਰੀ ਸਕੂਲਾਂ ਦੇ ਰਿਕਾਰਡ 265 ਵਿਦਿਆਰਥੀਆਂ ਨੇ ਜੇ.ਈ.ਈ. ਮੇਨਜ਼ ਪ੍ਰੀਖਿਆ ਪਾਸ ਕੀਤੀ, 45 ਵਿਦਿਆਰਥੀਆਂ ਨੇ ਜੇ.ਈ.ਈ. ਐਡਵਾਂਸਡ ਪ੍ਰੀਖਿਆ ਅਤੇ 847 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ। ਇਹਨਾਂ ਨਤੀਜਿਆਂ ਤੋਂ ਇਹ ਸਾਬਤ ਹੁੰਦਾ ਹੈ ਕਿ ਹੁਣ ਸਰਕਾਰੀ ਸਕੂਲ ਦੇਸ਼ ਦੇ ਚੋਟੀ ਦੇ ਅਹੁਦਿਆਂ ਨੂੰ ਹਾਸਲ ਕਰਨ ਲਈ ਵਿਦਿਆਰਥੀਆਂ ਨੂੰ ਪ੍ਰਮੁੱਖ ਮੰਚ ਪ੍ਰਦਾਨ ਕਰਦੇ ਹਨ।

## ਸਮਾਜਿਕ ਪੀੜ੍ਹੀ ਦੇ ਸੰਕਲਪ ਤੇ ਸੰਬੰਧ (ਸ਼ਫ਼ਾ 4 ਦਾ ਬਾਕੀ...)

ਆਨਲਾਈਨ ਸੋਰਸ ਤੇ ਸਾਧਨ ਵਰਤਦੀ ਹੈ। ਹੁਣ ਹਰੇਕ ਦੇ ਵੱਖਰੇ-ਵੱਖਰੇ ਗੈਰ-ਰਵਾਇਤੀ ਨਿੱਜੀ ਤਜਰਬੇ ਹਨ। ਉਹਨਾਂ ਦੇ ਕੰਮ ਕਰਨ ਦੇ ਤਰੀਕੇ ਵੀ ਬਦਲ ਗਏ ਹਨ। ਅਜੋਕੀ ਪੀੜ੍ਹੀ ਕੰਮ ਕਰਨ ਦੇ ਫਲੈਕਸੀਬਲ ਮਾਹੌਲ ਵਿੱਚ ਉਤਪਾਦਨ ਕਰਦੀ ਹੈ। ਸੰਚਾਰ ਸਾਧਨਾਂ ਦਾ ਇਸਤੇਮਾਲ ਕਰਦੇ ਹੋਏ ਉਹ ਖਾਸ ਕੇਂਦਰ ਤੋਂ ਦੂਰ ਬੈਠ ਕੇ ਵੀ ਆਪਣਾ ਕੰਮ ਨਿਪਟਾ ਲੈਂਦੇ ਹਨ। ਕੋਰੋਨਾ ਹਾਲਾਤ ਦੇ ਸਮੇਂ ਤੋਂ ਇਹ ਸਿਸਟਮ ਕਾਫੀ ਪ੍ਰਚਲਤ ਹੋ ਗਿਆ ਹੈ।

ਸੰਸਾਰ ਪੱਧਰ ਉੱਤੇ ਨਵੀਂਆਂ ਅਤੇ ਤਾਕਤਵਰ ਕਦਰਾਂ-ਕੀਮਤਾਂ ਸਥਾਪਤ ਕਰਨ ਦੇ ਉਹਨਾਂ ਦੇ ਤਜਰਬੇ ਪੁਰਾਣੀਆਂ ਸਭਨਾਂ ਪੀੜ੍ਹੀਆਂ ਨਾਲੋਂ ਵੱਖਰੇ ਹਨ। ਪੁਰਾਣੀ ਪੀੜ੍ਹੀ ਨਾਲ ਉਹਨਾਂ ਦਾ ਇਸ ਕਰਕੇ ਅੰਤਰ ਬਣ ਜਾਂਦਾ ਹੈ ਕਿ ਪੁਰਾਣੀ ਪੀੜ੍ਹੀ ਦੇ ਲੋਕ ਹਾਲੇ ਵੀ ਫੋਨ ਕਾਲ 'ਤੇ ਜਾਂ ਵੱਧ ਤੋਂ ਵੱਧ ਈਮੇਲ 'ਤੇ ਭਰੋਸਾ ਕਰਦੇ ਹਨ।

ਅੱਜਕੱਲ੍ਹ, ਅਧੁਨਿਕ ਨੌਜਵਾਨਾਂ ਦੀ ਨਵੀਂ ਪੀੜ੍ਹੀ ਸਮਾਜਿਕ ਅਤੇ ਰਾਜਨੀਤਕ ਮੁਹਿੰਮਾਂ ਵਿੱਚ ਸ਼ਾਮਿਲ ਹੋਣ ਲੱਗ ਪਈ ਹੈ। ਉਹ ਰਵਾਇਤੀ ਢੰਗਾਂ ਨਾਲੋਂ ਵੱਖਰੇ ਅਧੁਨਿਕ ਸੰਚਾਰ ਸਾਧਨਾਂ ਦਾ ਵੱਡੇ ਪੱਧਰ 'ਤੇ ਇਸਤੇਮਾਲ ਕਰਦਿਆਂ ਵਿਅਕਤੀਗਤ ਜਾਂ ਲੋਕਲ ਮਾਮਲਿਆਂ ਨੂੰ ਸੋਸ਼ਲ ਮੀਡੀਆ ਰਾਹੀਂ ਸੰਸਾਰ ਭਰ ਨਾਲ ਜੋੜ ਲੈਂਦੀ ਹੈ। ਉਹ ਆਪਣੀ ਗੱਲ ਮਨਵਾਉਣ ਲਈ ਨਵੇਂ ਢੰਗ ਲੱਭ ਰਹੇ ਹਨ।

ਸਮਾਜਿਕ ਮਾਮਲਿਆਂ ਵਿੱਚ ਦਿਲਚਸਪੀ ਤਾਂ ਰੱਖਦੇ ਹਨ, ਪਰ ਪੁਰਾਣੀ ਪੀੜ੍ਹੀ ਦੇ ਪਾਰਟੀ ਲੀਡਰਾਂ ਅਤੇ ਕਾਰਕੁਨਾਂ ਦੇ ਵੇਲਾ ਵਿਹਾ ਚੁੱਕੇ ਤਜਰਬੇ ਅਤੇ ਸੰਬੰਧਾਂ ਨੂੰ ਭਾਂਪਦੇ ਉਹ ਕਿਸੇ ਖਾਸ ਵਿਚਾਰਧਾਰਾ, ਪਾਰਟੀ ਜਾਂ ਲੀਡਰ ਨਾਲ ਘੱਟ ਹੀ ਜੁੜਦੇ ਹਨ, ਪਰ ਉਹ ਗਲਤ ਨੀਤੀਆਂ ਵਿਰੁੱਧ ਵਿਆਪਕ ਏਕਤਾ ਦੇ ਸੰਦੇਸ਼ ਫੈਲਾਉਣ ਅਤੇ ਸਾਂਝੇ ਮੋਰਚੇ ਉਸਾਰਨ ਦੇ ਯੋਗ ਹਨ।

ਵੈਸੇ ਵੀ ਆਉਣ ਵਾਲੀਆਂ ਪੀੜ੍ਹੀਆਂ ਦੀ ਹਾਲਤ ਸਮੁੰਦਰ ਦੀਆਂ ਲਹਿਰਾਂ ਵਾਂਗ ਬਣਦੀ ਜਾ ਰਹੀ ਹੈ। ਸੰਚਾਰ ਇਨਕਲਾਬ ਅਤੇ ਆਧੁਨਿਕ ਆਟੋਮੈਟਿਕ ਸਾਧਨਾਂ ਦੇ ਇਸਤੇਮਾਲ ਕਰਨ ਵਾਲੀਆਂ ਅਜੋਕੀਆਂ ਨੌਜਵਾਨ ਪੀੜ੍ਹੀਆਂ ਦਰਮਿਆਨ ਤਬਦੀਲੀ ਦਾ ਸਮਾਂ ਸੀਮਤ ਹੁੰਦਾ ਜਾ ਰਿਹਾ ਹੈ। ਇਸ ਡਿਜੀਟਲ ਯੁੱਗ ਵਿੱਚ 5-7 ਸਾਲ ਉਮਰ ਦੇ ਅੰਤਰ ਵਾਲੇ ਜਵਾਨ ਹੋ ਰਹੇ ਬੱਚੇ ਆਪਸ ਵਿਚ ਮੇਲ ਨਹੀ ਖਾਂਦੇ।

ਟੈਕਨੋਲੋਜੀ ਏਨੀ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ ਕਿ ਭਾਵੇਂ ਅਸੀਂ ਆਪਣੇ ਵਿਚਾਰਾਂ ਵਿੱਚ ਕਿੰਨੇ ਹੀ ਦਕਿਆਨੂਸ ਜਾਂ ਪਛੜੇ ਹੋਈਏ, ਪ੍ਰੰਤੂ ਨਵੀਆਂ ਤਕਨੀਕਾਂ ਸਾਰੇ ਸੰਸਾਰ ਦੇ ਅੰਦਰ ਬਿਜਲੀ ਦੀ ਤੇਜ਼ੀ ਨਾਲ ਫੈਲ ਰਹੀਆਂ ਹਨ ਅਤੇ ਨਵੇਂ ਸਮਾਜ ਦੀ ਸਿਰਜਣਾ ਕਰਨ ਜਾਂ ਭਿਆਨਕ ਤਬਾਹੀ ਲਈ ਵੱਡਾ ਆਧਾਰ ਪ੍ਰਦਾਨ ਕਰ ਰਹੀਆਂ ਹਨ।

ਇਨਸਾਨੀ ਸਮਾਜ ਦੀ ਬੁੱਧੀਮਤਾ ਪੀੜ੍ਹੀਆਂ ਦੇ ਸੰਬੰਧਾਂ ਅੰਦਰਲੇ ਤਣਾਓ ਅਤੇ ਵਿਰੋਧ ਨੂੰ ਘੱਟ ਕਰਨ, ਸੋਚ, ਸਥਾਨ ਤੇ ਸਥਾਪਤੀ ਬਦਲਣ ਵਿੱਚ ਹੀ ਹੈ।

**#ਸੰਪਰਕ : 98142-73870**

## ਪੇਂਟਰ ਯੂਨੀਅਨ ਨੇ ਦੁੱਧ ਦਾ ਲੰਗਰ ਲਗਾਇਆ



ਮਾਨਸਾ (ਆਤਮਾ ਸਿੰਘ ਪਮਾਰ)-ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਸੀ ਪੀ ਆਈ ਦਫ਼ਤਰ ਮੂਹਰੇ ਫਰੈਂਡਜ਼ ਆਰਟ ਪੇਂਟਰ ਗਰੁੱਪ ਪੰਜਾਬੀ ਪੇਂਟਰ ਯੂਨੀਅਨ ਸਬੰਧਤ ਏਟਕ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਜਥੇਬੰਦੀ ਦੇ ਪ੍ਰਧਾਨ ਪਵਨ ਕੁਮਾਰ ਦੀ ਅਗਵਾਈ ਹੇਠ ਦੁੱਧ ਦੀ ਲੰਗਰ ਲਗਾਇਆ ਗਿਆ।ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ, ਏਟਕ ਆਗੂ ਬੂਟਾ ਸਿੰਘ ਬਰਨਾਲਾ, ਯੂਨੀਅਨ ਦੇ ਸੀਨੀਅਰ ਆਗੂ, ਜੀਤ ਰਾਮ, ਅਜੈਬ ਸਿੰਘ ਤੇ ਮੁਲਾਜ਼ਮ ਆਗੂ ਮੱਖਣ ਮਾਨਸਾ ਨੇ ਕਿਹਾ ਕਿ ਗੁਰੂਆਂ ਦੀ ਧਰਮ 'ਤੇ ਕੌਮ ਲਈ ਕੀਤੀ ਕੁਰਬਾਨੀ ਤੇ ਪਰਿਵਾਰ ਤੱਕ ਵਾਰਨ ਦਾ ਇਤਿਹਾਸ ਸਾਡੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਹੈ।ਆਗੂਆਂ ਨੇ ਦੱਸਿਆ ਕਿ ਇਤਿਹਾਸਕ, ਪ੍ਰਾਪਤੀਆਂ ਤੇ ਕੁਰਬਾਨੀਆਂ ਸਾਡੇ ਲਈ ਹਮੇਸ਼ਾ ਭਾਈ ਚਾਰਕ ਸਾਂਝ ਤੇ ਏਕਤਾ ਦਾ ਪ੍ਰਤੀਕ ਹਨ, ਇਸ ਲਈ ਸਾਨੂੰ ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਣਾ ਸਮੇਂ ਦੀ ਲੋੜ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਸਿੰਘ, ਸੁਨੀਲ ਸੋਨੂ, ਅਵਤਾਰ ਸਿੰਘ, ਕਾਲਾ, ਜੀਤ ਤੇ ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

## ਸਰਾਂ ਇੰਮੀਗਰੇਸ਼ਨ ਨੇ ਪ੍ਰਸ਼ਾਦੇ ਤੇ ਚਾਹ ਦਾ ਲੰਗਰ ਲਗਾਇਆ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਸਥਾਨਕ ਬਰਨਾਲਾ ਰੋਡ 'ਤੇ ਸਥਿਤ ਸਰਾਂ ਇੰਮੀਗਰੇਸ਼ਨ ਦੇ ਪ੍ਰਬੰਧਕ ਹਰਸਿਮਰਨਜੀਤ ਸਿੰਘ ਸਰਾਂ ਦੀ ਅਗਵਾਈ ਹੇਠ ਮੰਡੀ ਨਿਹਾਲ ਸਿੰਘ ਵਾਲਾ ਵਿਖੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜ਼ਰ ਕੌਰ ਦੀ ਲਸਾਨੀ ਸ਼ਹਾਦਤ ਨੂੰ ਸਮਰਪਤ ਪ੍ਰਸ਼ਾਦੇ ਤੇ ਚਾਹ ਦਾ ਲੰਗਰ ਲਗਾਇਆ ਗਿਆ।ਇਸ ਲੰਗਰ ਦੀ ਸ਼ੁਰੂਆਤ ਅਦਰਾਸ ਬੇਨਤੀ ਉਪਰੰਤ ਕੀਤੀ ਗਈ।ਇਸ ਮੌਕੇ ਸਰਾਂ ਇੰਮੀਗਰੇਸ਼ਨ ਦੇ ਮੁੱਖ ਪ੍ਰਬੰਧਕ ਹਰਸਿਮਰਨਜੀਤ ਸਿੰਘ ਸਰਾਂ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼, ਕੌਮ ਤੇ ਮਨੁੱਖਤਾ ਦੀ ਭਲਾਈ ਲਈ ਆਪਣਾ ਸਾਰਾ ਸਰਬੰਸ ਕੁਰਬਾਨ ਕਰਕੇ ਦੁਨੀਆ ਅੰਦਰ ਵੱਖਰੀ ਮਿਸਾਲ ਪੈਦਾ ਕੀਤੀ ਹੈ, ਜਿਸ ਦੀ ਬਦਲੌਤ ਅੱਜ ਸਮੁੱਚਾ ਦੇਸ਼ ਗੁਰੂ ਸਾਹਿਬ ਜੀ ਦੀਆਂ ਕੁਰਬਾਨੀਆਂ ਦਾ ਹਮੇਸ਼ਾ ਰਿਣੀ ਰਹੇਗਾ।ਇਸ ਮੌਕੇ ਮੁਨਸ਼ੀ ਜਸਪਾਲ ਸਿੰਘ, ਹੌਲਦਾਰ ਸੰਦੀਪ ਸਿੰਘ, ਗੁਰਮੇਲ ਸਿੰਘ ਬਾਬਾ ਸਟੋਰ ਵਾਲੇ, ਗੁਰਮੀਤ ਸਿੰਘ ਦੀਨਾ, ਗੁਰਵਿੰਦਰ ਸਿੰਘ ਫੌਜੀ, ਅਮਨਦੀਪ ਕੁਮਾਰ ਗਰਗ, ਜਗਸੀਰ ਸਿੰਘ ਮੱਲ੍ਹੇ ਤਖ਼ਤੂਪੁਰਾ, ਜਸਪਾਲ ਸਿੰਘ, ਜਗਵੀਰ ਅਜ਼ਾਦ, ਬੱਬੂ ਸੇਖਾ ਕੌਂਕੇ, ਸੋਨੂੰ ਕਰਿਆਨੇ ਵਾਲੇ, ਪ੍ਰਧਾਨ ਜਸਵੰਤ ਸਿੰਘ, ਮਿਸਤਰੀ ਕੁਲਵਿੰਦਰ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਯੂਨੀਵਰਸਿਟੀ ਕਾਲਜ ਘਨੌਰ ਦੇ ਵਿਦਿਆਰਥੀ ਮੈਗਜ਼ੀਨ 'ਵੀਚਾਰ' ਦਾ ਤੀਜਾ ਅੰਕ ਰਿਲੀਜ਼



ਪਟਿਆਲਾ (ਰਾਜਿੰਦਰ ਸਿੰਘ ਥਿੰਦ)-'ਸਿਰਜਣਾਤਮਕ ਰੁਚੀਆਂ ਦਾ ਵਿਕਾਸ ਕਰਨ ਪੱਖੋਂ ਵਿਦਿਆਰਥੀ ਮੈਗਜ਼ੀਨ ਦਾ ਪ੍ਰਕਾਸ਼ਨ ਇੱਕ ਅਹਿਮ ਕਦਮ ਹੈ।' ਇਹ ਵਿਚਾਰ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਯੂਨੀਵਰਸਿਟੀ ਕਾਲਜ ਘਨੌਰ ਦੇ ਵਿਦਿਆਰਥੀ ਮੈਗਜ਼ੀਨ 'ਵੀਚਾਰ' ਦਾ ਤੀਜਾ ਅੰਕ ਰਿਲੀਜ਼ ਕਰਨ ਸਮੇਂ ਪ੍ਰਗਟਾਏ ਗਏ।ਉਨ੍ਹਾਂ ਕਾਲਜ ਨੂੰ ਇਸ ਕਾਰਜ ਲਈ ਵਧਾਈ ਦਿੰਦਿਆਂ ਕਿਹਾ ਕਿ ਬਦਲਦੇ ਸਮੇਂ ਨਾਲ਼ ਸਾਨੂੰ ਇਸ ਤਰ੍ਹਾਂ ਦੇ ਵੱਖ-ਵੱਖ ਯਤਨ ਕਰਦੇ ਰਹਿਣਾ ਚਾਹੀਦਾ ਹੈ, ਜਿਸ ਨਾਲ਼ ਵਿਦਿਆਰਥੀਆਂ ਦਾ ਬੌਧਿਕ ਵਿਕਾਸ ਹੋਵੇ।ਇਸ ਮੌਕੇ ਵਿਦਿਆਰਥੀ ਭਲਾਈ/ਕਾਂਸਟੀਚੂਐਂਟ ਕਾਲਜ ਡਾ. ਅਮਰਿੰਦਰ ਸਿੰਘ, ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਬਰਾੜ, ਰਜਿਸਟਰਾਰ ਡਾ. ਦਵਿੰਦਰ ਪਾਲ ਸਿੰਘ, ਡੀਨ ਕਾਲਜ ਵਿਕਾਸ ਕੌਂਸਲ ਡਾ. ਬਲਰਾਜ ਸਿੰਘ ਆਦਿ ਮੌਜੂਦ ਸਨ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਲਖਵੀਰ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਹੈ ਕਿ ਵਿਦਿਆਰਥੀ ਸਿਰਫ਼ ਸਿਲੇਬਸ ਗਿਆਨ ਤੱਕ ਸੀਮਤ ਨਾ ਰਹਿਣ, ਸਗੋਂ ਇਕ ਵਿਵੇਕਸ਼ੀਲ ਤੇ ਸੁਚਾਰਨ ਨਾਗਰਿਕ ਬਣਨ।ਇਸ ਲਈ ਵਿਦਿਆਰਥੀਆਂ ਦਾ ਪੁਸਤਕਾਂ ਤੇ ਸਿਰਜਣਾ ਨਾਲ ਜੁੜਨਾ ਜ਼ਰੂਰੀ ਹੈ। ਮੈਗਜ਼ੀਨ ਦੇ ਮੁੱਖ ਸੰਪਾਦਕ ਡਾ. ਰਵਿੰਦਰ ਸਿੰਘ ਘੁੰਮਣ ਨੇ ਦੱਸਿਆ ਕਿ ਮੈਗਜ਼ੀਨ ਦੀ ਪ੍ਰਕਾਸ਼ਨਾ ਦਾ ਕੰਮ ਪੂਰੇ ਇੱਕ ਸੈਸ਼ਨ ਦਾ ਹੈ, ਜਿਸ ਅਨੁਸਾਰ ਵਿਦਿਆਰਥੀਆਂ ਦੀਆਂ ਰਚਨਾਵਾਂ ਨੂੰ ਵੱਡਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਅਜੋਕੇ ਸਮੇਂ ਨੌਜਵਾਨ ਪਾਪੂਲਰ ਮੀਡੀਆ ਤੇ ਬਾਜ਼ਾਰ ਦੇ ਅਸਰ ਹੇਠ ਹਨ ਉਨ੍ਹਾਂ ਤੋਂ ਆਪਣੀ ਮੌਲਿਕ ਸਮਝ ਤੇ ਸੰਵੇਦਨਾ ਖੁੱਸ ਰਹੀ ਹੈ।ਇਸ ਲਈ ਸਮਾਜ ਦੇ ਨੌਜਵਾਨਾਂ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਗਿਆਨ ਤੇ ਮੌਲਿਕ ਸਮਝ ਨਾਲ ਜੋੜਨ ਦੀ ਲੋੜ ਹੈ।

## ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਸਮਰਪਤ ਚਾਹ ਦਾ ਲੰਗਰ ਲਗਾਇਆ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਤਹਿਸੀਲ ਕੰਪਲੈਕਸ ਸਮਾਣਾ ਵਿਖੇ ਕੰਮ ਕਰਨ ਵਾਲੇ ਵਕੀਲ ਸਾਹਿਬਾਨਾਂ, ਟਾਈਪਿਸਟਾਂ, ਅਰਜ਼ੀ ਨਵੀਸਾਂ, ਵਸੀਕਾ ਨਵੀਸਾਂ, ਅਸ਼ਟਾਮ ਫਰੋਸ਼ਾਂ ਵੱਲੋਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਤ ਚਾਹ ਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਤਹਿਸੀਲ ਕੰਪਲੈਕਸ ਵਿੱਚ ਕੰਮ ਕਰਨ ਵਾਲਿਆਂ ਦੇ ਪ੍ਰਧਾਨ ਵਰਿੰਦਰ ਕੁਮਾਰ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰ ਕੌਰ ਜੀ ਦੀ ਅਦੁੱਤੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਚਾਹ ਤੇ ਬਿਸਕੁਟਾਂ ਦਾ ਲੰਗਰ ਲਗਾ ਰਹੇ ਹਨ ਅਤੇ ਇਹ ਲੰਗਰ ਹਰ ਸਾਲ ਇਨ੍ਹਾਂ ਦਿਨਾਂ ਵਿੱਚ ਲਗਦਾ ਰਹੇਗਾ।ਉਨ੍ਹਾਂ ਕਿਹਾ ਕਿ ਜ਼ਬਰ ਤੇ ਜ਼ੁਲਮ ਖਿਲਾਫ਼ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ, ਮਾਤਾ ਗੁਜਰ ਕੌਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵੱਲੋਂ ਦਿੱਤੀਆਂ ਲਾਸਾਨੀ ਸ਼ਹਾਦਤਾਂ ਕਾਰਨ ਹੀ ਸਾਡੇ ਦੇਸ਼ ਵਿੱਚ ਹਿੰਦੂ ਤੇ ਸਿੱਖ ਸਿਰ ਉੱਚਾ ਕਰਕੇ ਫ਼ਖਰ ਨਾਲ ਜੀ ਰਹੇ ਹਨ। ਸਾਨੂੰ ਸਾਰਿਆਂ ਹਿੰਦੁਸਤਾਨੀਆਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਤੇ ਹਰ ਵੇਲੇ ਨਤਮਸਤਕ ਹੋਣਾ ਚਾਹੀਦਾ।ਇਸ ਮੌਕੇ ਐਡਵੋਕੇਟ ਸੰਤੋਖ ਸਿੰਘ, ਐਡਵੋਕੇਟ ਰਾਗਵਿੰਦਰ ਗਰਗ, ਐਡਵੋਕੇਟ ਗੁਰਜੀਤ ਕੌਰ ਬੱਲ, ਐਡਵੋਕੇਟ ਸਾਹਿਬ ਸਿੰਘ, ਅਸ਼ਟਾਮ ਫਰੋਸ਼ ਇਕਬਾਲ ਸਿੰਘ ਬੱਲ, ਗੁਰਸੇਵਕ ਸਿੰਘ, ਦਲੀਪ ਕੁਮਾਰ ਪਾਹਵਾ, ਗੁਰਤੇਜ ਸਿੰਘ, ਕ੍ਰਿਸ਼ਨ ਕੁਮਾਰ ਘਈ, ਨੀਰਜ ਕੁਮਾਰ, ਯੁਗਰਾਜ ਸਿੰਘ, ਸੁਭਾਸ਼ ਕੁਮਾਰ, ਇੰਦਰਜੀਤ ਸਿੰਘ ਕਕਰਾਲਾ, ਭਿੰਦਰ ਸਿੰਘ ਨਿਰਮਾਣ, ਸਰਬਜੀਤ ਸਿੰਘ, ਐਡਵੋਕੇਟ ਮੋਹਿਤ ਗਰਗ ਆਦਿ ਨੇ ਵੀ ਸੇਵਾ ਵਿੱਚ ਭਾਗ ਲਿਆ।

## ਸਿਟੀ ਮੀਡੀਆ ਪ੍ਰੈੱਸ ਕਲੱਬ ਨੇ ਸ਼ਹੀਦੀ ਜੋੜ ਮੇਲੇ ਨੂੰ ਸਮਰਪਤ ਲੰਗਰ ਲਗਾਇਆ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਸਥਾਨਕ ਪਟਿਆਲਾ ਰੋਡ 'ਤੇ ਕਚਹਿਰੀ ਦੇ ਸਾਹਮਣੇ ਸਿਟੀ ਮੀਡੀਆ ਪ੍ਰੈੱਸ ਕਲੱਬ ਵੱਲੋਂ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ ਵਿੱਚ ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਪਰੌਂਠਿਆਂ ਤੇ ਚਾਹ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਤਰੁਣ ਬਾਂਸਲ ਨੇ ਕਿਹਾ ਕਿ ਇਸ ਲੰਗਰ ਵਿੱਚ ਸਾਰੇ ਕਲੱਬ ਮੈਂਬਰਾਂ ਵੱਲੋਂ ਇੱਥੇ ਸੇਵਾ ਨਿਭਾਈ ਗਈ ਹੈ ਅਤੇ ਸ਼ਰਧਾਲੂਆਂ ਵੱਲੋਂ ਵੀ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਗਿਆ ਹੈ। ਉਨ੍ਹਾਂ ਦਾ ਕਲੱਬ ਪੱਤਰਕਾਰੀ ਦੇ ਖੇਤਰ ਦੇ ਨਾਲ ਨਾਲ ਸਮਾਜਿਕ ਤੇ ਧਾਰਮਿਕ ਕੰਮ ਵੀ ਕਰ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਹੋਰ ਵੀ ਕਈ ਪ੍ਰੋਜੈਕਟ ਲਗਾਏ ਜਾਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮੈਡਮ ਦਮਨ ਥਿੰਦ ਬਾਜਵਾ ਤੇ ਹਰਮਨ ਦੇਵ ਬਾਜਵਾ ਦੀ ਮਾਤਾ ਸੁਰਿੰਦਰ ਕੌਰ ਜੀਤ ਬਾਜਵਾ, ਕਾਂਗਰਸੀ ਨੇਤਾ ਰਜਿੰਦਰ ਸਿੰਘ ਦੀਪਾ ਰਜਿੰਦਰ ਸਿੰਘ ਰਾਜਾ ਬੀਰ ਕਲਾਂ, ਮਾਰਕੀਟ ਕਮੇਟੀ ਸਕੱਤਰ ਨਰਿੰਦਰ ਪਾਲ ਸ਼ਰਮਾ, ਸਾਬਕਾ ਟਰੱਕ ਯੂਨੀਅਨ ਪ੍ਰਧਾਨ ਕਰਮਿੰਦਰ ਸਿੰਘ ਟੋਨੀ, ਸਾਬਕਾ ਨਗਰ ਕੌਂਸਲਰ ਯਾਦਵਿੰਦਰ ਸਿੰਘ ਨਿਰਮਾਣ, ਪੰਚਾਇਤ ਸੈਕਟਰੀ ਕੁਲਦੀਪ ਸਿੰਘ, ਪ੍ਰੈੱਸ ਕਲੱਬ ਤੋਂ ਕਿਰਪਾਲ ਸਿੰਘ ਸੰਧੇ, ਹਰਚੰਦ ਸਿੰਘ ਭੁੱਲਰ, ਸਰਬਜੀਤ ਧਾਲੀਵਾਲ, ਮੋਹਨ ਸ਼ਰਮਾ, ਯਾਦਵਿੰਦਰ ਸਿੰਘ ਲਾਲੀ, ਹਰਬੰਸ ਮਾਰਡੇ ਤੇ ਹੋਰ ਵੱਖ-ਵੱਖ ਪ੍ਰੈੱਸ ਆਗੂਆਂ ਵੱਲੋਂ ਇਸ ਮੌਕੇ ਹਾਜ਼ਰੀ ਲਗਾਈ ਗਈ।

# ਨਵੀਂ ਵਾਰਡਬੰਦੀ ਨੂੰ ਲੈ ਕੇ ਕਾਂਗਰਸ ਨੇ ਜਤਾਇਆ ਸਖਤ ਰੋਸ



ਮੋਗਾ (ਇਕਬਾਲ ਸਿੰਘ ਖਹਿਰਾ)

ਮੋਗਾ ਸ਼ਹਿਰ ਵਿੱਚ ਪ੍ਰਸਤਾਵਿਤ ਵਾਰਡਬੰਦੀ ਨੂੰ ਲੈ ਕੇ ਕਾਂਗਰਸ ਪਾਰਟੀ ਵੱਲੋਂ ਮੀਟਿੰਗ ਦੌਰਾਨ ਸਖਤ ਰੋਸ ਜਤਾਇਆ ਗਿਆ।ਇਹ ਮੀਟਿੰਗ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਹਰੀ ਸਿੰਘ ਖਾਈ ਦੀ ਪ੍ਰਧਾਨਗੀ ਹੇਠ ਹਲਕਾ ਇੰਚਾਰਜ ਮਾਲਵਿਕਾ ਸੂਦ ਦੇ ਦਫਤਰ ਵਿਖੇ ਹੋਈ, ਜਿਸ ਵਿੱਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਕਾਂਗਰਸ ਪਾਰਟੀ ਦੇ ਕੌਂਸਲਰਾਂ ਤੇ ਸੀਨੀਅਰ ਆਗੂਆਂ ਨੇ ਹਿੱਸਾ ਲਿਆ।ਮੀਟਿੰਗ ਦੌਰਾਨ ਆਗੂਆਂ ਨੇ ਦੋਸ਼ ਲਗਾਇਆ ਕਿ ਮੌਜੂਦਾ ਵਾਰਡਬੰਦੀ ਲੋਕ ਹਿੱਤ ਵਿੱਚ ਨਹੀਂ, ਸਗੋਂ ਕੁਝ ਖਾਸ ਚਹੇਤਿਆਂ ਨੂੰ ਫਾਇਦਾ ਪਹੁੰਚਾਉਣ ਦੀ ਨੀਅਤ ਨਾਲ ਕੀਤੀ ਗਈ ਹੈ।ਹਰੀ ਸਿੰਘ ਖਾਈ ਨੇ ਕਿਹਾ ਕਿ ਮੋਗਾ ਸ਼ਹਿਰ ਦੀ ਜਨਸੰਖਿਆ ਜਾਂ ਹਦੂਦ ਵਿੱਚ ਕੋਈ ਵਾਧਾ ਨਹੀਂ ਹੋਇਆ, ਇਸ ਦੇ ਬਾਵਜੂਦ ਵਾਰਡਬੰਦੀ ਕਰਨਾ ਲੋਕਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰਨ ਦੇ ਬਰਾਬਰ ਹੈ।ਉਨ੍ਹਾਂ ਉਦਾਹਰਣ ਦਿੰਦੇ ਹੋਏ ਕਿਹਾ ਕਿ ਜੇ ਕੋਈ ਨਾਗਰਿਕ 40 ਨੰਬਰ ਵਾਰਡ ਦਾ ਵਸਨੀਕ ਹੈ ਤੇ ਉਸ ਦਾ ਆਧਾਰ ਕਾਰਡ ਤੇ ਹੋਰ ਦਸਤਾਵੇਜ਼ ਉਸੇ ਵਾਰਡ ਦੇ ਹਨ, ਤਾਂ ਉਸ ਨੂੰ ਅਚਾਨਕ 48 ਨੰਬਰ ਵਾਰਡ ਵਿੱਚ ਸ਼ਾਮਲ ਕਰ ਦੇਣਾ ਕਿੰਨਾ ਗਲਤ ਤੇ ਉਲਝਣ ਭਰਿਆ ਕਦਮ ਹੈ।ਉਨ੍ਹਾਂ ਸਵਾਲ ਉਠਾਇਆ ਕਿ ਕੀ ਹਰ ਪੰਜ ਸਾਲ ਬਾਅਦ ਲੋਕਾਂ ਨੂੰ ਇੰਝ ਹੀ ਹਰਾਸ ਕੀਤਾ ਜਾਵੇਗਾ?

ਮੀਟਿੰਗ ਵਿੱਚ ਇਹ ਵੀ ਕਿਹਾ ਗਿਆ ਕਿ ਕੁਝ ਇਲਾਕਿਆਂ ਨੂੰ ਜਾਣ-ਬੁੱਝ ਕੇ ਇਧਰ-ਉਧਰ ਜੋੜ ਕੇ ਸ਼ਹਿਰ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਹੈ, ਜੋ ਪ੍ਰਸ਼ਾਸਨਕ ਤੇ ਵਿਕਾਸਕ ਦ੍ਰਿਸ਼ਟੀਕੋਣ ਤੋਂ ਨੁਕਸਾਨਦਾਇਕ ਹੈ।ਇਸ ਮੌਕੇ ਵਿੱਕੀ ਐੱਮ.ਸੀ. ਨੇ ਵੱਡੇ ਮਾਧਿਅਮ ਰਾਹੀਂ ਮੋਗਾ ਦੇ ਸਵਾ ਲੱਖ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਵਿੱਚ ਵਾਰਡਬੰਦੀ ਦੀ ਅਸਲ ਵਿੱਚ ਕੋਈ ਲੋੜ ਨਹੀਂ ਸੀ।ਉਨ੍ਹਾਂ ਕਿਹਾ ਕਿ ਸ਼ਹਿਰ ਦੀ ਵਿਕਾਸੀ ਜ਼ਿੰਮੇਵਾਰੀ ਮਿਊਂਸਪਲ ਕਾਰਪੋਰੇਸ਼ਨ ਦੀ ਹੁੰਦੀ ਹੈ, ਜਿਸ ਨੂੰ 50 ਕੌਂਸਲਰ ਚਲਾਉਂਦੇ ਹਨ।ਜੇ ਕੌਂਸਲਰ ਹੀ ਗੈਰ-ਜ਼ਿੰਮੇਵਾਰ ਹੋਣ ਤਾਂ ਸ਼ਹਿਰ ਦਾ ਵਿਕਾਸ ਕਿਵੇਂ ਸੰਭਵ ਹੈ?

ਵਿਜੇ ਸਾਥੀ ਨੇ ਕਿਹਾ ਕਿ ਜਦੋਂ ਨਾ ਤਾਂ ਕਾਰਪੋਰੇਸ਼ਨ ਦੀ ਹੱਦ ਵਧੀ ਹੈ ਤੇ ਨਾ ਹੀ ਕਿਸੇ ਵਾਰਡ ਵਿੱਚ ਵੋਟਾਂ ਦੀ ਗਿਣਤੀ ਵਿੱਚ ਅਸਮਾਨਤਾ ਹੈ, ਤਾਂ ਵਾਰਡਬੰਦੀ ਕਰਨ ਦਾ ਕੋਈ ਜਾਇਜ਼ ਕਾਰਨ ਨਹੀਂ ਬਣਦਾ।ਉਨ੍ਹਾਂ ਦੋਸ਼ ਲਗਾਇਆ ਕਿ ਇਹ ਸਾਰੀ ਪ੍ਰਕਿਰਿਆ ਸਿਰਫ ਆਪਣਾ ਬਹੁਮਤ ਬਣਾਈ ਰੱਖਣ ਲਈ ਕੀਤੀ ਗਈ ਹੈ।

ਮੀਟਿੰਗ ਦੇ ਅੰਤ ਵਿੱਚ ਕਾਂਗਰਸ ਆਗੂਆਂ ਨੇ ਇੱਕ ਸੁਰ ਵਿੱਚ ਕਿਹਾ ਕਿ ਇਹ ਵਾਰਡਬੰਦੀ ਲੋਕ ਵਿਰੋਧੀ ਹੈ ਤੇ ਕਾਂਗਰਸ ਪਾਰਟੀ ਇਸ ਦੀ ਸਖ਼ਤ ਨਿੰਦਾ ਕਰਦੀ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਸਹੀ ਫੈਸਲਾ ਲਿਆ ਜਾਵੇ, ਤਾਂ ਜੋ ਮੋਗਾ ਸ਼ਹਿਰ ਦੀ ਸੱਚੀ ਵਿਕਾਸੀ ਯਾਤਰਾ ਸੰਭਵ ਬਣ ਸਕੇ।ਇਸ ਮੌਕੇ ਸਾਬਕਾ ਵਿਧਾਇਕ ਵਿਜੇ ਸਾਥੀ ਜਸਪ੍ਰੀਤ ਵਿੱਕੀ, ਅਮਰਜੀਤ ਅੰਬੀ, ਕੌਂਸਲਰ ਰਾਮ ਕੌਰ, ਕੌਂਸਲਰ ਲਖਬੀਰ ਸਿੰਘ ਲੱਖਾ, ਕੌਂਸਲਰ ਤਰਸੇਮ ਸਿੰਘ, ਕੌਂਸਲਰ ਵਿਜੇ ਖੁਰਾਣਾ, ਕੌਂਸਲਰ ਰੀਮਾ ਸੂਦ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕੌਂਸਲਰ ਹਾਜ਼ਰ ਸਨ।

## ਨਸ਼ੇ ਦੇ ਸੌਦਾਗਰਾਂ ਤੇ ਗੈਂਗਸਟਰਾਂ ਨੂੰ ਭਾਜਪਾ ਸਰਕਾਰ ਹੀ ਨੱਥ ਪਾਵੇਗੀ : ਹਰਪਾਲਪੁਰ



ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)-ਪੰਜਾਬ 'ਚ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਨਿੱਘਰ ਚੁੱਕੀ ਹੈ।ਸਰਕਾਰ ਨਾਂਅ ਦੀ ਕੋਈ ਸ਼ਹਿ ਨਜ਼ਰ ਨਹੀਂ ਆਉਂਦੀ, ਕੁਝ ਸਾਲ ਪਹਿਲਾਂ ਰੀਝਾਂ ਨਾਲ ਬਣਾਈ ਸਰਕਾਰ ਤੋਂ ਪੰਜਾਬੀਆਂ ਦਾ ਮੋਹ ਭੰਗ ਹੋ ਚੁੱਕਾ ਹੈ, ਪਰ ਪੰਜਾਬ ਦੇ ਲੋਕ ਸ਼ਾਂਤੀ ਨਾਲ ਜਿਊਣਾ ਚਾਹੁੰਦੇ ਹਨ, ਸਮੁੱਚੇ ਪੰਜਾਬੀਆਂ ਦੀ ਇਕੋ-ਇਕ ਉਮੀਦ ਬਚੀ ਹੈ, ਭਾਰਤੀ ਜਨਤਾ ਪਾਰਟੀ, ਜੋ ਗੈਂਗਸਟਰਵਾਦ ਤੇ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਉਣ ਦੇ ਸਮਰੱਥ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਪੰਜਾਬ ਦੇ ਸਾਬਕਾ ਚੇਅਰਮੈਨ ਹਰਵਿੰਦਰ ਸਿੰਘ ਹਰਪਾਲਪੁਰ ਨੇ ਪਟਿਆਲਾ ਵਿਖੇ ਗੱਲਬਾਤ ਕਰਦਿਆਂ ਕੀਤਾ।ਹਰਪਾਲਪੁਰ ਨੇ ਕਿਹਾ ਕਿ ਪੰਜਾਬ 'ਚ ਵੀ ਭਾਜਪਾ ਸਰਕਾਰ ਬਣਨ ਤੋਂ ਬਾਅਦ ਨਸ਼ੇ ਦੇ ਸੌਦਾਗਰਾਂ ਤੇ ਗੈਂਗਸਟਰਾਂ ਨੂੰ ਭਾਜਪਾ ਸਰਕਾਰ ਹੀ ਨੱਥ ਪਾਉਣ ਦੇ ਸਮਰੱਥ ਹੈ। ਭਾਜਪਾ ਸਰਕਾਰ ਸਮੱਗਲਰਾਂ ਨੂੰ ਜੇਲ੍ਹਾਂ 'ਚ ਸੁੱਟੇਗੀ ਤੇ ਮਹੱਲ ਵਰਗੇ ਘਰਾਂ ਨੂੰ ਢਾਹੇਗੀ।

# ਨਰੇਗਾ ਕਰਮਚਾਰੀ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਅੱਜ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਇਕਾਈ ਮੋਗਾ ਦੀ ਮੀਟਿੰਗ ਜ਼ਿਲਾ ਪ੍ਰਧਾਨ ਹਰਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਬੁਲਾਈ ਗਈ ਅਤੇ ਇਸ ਸਬੰਧੀ ਏ ਡੀ ਸੀ (ਵਿਕਾਸ) ਨੂੰ ਮੰਗ ਪੱਤਰ ਵੀ ਸੌਂਪਿਆ ਗਿਆ, ਜਿਸ ਵਿੱਚ ਸਮੂਹ ਕਰਮਚਾਰੀ ਹਾਜ਼ਰ ਆਏ। ਪ੍ਰਧਾਨ ਹਰਜਿੰਦਰ ਸਿੰਘ ਨੇ ਦੱਸਿਆ ਕਿ ਜੋ ਪਿਛਲੇ ਸਮੇਂ ਵਿੱਚ ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਬਦਲ ਕੇ ਨਵਾਂ ਕਾਨੂੰਨ ਵਿਕਸਿਤ ਭਾਰਤ ਜੀ ਰਾਮ ਜੀ ਲਿਆਂਦਾ ਗਿਆ ਹੈ, ਉਸ ਵਿੱਚ ਬੇਸ਼ੱਕ 125 ਦਿਨ ਦੇ ਰੁਜ਼ਗਾਰ ਦੀ ਗਰੰਟੀ ਦਿੱਤੀ ਗਈ ਹੈ, ਪ੍ਰੰਤੂ ਨਰੇਗਾ ਕਰਮਚਾਰੀਆਂ ਨੂੰ ਇਸ ਵਿੱਚ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ, ਕਿਉਂਕਿ ਪਿਛਲੇ ਸਮੇਂ ਵਿੱਚ ਜੋ ਮਨਰੇਗਾ ਵਿੱਚ ਸੂਬਾ ਸਰਕਾਰ 10% ਤੇ ਭਾਰਤ ਸਰਕਾਰ ਦੀ ਹਿੱਸੇਦਾਰੀ 90% ਦੀ ਹੁੰਦੀ ਸੀ, ਪ੍ਰੰਤੂ ਨਵੇਂ ਕਾਨੂੰਨ ਵਿੱਚ ਸੂਬਾ ਸਰਕਾਰ ਵੱਲੋਂ 40% ਤੇ ਭਾਰਤ ਸਰਕਾਰ ਵੱਲੋਂ 60% ਸ਼ੇਅਰ ਪਾਇਆ ਜਾਣਾ ਹੈ।ਇਸ ਵਿੱਚ ਲੇਬਰ ਦੇ ਕੰਮ ਬੰਦ ਹਨ, ਸਿਰਫ ਪੱਕੇ ਕੰਮ ਕਰਵਾਏ ਜਾਣੇ ਹਨ, ਜਿਸ ਨਾਲ ਗਰੀਬ ਪਰਿਵਾਰ ਨਾਲ ਵੀ ਬੇਇਨਸਾਫੀ ਹੈ।ਪਿੰਡਾਂ ਦੀਆਂ ਪੰਚਾਇਤਾਂ ਇਸ ਤਹਿਤ ਉਧਾਰ ਕਿੰਨਾ ਕੁ ਕੰਮ ਕਰਵਾ ਸਕਦੇ ਹਨ।ਇਸ ਲਈ ਨਰੇਗਾ ਕਰਮਚਾਰੀਆਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਸਾਰੇ ਪੰਜਾਬ ਵਿੱਚ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ 29 ਦਸੰਬਰ ਨੂੰ ਨਵੇਂ ਐਕਟ ਜੀ ਰਾਮ ਜੀ ਦੀਆਂ ਕਾਪੀਆਂ ਜਲਾ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਸਾਨੂੰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਖਾਲੀ ਪਈਆਂ ਅਸਾਮੀਆਂ 'ਤੇ ਮਰਜ ਕਰਕੇ ਰੈਗੂਲਰ ਕੀਤਾ ਜਾਵੇ, ਕਿਉਂਕਿ ਨਰੇਗਾ ਕਰਮਚਾਰੀ ਤਕਰੀਬਨ ਪਿਛਲੇ 15/16 ਸਾਲਾਂ ਤੋਂ ਮਨਰੇਗਾ ਅਧੀਨ ਲਗਾਤਾਰ ਪਿੰਡਾਂ ਦੇ ਵਿਕਾਸ ਲਈ ਕੰਮ ਕਰ ਰਹੇ ਹਨ।ਇੰਨੇ ਸਾਲ ਕੰਮ ਕਰਨ ਤੋਂ ਬਾਅਦ ਨਰੇਗਾ ਕਰਮਚਾਰੀ ਕਿੱਥੇ ਜਾਣਗੇ? ਇਹ ਚਿੰਤਾ ਦਾ ਵਿਸ਼ਾ ਹੈ।ਇਸ ਮੌਕੇ ਹਾਜ਼ਰ ਕਰਮਚਾਰੀ ਮੀਤ ਪ੍ਰਧਾਨ ਲਖਵੀਰ ਸਿੰਘ ਰੋਡੇ, ਜਸਬੀਰ ਸਿੰਘ ਆਦਿ ਹਾਜ਼ਰ ਸਨ।

# ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ




ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਇਕੱਤਰਤਾ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਸਰਕਾਰੀ, ਅਰਧ ਸਰਕਾਰੀ, ਜੁਡੀਸ਼ਰੀ ਤੇ ਬੈਂਕਾਂ ਵਿੱਚੋਂ ਸੇਵਾ ਮੁਕਤ ਹੋਏ ਅਧਿਕਾਰੀ ਤੇ ਕਰਮਚਾਰੀਆਂ ਨੇ ਸ਼ਮੂਲੀਅਤ ਕੀਤੀ।ਪ੍ਰਧਾਨਗੀ ਮੰਡਲ ਵਿੱਚ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਸੀਨੀਅਰ ਮੀਤ ਪ੍ਰਧਾਨ ਓ. ਪੀ. ਖਿੱਪਲ, ਕਰਨੈਲ ਸਿੰਘ ਸੇਖੋਂ, ਮੁੱਖ ਸਲਾਹਕਾਰ ਆਰ. ਐੱਲ. ਪਾਂਧੀ, ਬਾਪੂ ਰਾਮ ਸਰੂਪ ਅਲੀਸ਼ੇਰ, ਨੈਸ਼ਨਲ ਅਵਾਰਡੀ ਸਤਦੇਵ ਸ਼ਰਮਾ, ਜਨਰਲ ਸਕੱਤਰ ਕੰਵਲਜੀਤ ਸਿੰਘ, ਵਿੱਤ ਸਕੱਤਰ ਸੁਰਿੰਦਰ ਸਿੰਘ ਸੋਢੀ, ਸਕੱਤਰ ਜਨਰਲ ਮੀਤ ਪ੍ਰਧਾਨ ਰਜਿੰਦਰ ਸਿੰਘ ਚੰਗਾਲ, ਮਨਮੋਹਨ ਸਿੰਘ, ਰਜਿੰਦਰ ਕੁਮਾਰ ਗੋਇਲ, ਲਾਲ ਚੰਦ ਸੈਣੀ, ਜਨਕ ਰਾਜ ਜੋਸ਼ੀ, ਰਾਜ ਕੁਮਾਰ ਬਾਂਸਲ ਆਦਿ ਮੌਜੂਦ ਸਨ।

ਇਕੱਤਰਤਾ ਨੂੰ ਸੰਬੋਧਨ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਨੇ ਮੈਂਬਰਾਂ ਦਾ ਸਵਾਗਤ ਕੀਤਾ ਤੇ ਦੱਸਿਆ ਕਿ ਐਸੋਸੀਏਸ਼ਨ ਦੀ ਕਾਰਜਕਾਰਨੀ ਨਾਲ ਕੀਤੀ ਗੱਲਬਾਤ ਅਨੁਸਾਰ ਫੈਸਲਾ ਕੀਤਾ ਗਿਆ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਮਹੀਨਾਵਾਰ ਜਨਮ ਦਿਨ ਸਮਾਰੋਹ ਤੇ ਸੱਭਿਆਚਾਰਕ ਪ੍ਰੋਗਰਾਮ ਨਹੀਂ ਹੋਵੇਗਾ।ਉਪਰੰਤ ਧਾਰਮਿਕ ਸ਼ਖ਼ਸੀਅਤ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਮੂਲ ਮੰਤਰ ਤੇ ਗੁਰਮੰਤਰ ਦਾ ਜਾਪ ਕਰਵਾ ਕੇ ਸ਼ਹੀਦਾਂ ਨੂੰ ਨਮਨ ਕੀਤਾ ਅਤੇ ਸ਼ਹੀਦੀ ਸਾਕੇ ਦੀ ਰੌਸ਼ਨੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਿਵਾਰ ਵਿਸ਼ੇਸ਼ ਕਰਕੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੇ ਇਤਿਹਾਸ ਬਾਰੇ ਦਸਦਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਛੋੜੇ, ਚਮੌਕਰ ਦੀ ਜੰਗ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ, ਦਾਦੀ ਮਾਂ ਦੀ ਪੋਤਿਆਂ ਨੂੰ ਦਿੱਤੀ ਸਿੱਖਿਆ, ਵਜੀਦ ਖਾਂ ਦੀ ਕਚਿਹਰੀ ਵਿੱਚ ਸਾਹਿਬਜ਼ਾਦਿਆਂ ਦੀ ਦਲੇਰੀ ਅਡੋਲਤਾ ਦੀ ਮਿਸਾਲ, ਦੀਵਾਰ ਵਿੱਚ ਚਿਣੇ ਜਾਣਾ, ਦੀਵਾਨ ਟੋਡਰ ਮੱਲ ਵੱਲੋਂ ਸੰਸਕਾਰ ਆਦਿ ਇਤਿਹਾਸ ਦਾ ਜ਼ਿਕਰ ਕਰਦਿਆਂ ਸ਼ਹੀਦਾਂ ਨੂੰ ਸਿਜਦਾ ਕੀਤਾ।ਨੈਸ਼ਨਲ ਐਵਾਰਡੀ ਸੱਤਦੇਵ ਸ਼ਰਮਾ ਤੇ ਰਵਿੰਦਰ ਸਿੰਘ ਗੁੱਡੂ ਨੇ ਵੀ ਸ਼ਹੀਦੀ ਦਿਹਾੜੇ 'ਤੇ ਵਿਚਾਰ ਵਟਾਂਦਰਾ ਕੀਤਾ ਤੇ ਸਾਹਿਬਜ਼ਾਦਿਆਂ ਨੂੰ ਸਿਜਦਾ ਕੀਤਾ। ਅਰੋੜਾ ਸਾਹਿਬ ਨੇ ਦੱਸਿਆ ਜਨਮ ਦਿਨ ਸਮਾਰੋਹ ਹੁਣ ਲੋਹੜੀ ਤਿਉਹਾਰ ਸਮਾਗਮ ਦੌਰਾਨ 11 ਜਨਵਰੀ ਨੂੰ ਦੀ ਸਨ ਪਾਰਕ ਰਿਜ਼ੋਰਟ ਧੂਰੀ ਰੋਡ ਵਿਖੇ ਸਵੇਰੇ 10:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਹੋਵੇਗਾ। ਨਵੇਂ ਵਰ੍ਹੇ 2026 ਦੀ ਆਮਦ ਤੇ ਸਾਲਾਨਾ ਧਾਰਮਿਕ ਸਮਾਗਮ ਨਗਨ ਬਾਬਾ ਸ੍ਰੀ ਸਾਹਿਬ ਦਾਸ ਜੀ ਦੇ ਤੱਪ ਅਸਥਾਨ ਨਾਭਾ ਗੇਟ ਵਿਖੇ 3 ਜਨਵਰੀ ਨੂੰ ਸਵੇਰੇ 09:00 ਤੋਂ ਸਵੇਰੇ 11:00 ਵਜੇ ਤੱਕ ਕੀਤਾ ਜਾਵੇਗਾਸ ਜਿਸ ਦੌਰਾਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣਗੇ ਤੇ ਲੰਗਰ ਵੀ ਅਟੁੱਟ ਵਰਤਿਆ ਜਾਵੇਗਾ।ਇਸ ਮੌਕੇ ਡਾ. ਹਰਪ੍ਰੀਤ ਸਿੰਘ ਭੰਡਾਰੀ ਸਿਹਤ ਸਪੈਸ਼ਲਿਸਟ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।


## ਨਗਰ ਸੁਧਾਰ ਸਭਾ ਆਗਾਮੀ ਕੌਂਸਲ ਚੋਣਾਂ 'ਚ ਸਰਗਰਮ ਭੂਮਿਕਾ ਨਿਭਾਵੇਗੀ : ਐਡਵੋਕੇਟ ਦਲਿਓ

### ਸੰਸਥਾ ਦੀ ਕੋਰ ਕਮੇਟੀ ਦੀ ਮੀਟਿੰਗ 'ਚ ਲਏ ਅਹਿਮ ਫੈਸਲੇ



ਬੁਢਲਾਡਾ (ਅਸ਼ੋਕ ਲਾਕੜਾ)-ਇੱਥੇ ਨਗਰ ਸੁਧਾਰ ਸਭਾ ਬੁਢਲਾਡਾ ਦੀ ਕੋਰ ਕਮੇਟੀ ਦੀ ਮੀਟਿੰਗ ਸ੍ਰੀ ਰਾਜ ਕੁਮਾਰ ਬੋੜਾਵਾਲੀਆ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਫੈਸਲਿਆਂ ਸਬੰਧੀ ਨਗਰ ਸੁਧਾਰ ਸਭਾ ਬੁਢਲਾਡਾ ਦੇ ਕੁਆਰਡੀਨੇਟਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਨੇ ਕਿਹਾ ਕਿ ਸ਼ਹਿਰ ਦੇ ਵਾਰਡਾਂ ਦੀ ਨਵੀਂ ਵਾਰਡਬੰਦੀ ਗੈਰ-ਜਮਹੂਰੀ ਤੇ ਪੱਖਪਾਤੀ ਢੰਗ ਨਾਲ ਕੀਤੀ ਗਈ ਹੈ।ਇਸ ਨਵੀਂ ਵਾਰਡਬੰਦੀ ਵਿੱਚ ਵਿਰੋਧੀ ਪਾਰਟੀਆਂ ਜਾਂ ਐੱਮ. ਸੀ. ਸਾਹਿਬਾਨ ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਜੇਕਰ ਨਵੀਂ ਵਾਰਡਬੰਦੀ ਸਬੰਧੀ ਨਕਸ਼ਾ ਜਨਤਕ ਨਾ ਕੀਤਾ ਗਿਆ ਤਾਂ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਇਸ ਵਿਰੁੱਧ ਆਵਾਜ਼ ਉਠਾਈ ਜਾਵੇਗੀ।ਉਨ੍ਹਾਂ ਕਿਹਾ ਕਿ ਆਗਾਮੀ ਨਗਰ ਕੌਂਸਲ ਚੋਣਾਂ ਵਿੱਚ ਨਗਰ ਸੁਧਾਰ ਸਭਾ ਸਰਗਰਮ ਭੂਮਿਕਾ ਨਿਭਾਵੇਗੀ।ਸੰਸਥਾ ਦਾ ਮੁੱਖ ਮਕਸਦ ਹਰ ਵਾਰਡ ਵਿੱਚ ਸਰਬ ਸੰਮਤੀ ਕਰਵਾਉਣਾ ਹੋਵੇਗਾ।ਜੇਕਰ ਸਰਬਸੰਮਤੀ ਸੰਭਵ ਨਾ ਹੋਈ ਤਾਂ ਸਾਫ਼ ਸੁਥਰੇ ਅਕਸ ਵਾਲੇ ਇਮਾਨਦਾਰ ਤੇ ਲੋਕ ਪੱਖੀ ਸ਼ਖ਼ਸੀਅਤਾਂ ਅੱਗੇ ਲਿਆਂਦਾ ਜਾਵੇਗਾ।ਨਸ਼ੇ ਵੰਡਣ ਤੇ ਵੋਟਰਾਂ ਨੂੰ ਵੱਖ-ਵੱਖ ਤਰ੍ਹਾਂ ਨਾਲ ਲਲਚਾਉਣ ਵਾਲੇ ਉਮੀਦਵਾਰਾਂ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ।ਐਡਵੋਕੇਟ ਦਲਿਓ ਨੇ ਕਿਹਾ ਕਿ ਮੀਟਿੰਗ ਵਿੱਚ ਸ਼ਹਿਰ ਦੇ ਵਾਰਡ ਨੰਬਰ 16, 17 ਤੇ 18 ਦੇ ਵਾਸੀਆਂ ਵੱਲੋਂ ਆਰੰਭੇ ਜੇਤੂ ਸੰਘਰਸ਼ ਵਿੱਚ ਨਗਰ ਸੁਧਾਰ ਸਭਾ ਦੀ ਭੂਮਿਕਾ ਸਬੰਧੀ ਤਸੱਲੀ ਦਾ ਪ੍ਰਗਟਾਵਾ ਕੀਤਾ ਤੇ ਨਗਰ ਕੌਂਸਲ ਬੁਢਲਾਡਾ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਛੇਤੀ ਤੋਂ ਛੇਤੀ ਕੂੜੇ ਦੇ ਡੰਪ ਲਈ ਜਗ੍ਹਾ ਦਾ ਪ੍ਰਬੰਧ ਕਰਨ।ਉਨ੍ਹਾਂ ਮੰਗ ਕੀਤੀ ਕਿ ਨਗਰ ਕੌਂਸਲ ਬੁਢਲਾਡਾ ਨੂੰ ਕੂੜੇ ਤੋਂ ਖਾਦ ਆਦਿ ਬਣਾਉਣ ਲਈ ਆਈ ਕਰੋੜਾਂ ਰੁਪਏ ਦੀ ਗ੍ਰਾਂਟ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ।ਐਡਵੋਕੇਟ ਦਲਿਓ ਨੇ ਦੱਸਿਆ ਕਿ ਮੀਟਿੰਗ ਵਿੱਚ ਸੰਸਥਾ ਦੀ ਮੈਂਬਰਸ਼ਿਪ ਵਿੱਚ ਵਾਧਾ ਕਰਨ ਸਮੇਤ ਕਈ ਮਹੱਤਵਪੂਰਨ ਜਥੇਬੰਦਕ ਫੈਸਲੇ ਵੀ ਲਏ ਗਏ।ਮੀਟਿੰਗ 'ਚ ਪ੍ਰੇਮ ਸਿੰਘ ਦੋਦੜਾ, ਸਤਪਾਲ ਸਿੰਘ ਕਟੋਦੀਆ, ਮਾਸਟਰ ਰਘੂਨਾਥ ਸਿੰਗਲਾ, ਹਰਦਿਆਲ ਸਿੰਘ ਦਾਤੇਵਾਸ, ਮਿਸਤਰੀ ਜਰਨੈਲ ਸਿੰਘ ਸੰਧੂ, ਰਾਜਿੰਦਰ ਸਿੰਘ ਕੋਹਲੀ (ਸੋਨੂ), ਪਵਨ ਨੇਵਟੀਆ, ਗਗਨ ਦਾਸ ਵੈਰਾਗੀ, ਰਾਮ ਗੋਪਾਲ ਆਦਿ ਮੌਜੂਦ ਸਨ।

## ਐੱਸ ਐੱਚ ਓ ਸੰਗਤ ਦਲਜੀਤ ਸਿੰਘ ਸਸਪੈਂਡ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਨਸ਼ਿਆਂ ਦੇ ਮਾਮਲੇ ਵਿੱਚ ਅਣਗਹਿਲੀ ਵਰਤਣ ਤੇ ਚੰਗੀ ਕਾਰਗੁਜ਼ਾਰੀ ਨਾ ਹੋਣ ਕਾਰਨ ਜ਼ਿਲ੍ਹਾ ਬਠਿੰਡਾ ਦੇ ਥਾਣਾ ਸੰਗਤ ਦੇ ਐੱਸ ਐੱਚ ਓ ਦਲਜੀਤ ਸਿੰਘ ਨੂੰ ਸਸਪੈਂਡ ਕਰ ਦਿੱਤਾ ਹੈ।

ਪੰਜਾਬ ਤੇ ਹਰਿਆਣਾ ਦੀ ਹੱਦ 'ਤੇ ਥਾਣਾ ਸੰਗਤ ਸਥਿਤ ਹੋਣ ਕਾਰਨ ਹਰਿਆਣਾ ਜਾਂ ਰਾਜਸਥਾਨ ਤੋਂ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਵਿੱਚ ਦਾਖਲ ਹੋਣ ਵਾਲੇ ਨਸ਼ਾ ਤਸਕਰਾਂ ਨੂੰ ਥਾਣਾ ਸੰਗਤ ਤੇ ਏਰੀਆ ਵਿੱਚੋਂ ਲੰਘਣਾ ਪੈਂਦਾ ਸੀ। ਇਲਾਕੇ ਵਿੱਚ ਨਸ਼ੇ 'ਤੇ ਸਖਤ ਕਾਰਵਾਈ ਨਾ ਕਰਨ ਕਾਰਨ ਥਾਣਾ ਸੰਗਤ ਦੇ ਐੱਸ ਐੱਚ ਓ ਦਲਜੀਤ ਸਿੰਘ ਨੂੰ ਐੱਸ ਐੱਸ ਪੀ ਬਠਿੰਡਾ ਅਮਨੀਤ ਕੌਂਡਲ ਵੱਲੋਂ ਡੀਐੱਸਪੀ ਬਠਿੰਡਾ ਦਿਹਾਤੀ ਦੀ ਰਿਪੋਰਟ ਤੋਂ ਬਾਅਦ ਸਸਪੈਂਡ ਕਰਕੇ ਵਿਭਾਗੀ ਜਾਂਚ ਸ਼ੁਰੂ ਕੀਤੀ ਗਈ।

# ਨਿਗਰਾਨ ਇੰਜੀਨੀਅਰ ਦੇ ਦਫ਼ਤਰਾਂ ਦਾ 6 ਨੂੰ ਕੀਤਾ ਜਾਵੇਗਾ ਘਿਰਾਓ : ਰੁਪਿੰਦਰ ਸਿੰਘ

### ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਪੱਕਾ ਕੀਤਾ ਜਾਵੇ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ, ਜ਼ਿਲ੍ਹਾ ਜਰਨਲ ਸਕੱਤਰ ਹਰਜਿੰਦਰ ਸਿੰਘ ਮੋਮੀ, ਸਰਕਲ ਪ੍ਰਧਾਨ ਬਲਕਾਰ ਸਿੰਘ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਸਰਕਾਰ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਤੇ ਦਫਤਰਾਂ ਵਿੱਚ ਵੱਖ-ਵੱਖ ਪੋਸਟਾਂ 'ਤੇ (ਰੈਗੂਲਰ ਮੁਲਾਜ਼ਮਾਂ ਵਾਂਗ) ਪਿਛਲੇ 15 ਤੋਂ 20 ਸਾਲਾਂ ਦੇ ਲੰਬੇ ਅਰਸੇ ਤੋਂ ਇਕ ਵਰਕਰ ਦੇ ਰੂਪ 'ਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਤ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਮਰਜ ਕਰਕੇ 'ਪੱਕੇ ਰੁਜ਼ਗਾਰ' ਦਾ ਪ੍ਰਬੰਧ ਕਰਨ ਸਮੇਤ 'ਮੰਗ-ਪੱਤਰ' 'ਚ ਦਰਜ ਤਮਾਮ ਮੰਗਾਂ-ਮਸਲਿਆਂ ਦੇ ਹੱਲ ਕਰਨ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋ ਪੁਰਜ਼ੋਰ ਮੰਗ ਕੀਤੀ ਜਾ ਰਹੀ ਹੈ। ਇਸ ਅਰਸੇ ਦੌਰਾਨ ਜਿੱਥੇ ਇਕ ਪਾਸੇ ਪੰਜਾਬ ਸਰਕਾਰ ਵੱਲੋਂ ਯੂਨੀਅਨ ਦੀਆਂ ਮੰਗਾਂ ਦਾ ਹੱਲ ਨਾ ਕਰਕੇ ਪਿਛਲੇ ਪੌਣੇ ਚਾਰ ਸਾਲ ਦੇ ਸ਼ਾਸਨਕਾਲ ਦੌਰਾਨ ਲਾਰਿਆਂ ਵਿੱਚ ਰੱਖਿਆ ਹੋਇਆ ਹੈ, ਉਥੇ ਵਿਭਾਗੀ ਅਧਿਕਾਰੀਆਂ ਵੱਲੋਂ ਪੇਂਡੂ ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ ਤੇ ਸਕਾਡਾ ਸਿਸਟਮ ਲਗਾਉਣ ਵਾਲੀਆਂ ਵਰਕਰ ਵਿਰੋਧੀ ਨੀਤੀਆਂ ਨੂੰ ਪੂਰੇ ਜ਼ੋਰ ਸ਼ੋਰ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਹੋਰ ਵਰਕਰ ਵਿਰੋਧੀ ਸਰਗਰਮੀਆਂ ਕਰਕੇ ਸਾਲਾਂਬੱਧੀ ਅਰਸ਼ੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰਾਂ ਦੇ ਕੱਚੇ-ਪਿੱਲੇ ਰੁਜ਼ਗਾਰ ਨੂੰ ਵੀ ਖੋਹਣ ਦੀਆਂ ਨੀਤੀਆਂ ਲਾਗੂ ਕਰਕੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹੈ। ਇਸੇ ਰੋਸ ਵਜੋਂ ਉਪਰੋਕਤ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਹੈ, ਜਦੋਂ ਤੱਕ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਦਾ ਰੁਜ਼ਗਾਰ ਪੱਕਾ ਕਰਨ ਸਮੇਤ ਮੰਗ-ਮੰਗ ਪੱਤਰ ਵਿੱਚ ਦਰਜ ਤਮਾਮ ਮੰਗਾਂ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਯੂਨੀਅਨ ਵੱਲੋਂ ਪੁਰਅਮਨ ਢੰਗ ਨਾਲ ਪੰਜਾਬ ਸਰਕਾਰ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਮੈਨੇਜਮੈਂਟ ਵਿਰੁੱਧ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਇਸੇ ਕੜੀ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ 'ਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਨੂੰ ਸਬੰਧਤ ਵਿਭਾਗ ਵਿਚ ਮਰਜ ਕਰਕੇ, ਈਪੀਐੱਫ ਤੇ ਈਐੱਸਆਈ ਵਰਗੀਆਂ ਤਮਾਮ ਸਹੂਲਤਾਂ ਦੇਣ ਵਾਲੀ ਪਾਲਸੀ (ਤਜਵੀਜ) ਨੂੰ ਲਾਗੂ ਕਰਕੇ ਵਰਕਰਾਂ ਦਾ ਪੱਕਾ ਰੁਜ਼ਗਾਰ ਕਰਨ ਸਮੇਤ ਮੰਗ ਪੱਤਰ ਵਿਚ ਦਰਜ ਹੱਕੀ ਅਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਦੀ ਮੰਗ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਦੇ ਸੱਦੇ 'ਤੇ 6 ਜਨਵਰੀ 2026 ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਪੰਜਾਬ ਦੇ ਨਿਗਰਾਨ ਇੰਜੀਨੀਅਰ ਦਫਤਰ ਫਿਰੋਜ਼ਪੁਰ ਦਾ ਘਿਰਾਓ ਕੀਤਾ ਜਾਵੇਗਾ, ਜਿਸਦੇ ਨਿਕਲਣ ਵਾਲੇ ਨਤੀਜੇ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਵਿਭਾਗੀ ਅਧਿਕਾਰੀਆਂ ਦੀ ਹੋਵੇਗੀ। ਇਸ ਮੌਕੇ ਸੁਰਜੀਤ ਸਿੰਘ, ਮਲਕੀਤ ਚੰਦ, ਸੁਖਬੀਰ ਸਿੰਘ, ਸੁਖਦੇਵ ਸਿੰਘ, ਸਤਪਾਲ ਸਿੰਘ, ਸੰਤੋਖ ਸਿੰਘ, ਗੁਰਮੁੱਖ ਸਿੰਘ, ਗੁਰਪ੍ਰੀਤ ਸਿੰਘ, ਰਮੇਸ਼ ਕੁਮਾਰ, ਪ੍ਰੈੱਸ ਸਕੱਤਰ ਰਣਜੀਤ ਸਿੰਘ ਖਾਲਸਾ ਆਦਿ ਮੌਜੂਦ ਸਨ।

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਪਾਠ ਦੇ ਭੋਗ ਪਾਏ



ਲੌਂਗੋਵਾਲ (ਪ੍ਰਦੀਪ ਸੱਪਲ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਤ ਸਥਾਨਕ ਗੁਰਦੁਆਰਾ ਭਾਈ ਕੀ ਸਮਾਧ ਤੇ ਸਲਾਈਟ ਲੌਂਗੋਵਾਲ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਇਸ ਮੌਕੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਥੇਦਾਰ ਊਦੈ ਸਿੰਘ ਲੌਂਗੋਵਾਲ, ਪਰਮਜੀਤ ਸਿੰਘ ਜੱਸੇਕਾ, ਗੁਰਮੀਤ ਸਿੰਘ ਲੱਲੀ, ਭਾਈ ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਅ) ਅਮਰਜੀਤ ਸਿੰਘ ਲੌਂਗੋਵਾਲ, ਮੈਨੇਜਰ ਅਮਰੀਕ ਸਿੰਘ, ਹੈੱਡ ਗ੍ਰੰਥੀ ਭਾਈ ਧਨਵੰਤ ਸਿੰਘ, ਜਗਸੀਰ ਸਿੰਘ ਗਾਂਧੀ, ਕੇਵਲ ਸਿੰਘ ਡੋਗਰ, ਪਵਿੱਤਰ ਸਿੰਘ ਸੋਹਕੇ, ਸਰਬਜੀਤ ਸਿੰਘ ਸਲਾਈਟ ਲੌਂਗੋਵਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ।ਭੋਗ ਉਪਰੰਤ ਕੀਰਤਨ ਦਰਬਾਰ ਕਰਵਾਇਆ ਗਿਆ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਰਾਇਟਵੇ ਏਅਰਲਿੰਕਸ ਨੇ ਲਗਾਇਆ ਜਸ਼ਨਦੀਪ ਕੌਰ ਦਾ ਆਸਟ੍ਰੇਲੀਆ, ਸਟੂਡੈਂਟ ਵੀਜ਼ਾ



ਮੋਗਾ (ਇਕਬਾਲ ਸਿੰਘ ਖਹਿਰਾ)-ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟ ਵੇ ਏਅਰਲਿੰਕਸ ਇੰਮੀਗ੍ਰੇਸ਼ਨ ਤੇ ਆਈਲਟਸ ਸੰਸਥਾ, ਜੋ ਪੰਜਾਬ ਦੇ ਇਲਾਵਾ ਪੂਰੇ ਭਾਰਤ ਵਿੱਚ ਕੰਮ ਕਰ ਰਹੀ ਹੈ।ਇਸ ਸੰਸਥਾ ਨੇ ਹਜ਼ਾਰਾਂ ਹੀ ਵਿਦਿਆਰਥੀਆਂ ਦੇ ਵਿਦੇਸ਼ 'ਚ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਅੱਜ ਸੰਸਥਾ ਨੇ ਜਸ਼ਨਦੀਪ ਕੌਰ ਪੁੱਤਰੀ ਸੁਖਚੈਨ ਸਿੰਘ ਵਾਸੀ ਪਿੰਡ ਮੇਹਰ ਸਿੰਘ, ਜ਼ੀਰਾ ਦਾ ਆਸਟ੍ਰੇਲੀਆ ਦੀ ਯੂਨੀਵਰਸਿਟੀ ਸੀ.ਐੱਸ.ਯੂ. ਦਾ ਸਟੂਡੈਂਟ ਵੀਜ਼ਾ ਲਗਵਾ ਕੇ ਦਿੱਤਾ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਆ ਤਿਆਗੀ ਨੇ ਕਿਹਾ ਕਿ ਅਫਵਾਹਾਂ 'ਤੇ ਧਿਆਨ ਨਾ ਦਿਓ। ਉਨ੍ਹਾਂ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਕੈਨੇਡਾ ਤੇ ਯੂ ਕੇ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹਨ, ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ਟਰ ਜਾਂ ਟੂਰਿਸਟ ਵੀਜ਼ੇ 'ਤੇ ਯੂ ਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਹੁਣ ਬੱਚੇ ਕਾਲਜ ਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹਨ।ਰਾਇਟਵੇ ਏਅਰਲਿੰਕਸ ਬੈਂਕ ਦੇ ਜ਼ਰੀਏ ਬੱਚਿਆਂ ਨੂੰ ਐਜੂਕੇਸ਼ਨ ਲੋਨ ਦੀ ਸੁਵਿਧਾ ਲੈ ਕੇ ਦਿੰਦਾ ਹੈ, ਜਿਨ੍ਹਾਂ ਪੈਸਿਆਂ ਨੂੰ ਬੱਚੇ ਅਪਣੇ ਖਰਚੇ ਲਈ ਵਰਤ ਸਕਦੇ ਹਨ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਜਸਦੀਪ ਕੌਰ ਨੂੰ ਵਧਾਈ ਦਿੱਤੀ।

## ਪੀ ਜੀ ਆਈ ਦੇ ਡਾ. ਸੁਰੇਸ਼ ਅੰਗੂਰਾਨਾ ਨੂੰ ਰਾਸ਼ਟਰੀ ਵਿਗਿਆਨ ਪੁਰਸਕਾਰ



ਸਮਰਾਲਾ (ਸੁਰਜੀਤ ਸਿੰਘ)-ਪੀਜੀਆਈ ਚੰਡੀਗੜ੍ਹ ਦੇ ਡਾ. ਸੁਰੇਸ਼ ਕੁਮਾਰ ਅੰਗੁਰਾਨਾ ਨੂੰ ਚਿਕਿਤਸਾ ਖੇਤਰ ਵਿੱਚ ਸਾਲ 2025 ਲਈ ਰਾਸ਼ਟਰੀ ਵਿਗਿਆਨ ਪੁਰਸਕਾਰ 'ਵਿਗਿਆਨ ਯੁਵਾ ਸ਼ਾਂਤੀ ਸਵਰੂਪ ਭਟਨਾਗਰ ਐਵਾਰਡ' ਨਾਲ ਸਨਮਾਨਤ ਕੀਤਾ ਗਿਆ।ਇਹ ਐਵਾਰਡ ਉਨ੍ਹਾਂ ਨੂੰ ਭਾਰਤ ਦੀ ਮਾਣਯੋਗ ਰਾਸ਼ਟਰਪਤੀ ਸ੍ਰੀਮਤੀ ਦ੍ਰੌਪਦੀ ਮੁਰਮੂ ਵੱਲੋਂ ਰਾਸ਼ਟਰਪਤੀ ਭਵਨ ਨਵੀਂ ਦਿੱਲੀ ਵਿਖੇ ਆਯੋਜਿਤ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ।ਉਨ੍ਹਾਂ ਨੂੰ ਇਹ ਸਨਮਾਨ ਬਾਲ ਰੋਗ ਵਿਗਿਆਨ ਤੇ ਪੀਡੀਐਟ੍ਰਿਕ ਕਰਿਟਿਕਲ ਕੇਅਰ ਦੇ ਖੇਤਰ ਵਿੱਚ ਉਨ੍ਹਾਂ ਦੇ ਉੱਤਮ ਕੰਮ ਤੇ ਮਹੱਤਵਪੂਰਨ ਯੋਗਦਾਨ ਲਈ ਦਿੱਤਾ ਗਿਆ।ਡਾ. ਅੰਗੁਰਾਨਾ ਸਾਲ 2025 ਲਈ ਚੁਣੇ ਗਏ 15 ਵਿਗਿਆਨ ਯੁਵਾ ਅਵਾਰਡੀਜ਼ ਵਿੱਚ ਸ਼ਾਮਲ ਹਨ।ਵਰਤਮਾਨ ਵਿੱਚ ਉਹ ਪੀਜੀਆਈ, ਚੰਡੀਗੜ੍ਹ ਦੇ ਐਡਵਾਂਸਡ ਪੀਡੀਐਟ੍ਰਿਕ ਸੈਂਟਰ ਦੇ ਪੀਡੀਐਟ੍ਰਿਕਸ ਵਿਭਾਗ ਅਧੀਨ ਪੀਡੀਐਟ੍ਰਿਕ ਕਰਿਟਿਕਲ ਕੇਅਰ ਡਵੀਜ਼ਨ ਵਿੱਚ ਐਡੀਸ਼ਨਲ ਪ੍ਰੋਫੈਸਰ ਵਜੋਂ ਸੇਵਾ ਨਿਭਾਅ ਰਹੇ ਹਨ।ਉਨ੍ਹਾਂ ਦੀ ਅਗੇਤੀ ਖੋਜ ਨੇ ਗੰਭੀਰ ਬੀਮਾਰੀਆਂ ਦੌਰਾਨ ਬੱਚਿਆਂ ਵਿੱਚ ਗਟ ਮਾਈਕ੍ਰੋਬਾਇਓਮ ਦੀ ਭੂਮਿਕਾ ਤੇ ਇਨਫੈਕਸ਼ਨ ਰੋਕਥਾਮ ਬਾਰੇ ਸਮਝ ਵਿੱਚ ਵੱਡਾ ਯੋਗਦਾਨ ਪਾਇਆ ਹੈ। ਡਾ. ਕੁਮਾਰ ਨੇ ਪੀਡੀਐਟ੍ਰਿਕ ਇੰਟੈਂਸਿਵ ਕੇਅਰ ਵਿੱਚ ਪ੍ਰੋਬਾਇਓਟਿਕਸ ਸੰਬੰਧੀ ਕਈ ਮਹੱਤਵਪੂਰਨ ਕਲੀਨੀਕਲ ਟ੍ਰਾਇਲਾਂ ਦੀ ਅਗਵਾਈ ਕੀਤੀ।ਡਾ. ਕੁਮਾਰ ਨੇ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਾਂਝੇ ਅਧਿਐਨਾਂ ਵਿੱਚ ਅਗਵਾਈ ਦਿੱਤੀ ਹੈ।

## ਟਰੱਕ ਯੂਨੀਅਨ ਸਮਾਣਾ ਵਿਖੇ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਕੈਂਪ




ਸਮਾਣਾ (ਇਕਬਾਲ ਸਿੰਘ ਬੱਲ)-ਬਲਜੀਤ ਸਿੰਘ ਐੱਸ.ਐੱਚ.ਓ. ਥਾਣਾ ਸਿਟੀ ਸਮਾਣਾ ਦੀ ਅਗਵਾਈ ਹੇਠ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਫੈਲਾਉਣ ਲਈ ਟਰੱਕ ਯੂਨੀਅਨ ਸਮਾਣਾ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਪੁਲਸ ਅਧਿਕਾਰੀਆਂ ਵੱਲੋਂ ਟਰੱਕ ਡਰਾਈਵਰ ਤੇ ਕੰਡਕਟਰ ਭਰਾਵਾਂ ਅਤੇ ਲੋਕਾਂ ਨੂੰ ਨਸ਼ਿਆਂ ਦੇ ਮਾਰਕ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਨਸ਼ਾ ਮੁਕਤ ਸਮਾਜ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।ਐੱਸ.ਐੱਚ.ਓ. ਬਲਜੀਤ ਸਿੰਘ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜਾਈ ਵਿੱਚ ਸਮਾਜ ਦੇ ਹਰ ਵਰਗ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।ਉਨ੍ਹਾਂ ਟਰੱਕ ਯੂਨੀਅਨ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਤੇ ਹੋਰਾਂ ਨੂੰ ਵੀ ਇਸ ਬੁਰਾਈ ਤੋਂ ਬਚਣ ਲਈ ਪ੍ਰੇਰਿਤ ਕਰਨ।ਇਸ ਦੌਰਾਨ ਟਰੱਕ ਯੂਨੀਅਨ ਦੇ ਅਹੁਦੇਦਾਰਾਂ ਵੱਲੋਂ ਪੁਲਸ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।

## ਨਗਰ ਕੌਂਸਲ ਚੋਣਾਂ 'ਚ ਮਿਹਨਤੀ ਵਲੰਟੀਅਰਾਂ ਨੂੰ ਟਿਕਟਾਂ ਦੇਵਾਂਗੇ : ਚੇਅਰਮੈਨ ਜੱਸੀ



ਨਾਭਾ (ਵਰਿੰਦਰ ਵਰਮਾ)-ਆਮ ਆਦਮੀ ਪਾਰਟੀ ਹਲਕਾ ਨਾਭਾ ਦੇ ਸੀਨੀਅਰ ਆਗੂ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਥਾਨਕ ਅਲੌਹਰਾਂ ਗੇਟ ਸਥਿਤ ਵਾਰਡ ਨੰਬਰ 23 ਤੋਂ ਕੌਂਸਲਰ ਰੋਜ਼ੀ ਨਾਗਪਾਲ ਦੇ ਦਫ਼ਤਰ ਵਿਖੇ ਉਨ੍ਹਾਂ ਦੇ ਪਤੀ ਸਮਾਜ ਸੇਵੀ ਆਗੂ ਦੀਪਕ ਨਾਗਪਾਲ ਦੀ ਅਗਵਾਈ ਹੇਠ ਦੁਕਾਨਦਾਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਨੂੰ ਹੱਲ ਕਰਵਾਉਣ ਦਾ ਭਰੋਸਾ ਦਿੱਤਾ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰ ਵਰਗ ਦੇ ਲੋਕਾਂ ਨੂੰ ਵੱਡੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਵਪਾਰ ਨੂੰ ਪ੍ਰਫੁਲਤ ਕਰਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਦੁਕਾਨਦਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਮਿਹਨਤੀ ਵਲੰਟੀਅਰਾਂ ਨੂੰ ਟਿਕਟਾਂ ਦੇ ਕੇ ਚੋਣ ਮੈਦਾਨ ਵਿੱਚ ਉਤਾਰੇਗੀ।ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ।ਇਸ ਮੌਕੇ ਦੀਪਕ ਨਾਗਪਾਲ ਤੇ ਮਾਰਕੀਟ ਦੇ ਦੁਕਾਨਦਾਰਾਂ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਸਿਰਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਵੀ ਕੀਤਾ।

## ਅਟਲ ਬਿਹਾਰੀ ਵਾਜਪਾਈ ਦੀ ਜਨਮ ਜਯੰਤੀ ਮਨਾਈ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮਲੋਟ ਰੋਡ 'ਤੇ ਭਾਜਪਾ ਮੰਡਲ ਚੜ੍ਹਦੀ ਕਲਾ ਦੇ ਸਾਬਕਾ ਪ੍ਰਧਾਨ ਤੇ ਪ੍ਰੋਗਰਾਮ ਇੰਚਾਰਜ ਅਗਾਂਹਵਧੂ ਆਗੂ ਰਾਜ ਕੁਮਾਰ ਭਟੇਜਾ ਮੇਲੂ ਦੀ ਅਗਵਾਈ ਹੇਠ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਜੀ ਦੀ 101ਵੀਂ ਜਨਮ ਜਯੰਤੀ ਮੌਕੇ ਸਮਾਗਮ ਕੀਤਾ ਗਿਆ।ਇਸ ਮੌਕੇ ਭਾਜਪਾ ਆਗੂਆਂ ਤੇ ਵਰਕਰਾਂ ਵੱਲੋਂ ਅਟਲ ਬਿਹਾਰੀ ਵਾਜਪਈ ਜੀ ਦੀ ਤਸਵੀਰ ਮੂਹਰੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਉਨ੍ਹਾਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਭਾਜਪਾ ਮੰਡਲ ਚੜ੍ਹਦੀ ਕਲਾ ਦੇ ਪ੍ਰਧਾਨ ਪੂਜਾ ਕੱਕੜ, ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ, ਮਨੀਸ਼ ਧਮੀਜਾ, ਵਿਕ੍ਰਾਂਤ ਤੇਰੀਆ, ਰਵਿੰਦਰ ਕਟਾਰੀਆ, ਸੰਦੀਪ ਸਿੰਘ, ਗੁਰਲਾਲ ਸਿੰਘ, ਕੁਲਵਿੰਦਰ ਸਿੰਘ, ਰਵੀ ਸਿੰਘ, ਬਲਵਿੰਦਰ ਸਿੰਘ, ਸੁਖਚੈਨ ਸਿੰਘ, ਸੱਤਾ ਸਿੰਘ, ਸੋਨੂੰ ਯਾਦਵ, ਸੁਖਵੰਤ ਸਿੰਘ, ਅਨਮੋਲ, ਸ਼ੁਭਮ, ਸ਼ੀਨੂੰ ਪ੍ਰੀਤ ਸਮੇਤ ਵੱਡੀ ਗਿਣਤੀ 'ਚ ਵਰਕਰ ਮੌਜੂਦ ਸਨ।

# ਭਿਆਨਕ ਸੜਕ ਹਾਦਸੇ 'ਚ ਇਕ ਦੀ ਮੌਤ; ਦੋ ਗੰਭੀਰ ਜ਼ਖ਼ਮੀ



**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)**

ਬੀਤੀ ਰਾਤ ਦੀਨਾਨਗਰ ਬਹਿਰਾਮਪੁਰ ਰੋਡ ਉੱਪਰ ਪਿੰਡ ਅਵਾਂਖਾ ਦੇ ਨੇੜੇ ਸੰਘਣੀ ਧੁੰਦ ਕਾਰਨ ਇਕ ਪਰਿਵਾਰ ਦੀ ਕਾਰ ਨਾਲ ਵਾਪਰੇ ਹਾਦਸੇ ਵਿੱਚ ਕਾਰ ਸਵਾਰ ਇਕ ਵਿਅਕਤੀ ਦੀ ਮੌਤ ਹੋ ਗਈ ਜਦੋਂਕਿ ਦੋ ਹੋਰ ਲੋਕ ਗੰਭੀਰ ਜ਼ਖ਼ਮੀ ਹੋ ਗਏ।ਮ੍ਰਿਤਕ ਦੀ ਪਛਾਣ ਰਾਜਪਾਲ ਸਿੰਘ ਵਾਸੀ ਰੰਘੜਪਿੰਡੀ ਵਜੋਂ ਹੋਈ ਹੈ, ਜਦੋਂਕਿ ਜ਼ਖ਼ਮੀਆਂ ਵਿੱਚ ਮ੍ਰਿਤਕ ਰਾਜਪਾਲ ਸਿੰਘ ਦਾ ਲੜਕਾ ਸੌਰਵ ਸਲਾਰੀਆ ਅਤੇ ਨੂੰਹ ਭਾਰਤੀ ਸਲਾਰੀਆ ਸ਼ਾਮਲ ਹਨ।ਮਿਲੀ ਜਾਣਕਾਰੀ ਅਨੁਸਾਰ ਲੰਘੀ ਰਾਤ ਸਾਢੇ ਬਾਰਾਂ ਵਜੇ ਦੇ ਕਰੀਬ ਰੰਘੜਪਿੰਡੀ ਵਾਸੀ ਸੌਰਵ ਸਲਾਰੀਆ ਦੇ 2 ਸਾਲ ਦੇ ਬੇਟੇ ਦੀ ਤਬੀਅਤ ਅਚਾਨਕ ਖ਼ਰਾਬ ਹੋਣ ਕਾਰਨ ਸੌਰਵ ਸਲਾਰੀਆ, ਉਸਦੀ ਪਤਨੀ ਭਾਰਤੀ ਅਤੇ ਪਿਤਾ ਰਾਜਪਾਲ ਸਿੰਘ ਕਰੇਟਾ ਕਾਰ ਰਾਹੀਂ ਅਪਣੇ ਪਿੰਡ ਰੰਘੜਪਿੰਡੀ ਤੋਂ ਦੀਨਾਨਗਰ ਵੱਲ ਆ ਰਹੇ ਸਨ।ਇਸੇ ਦੌਰਾਨ ਜਦੋਂ ਉਨ੍ਹਾਂ ਦੀ ਕਾਰ ਪਿੰਡ ਅਵਾਂਖਾ ਨੇੜੇ ਸਥਿਤ ਤਾਰਾ ਫੈਕਟਰੀ ਦੇ ਕੋਲ ਪੁੱਜੀ ਤਾਂ ਸੰਘਣੀ ਧੁੰਦ ਹੋਣ ਕਾਰਨ ਕਾਰ ਦਾ ਸੰਤੁਲਨ ਵਿਗੜ ਗਿਆ। ਬੇਕਾਬੂ ਹੋਈ ਕਾਰ ਦੀ ਇਕ ਜਿੰਮ ਦੀ ਕੰਧ ਨਾਲ ਜ਼ੋਰਦਾਰ ਟੱਕਰ ਹੋ ਗਈ।ਹਾਦਸੇ ਦੀ ਆਵਾਜ਼ ਸੁਣ ਕੇ ਮੌਕੇ 'ਤੇ ਪੁੱਜੇ ਨੇੜਲੇ ਘਰਾਂ ਦੇ ਲੋਕਾਂ ਨੇ ਜ਼ਖ਼ਮੀਆਂ, ਰਾਜਪਾਲ ਸਿੰਘ, ਸੌਰਵ ਸਲਾਰੀਆ ਅਤੇ ਭਾਰਤੀ ਸਲਾਰੀਆ ਨੂੰ ਇਲਾਜ ਲਈ ਪਠਾਨਕੋਟ ਦੇ ਇਕ ਨਿੱਜੀ ਹਸਪਤਾਲ ਵਿਖੇ ਪਹੁੰਚਾਇਆ ਪਰ ਰਾਜਪਾਲ ਸਿੰਘ ਦੀ ਹਸਪਤਾਲ ਪੁੱਜਣ ਤੋਂ ਪਹਿਲਾਂ ਹੀ ਮੌਤ ਹੋ ਗਈ, ਜਦੋਂਕਿ ਸੌਰਵ ਸਲਾਰੀਆ ਦੇ ਗੰਭੀਰ ਸੱਟਾਂ ਲੱਗੀਆਂ ਹੋਣ ਕਾਰਨ ਉਸਨੂੰ ਇਲਾਜ ਲਈ ਅੰਮ੍ਰਿਤਸਰ ਭੇਜ ਦਿੱਤਾ ਗਿਆ ਹੈ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪਿੰਡ ਘੱਗੇ ਵਿਖੇ ਨਵੀਂ ਇਕਾਈ ਦਾ ਗਠਨ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਧੀਨ ਆਉਂਦੇ ਪਿੰਡ ਘੱਗੇ ਵਿਖੇ ਬਣੀ ਇਕਾਈ ਦਾ ਪੁਨਰਗਠਨ ਜ਼ੋਨ ਪ੍ਰਧਾਨ ਮੁਖ਼ਤਾਰ ਸਿੰਘ ਬਿਹਾਰੀਪੁਰ ਅਤੇ ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਦੀ ਦੇਖ-ਰੇਖ ਹੇਠ ਕੀਤਾ ਗਿਆ ਜਿਸ ਵਿਚ ਬਲਜੀਤ ਸਿੰਘ ਬੱਬੋ ਨੂੰ ਇਕਾਈ ਪ੍ਰਧਾਨ ਨਿਯੁਕਤ ਕਰਨ ਦੇ ਨਾਲ 14 ਮੈਂਬਰੀ ਟੀਮ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਵਿੱਚ ਬਲਜੀਤ ਸਿੰਘ ਕਾਕੂ ਸੀਨੀਅਰ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਸਕੱਤਰ, ਅਮਰਜੀਤ ਸਿੰਘ ਖਜ਼ਾਨਚੀ, ਸੁਖਦੇਵ ਸਿੰਘ ਮੀਤ ਪ੍ਰਧਾਨ, ਰਣਜੀਤ ਸਿੰਘ ਮੀਤ ਸਕੱਤਰ, ਅਮਰੀਕ ਸਿੰਘ ਸਹਾਇਕ ਖਜ਼ਾਨਚੀ, ਬਲਜਿੰਦਰ ਸਿੰਘ ਜਥੇਬੰਦਕ ਸਕੱਤਰ, ਸੰਦੀਪ ਸਿੰਘ ਮੀਤ ਪ੍ਰਧਾਨ, ਹਰਜਿੰਦਰ ਸਿੰਘ ਪ੍ਰੈੱਸ ਸਕੱਤਰ, ਜੋਬਨਜੀਤ ਸਿੰਘ ਗਿੱਲ ਸਹਾਇਕ ਪ੍ਰੈੱਸ ਸਕੱਤਰ, ਕਾਬਲ ਸਿੰਘ ਮੈਂਬਰ, ਕੁਲਵੰਤ ਸਿੰਘ ਮੈਂਬਰ, ਜਥੇਦਾਰ ਅਮਰੀਕ ਸਿੰਘ ਮੈਂਬਰ, ਸਤਨਾਮ ਸਿੰਘ ਮਜ਼ਦੂਰ ਆਗੂ ਆਦਿ ਕੋਰ ਕਮੇਟੀ ਦੇ ਮੈਂਬਰ ਚੁਣੇ ਗਏ। ਇਸ ਮੌਕੇ ਜ਼ੋਨ ਆਗੂ ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਸਾਹਿਬ ਸਿੰਘ ਨਰੋਤਮਪੁਰ, ਪ੍ਰਮਜੀਤ ਸਿੰਘ ਬਾਠ ਦਾਰਾਪੁਰ ਸਮੇਤ ਪਿੰਡ ਦੇ ਕਿਸਾਨ ਅਤੇ ਮਜ਼ਦੂਰ ਹਾਜ਼ਰ ਹੋਏ।

# ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਬਿਜਲੀ/ਸੀਡ ਬਿੱਲ-2025 ਦਾ ਵਿਰੋਧ

**ਬਿਆਸ (ਪਰਮਜੀਤ ਸਿੰਘ ਰੱਖੜਾ)**

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਬਾਬਾ ਬਕਾਲਾ ਸਾਹਿਬ ਵਿਖੇ ਪ੍ਰਧਾਨ ਓਮਰਾਜ ਸਿੰਘ ਧਰਦਿਉ ਦੀ ਪ੍ਰਧਾਨਗੀ ਹੇਠ ਹੋਈ।ਧਰਦਿਉ ਵੱਲੋਂ ਦੱਸਿਆ ਗਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਜੋ ਬਿਜਲੀ ਬਿੱਲ -2025 ਅਤੇ ਸੀਡ ਬਿੱਲ-2025 ਲੋਕ ਸਭਾ ਵਿੱਚ ਪੇਸ਼ ਕਰਨੇ ਹਨ, ਉਨ੍ਹਾਂ ਦੇ ਵਿਰੋਧ ਵਿੱਚ ਪੂਰੇ ਪੰਜਾਬ ਵਿੱਚ ਸੰਯੁਕਤ ਮੋਰਚੇ ਦੀ ਕਾਲ ਤੇ ਸਖ਼ਤ ਵਿਰੋਧ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਬਿਜਲੀ ਬਿੱਲ-2025 ਆਉਣ ਨਾਲ ਛੋਟੇ ਤੋਂ ਛੋਟਾ ਵਪਾਰੀ, ਜ਼ਿਮੀਂਦਾਰ, ਮਜ਼ਦੂਰ, ਹਰ ਵਰਗ ਨੂੰ ਭਾਰੀ ਨੁਕਸਾਨ ਹੋਵੇਗਾ।ਸੀਡ ਬਿੱਲ ਨਾਲ ਛੋਟੇ ਛੋਟੇ ਦੁਕਾਨਦਾਰਾਂ ਤੇ ਕਿਸਾਨਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ।ਸਰਕਾਰ ਇਨ੍ਹਾਂ ਦੋਹਾਂ ਬਿੱਲਾਂ ਦਾ ਸਿੱਧਾ ਫਾਇਦਾ ਕਾਰਪੋਰੇਟ ਘਰਾਣਿਆਂ ਨੂੰ ਪਹੁੰਚਾਉਣਾ ਚਾਹੁੰਦੀ ਹੈ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜੇਕਰ ਬਿਜਲੀ ਸੋਧ ਬਿੱਲ -2025 ਸੰਸਦ ਵਿੱਚ ਪੇਸ਼ ਕੀਤਾ ਜਾਂਦਾ ਤਾਂ ਉਸ ਤੋਂ ਅਗਲਾ ਦਿਨ ਕਾਲਾ ਦਿਨ ਮਨਾਇਆ ਜਾਵੇਗਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਜਨਰਲ ਸਕੱਤਰ ਜੋਗਿੰਦਰ ਸਿੰਘ ਬਦੇਸ਼ਾ ਧਿਆਨਪੁਰ, ਅਨੋਖ ਸਿੰਘ ਹਸਨਪੁਰ, ਸੁਰਜੀਤ ਸਿੰਘ ਬੋਹੜਵਾਲ, ਹਰਵਿੰਦਰ ਸਿੰਘ ਬੁੱਟਰ, ਬਲਬੀਰ ਸਿੰਘ ਬੁੱਟਰ, ਸੁਖਰਾਮਬੀਰ ਸਿੰਘ ਲੁਹਾਰਕਾ, ਕੁਲਵਿੰਦਰ ਸਿੰਘ ਮਾਨ, ਸੁਰਜੀਤ ਸਿੰਘ ਗੁੰਮਟਾਲਾ, ਚਰਨਜੀਤ ਸਿੰਘ ਢਿੱਲੋਂ, ਸੁਖਦੇਵ ਸਿੰਘ ਵਿਰਕ, ਸੁਖਵਿੰਦਰ ਸਿੰਘ ਚਾਹਲ, ਸੂਬੇ:ਲਾਲਦੀਨ,



ਹਵਾਲਦਾਰ ਹਰਦੀਪ ਸਿੰਘ, ਸੂਬੇ :ਮੰਗਲ ਸਿੰਘ, ਬਲਾਕ ਪ੍ਰਧਾਨ ਜਥੇਦਾਰ ਧਰਮ ਸਿੰਘ ਗੱਗੜ ਭਾਣਾ, ਅਨੋਖ ਸਿੰਘ ਹਸਨਪੁਰ, ਜਸਵੰਤ ਸਿੰਘ ਕਾਲੇਕੇ, ਕਰਮ ਸਿੰਘ ਕਾਲੇਕੇ, ਪਰਮਜੀਤ ਸਿੰਘ ਕਾਲੇਕੇ, ਸਰਦੂਲ ਸਿੰਘ, ਜਸਬੀਰ ਸਿੰਘ, ਬਲਦੇਵ ਸਿੰਘ, ਰਣਜੀਤ ਸਿੰਘ, ਸੁਖਦੇਵ ਸਿੰਘ, ਜਗਤਾਰ ਸਿੰਘ, ਮਹਿੰਦਰ ਸਿੰਘ, ਕਰਨੈਲ ਸਿੰਘ, ਸੁਰਜੀਤ ਸਿੰਘ, ਮਲੂਕ ਸਿੰਘ, ਸਾਹਿਬ ਸਿੰਘ, ਸੁਖਦੇਵ ਸਿੰਘ, ਪ੍ਰਤਾਪ ਸਿੰਘ, ਬਲਜੀਤ ਸਿੰਘ, ਸਰਬਜੀਤ ਸਿੰਘ ਆਦਿਕ ਕਿਸਾਨ ਮੈਂਬਰ ਸਾਹਿਬਾਨ ਵੱਲੋਂ ਸ਼ਮੂਲੀਅਤ ਕੀਤੀ ਗਈ।



ਤਰਸਿੱਕਾ-ਮਜੀਠਾ ਹਲਕੇ ਦੇ ਪਿੰਡ ਭੋਏ ਦੀ ਸਮੂਹ ਸਾਧ ਸੰਗਤ ਵੱਲੋਂ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਲਗਾਏ ਗਏ ਦੁੱਧ ਦੇ ਲੰਗਰਾਂ ਵਿੱਚ ਹਾਜ਼ਰੀ ਭਰਦੇ ਹੋਏ ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਪਾਤਸ਼ਾਹੀ ਛੇਵੀਂ, ਨਾਲ ਹਨ ਭਾਈ ਰਣਜੀਤ ਸਿੰਘ ਬਾਬੋਵਾਲ, ਨਿੰਦਰ ਸਿੰਘ ਭੋਏ, ਸਾਬਕਾ ਸਰਪੰਚ ਕੁਲਵੰਤ ਸਿੰਘ ਅਤੇ ਹੋਰ। **(ਫੋਟੋ ਤੇ ਵੇਰਵਾ: ਤਰਸੇਮ ਸਿੰਘ ਸਾਧਪੁਰ)**



ਸਾਧਪੁਰ-ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਪਿੰਡ ਸਾਧਪੁਰ ਦੇ ਸਮੂਹ ਨੌਜਵਾਨਾਂ ਵੱਲੋਂ ਪਿੰਡ ਦੇ ਬੱਸ ਸਟੈਂਡ 'ਤੇ ਲਗਾਏ ਗਏ ਦੁੱਧ ਦੇ ਲੰਗਰ ਦੀ ਸੇਵਾ ਕਰਦੇ ਹੋਏ ਸੇਵਾਦਾਰ। **(ਫੋਟੋ ਤੇ ਵੇਰਵਾ:ਤਰਸੇਮ ਸਿੰਘ ਸਾਧਪੁਰ)**



ਮਜੀਠਾ-ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਅਤੇ ਬਾਬਾ ਮੋਤੀ ਰਾਮ ਮਹਿਰਾ ਦੀ ਸ਼ਹਾਦਤ ਨੂੰ ਸਮਰਪਿਤ ਗੁਰੂ ਨਾਨਕ ਪਲਾਈਵੁੱਡ ਤੇ ਗੁਰੂ ਨਾਨਕ ਇਲੈਕਟ੍ਰੋਨਿਕ ਬੱਸ ਅੱਡਾ ਮਜੀਠਾ ਵਿਖੇ ਦੁੱਧ ਦੇ ਲੰਗਰ ਦੀ ਸੇਵਾ ਕਰਦੇ ਹੋਏ ਪ੍ਰਧਾਨ ਤਰੁਨ ਕੁਮਾਰ ਅਬਰੋਲ, ਗੁਰਪ੍ਰੀਤ ਸਿੰਘ ਪਿੰਟੂ, ਸੁਖਵੰਤ ਸਿੰਘ, ਬਾਊ ਨਰੇਸ਼, ਹਰਪਿੰਦਰ ਸਿੰਘ, ਅਨਮੋਲ ਸਿੰਘ, ਲਾਲਜੀ, ਮੋਕਸ਼ ਅਬਰੋਲ ਅਤੇ ਹੋਰ। **(ਫੋਟੋ ਤੇ ਵੇਰਵਾ:ਸੋਇਮ ਆਨੰਦ)**

# ਦੇਸਾ ਸਿੰਘ ਪਬਲਿਕ ਸਕੂਲ ਵਿਖੇ ਸਫਰ-ਏ-ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ ਅੱਜ

**ਮਜੀਠਾ (ਸੋਇਮ ਆਨੰਦ)**-ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਕੌਰ ਜੀ ਅਤੇ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਸਮਾਗਮ 29 ਦਸੰਬਰ ਦਿਨ ਸੋਮਵਾਰ ਨੂੰ ਦਾਦੂਪੁਰ ਰੋਡ ਨੇੜੇ ਦੇਸਾ ਸਿੰਘ ਪਬਲਿਕ ਸਕੂਲ ਮਜੀਠਾ ਵਿਖੇ ਸਮੂਹ ਸੁਸਾਇਟੀਆਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।ਇਸ ਧਾਰਮਿਕ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਅਮਰੀਕ ਸਿੰਘ ਕਾਰਸੇਵਾ ਸ੍ਰੀ ਅਨੰਦਪੁਰ ਸਾਹਿਬ ਅਤੇ ਅਮਨਦੀਪ ਸਿੰਘ ਯੂਐੱਸਏ ਨੇ ਦੱਸਿਆ ਕਿ ਇਸ ਸ਼ਹੀਦੀ ਸਮਾਗਮ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ ਜਿਨ੍ਹਾਂ ਦੇ 29 ਦਸੰਬਰ ਦਿਨ ਸੋਮਵਾਰ ਨੂੰ ਭੋਗ ਪੈਣ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਧਾਰਮਿਕ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਭਾਈ ਪ੍ਰਦੀਪ ਸਿੰਘ, ਭਾਈ ਕੁਲਦੀਪ ਸਿੰਘ ਅਤੇ ਭਾਈ ਜਸਪਿੰਦਰ ਸਿੰਘ ਤਿਨੋ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਅਪਣੇ ਅਨਮੋਲ ਵਚਨਾਂ ਦੀ ਰਸਭਿੰਨੀ ਅਵਾਜ਼ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਕਥਾਵਾਚਕ ਗਿਆਨੀ ਮਾਨ ਸਿੰਘ ਸਾਬਕਾ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਜੀ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸ਼ਹੀਦਾਂ ਦੀ ਸ਼ਹਾਦਤ ਤੇ ਚਾਨਣਾ ਪਾਉਣਗੇ। ਇਸ ਸਮਾਗਮ ਵਿੱਚ ਸੰਗਤਾਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਪ੍ਰਬੰਧਕਾਂ ਵੱਲੋਂ ਅਪੀਲ ਕੀਤੀ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

# ਲਾਸਾਨੀ ਸ਼ਹਾਦਤਾਂ ਨੂੰ ਸਮਰਪਿਤ ਭੈਣੀ ਬਾਂਗਰ 'ਚ ਦੁੱਧ ਦਾ ਲੰਗਰ ਲਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪਿੰਡ ਭੈਣੀ ਬਾਂਗਰ ਦੀ ਸਮੂਹ ਸੰਗਤ ਵੱਲੋਂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਦੁੱਧ ਦੇ ਲੰਗਰ ਲਗਾਇਆ ਗਿਆ। ਪ੍ਰਬੰਧਕ ਸ਼ਰਧਾਲੂ ਸੇਵਾਦਾਰਾਂ ਵੱਲੋਂ ਦੁੱਧ ਦੇ ਲੰਗਰ ਦੀ ਆਰੰਭਤਾ ਮੌਕੇ ਅਰਦਾਸ ਕੀਤੀ ਗਈ। ਇਸ ਉਪਰੰਤ ਪੂਰੇ ਸਤਿਕਾਰ ਤੇ ਸ਼ਰਧਾ ਭਾਵਨਾ ਨਾਲ ਤਿਆਰ ਬਦਾਮ ਗਿਰੀਆਂ, ਕਾਜੂ, ਕੇਸਰ ਵਾਲਾ ਦੁੱਧ ਦਾ ਲੰਗਰ ਸੰਗਤਾਂ ਨੂੰ ਵਰਤਾਇਆ ਗਿਆ। ਇਸ ਮੌਕੇ ਸ਼ਰਧਾਲੂ ਸੇਵਾਦਾਰ ਬਲਵਿੰਦਰ ਸਿੰਘ ਸੋਨਾ ਬਾਜਵਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਸਮੇਤ ਹੋਰ ਲਾਸਾਨੀ ਸ਼ਹਾਦਤਾਂ ਨੂੰ ਨਮਨ ਹੁੰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਇਨ੍ਹਾਂ ਸ਼ਹਾਦਤਾਂ ਨੂੰ ਯਾਦ ਰੱਖਣਾ ਚਾਹੀਦਾ ਹੈ।

ਇਸ ਮੌਕੇ ਬਲਵਿੰਦਰ ਸਿੰਘ ਸੋਨਾ ਬਾਜਵਾ, ਕੈਪਟਨ ਜਨਕ ਸਿੰਘ ਸੋਹਲ, ਮੈਂਬਰ ਗੁਰਚਰਨ ਸਿੰਘ, ਮੈਂਬਰ ਜਨਕ ਰਾਜ, ਦਰਸ਼ਨ ਸਿੰਘ ਰਾਜੂ, ਮੰਗਲ ਦਾਸ, ਹਰਬੰਸ ਸਿੰਘ, ਧਿਆਨ ਸਿੰਘ, ਮੰਗਲ ਸਿੰਘ ਫੌਜੀ, ਸਿਮਰਨਜੀਤ ਸਿੰਘ, ਰਮੇਸ਼ ਸਿੰਘ, ਅਭੀ, ਸ਼ਿਵਮ, ਪ੍ਰਿੰਸ ਆਦਿ ਸ਼ਰਧਾਲੂ ਸੇਵਾਦਾਰਾਂ ਦੇ ਦੁੱਧ ਦਾ ਲੰਗਰ ਵਰਤਾਉਣ ਦੀ ਸੇਵਾ ਨਿਭਾਈ।

# ਮਨਰੇਗਾ ਨੂੰ ਖਤਮ ਕਰਨ ਵਿਰੁੱਧ ਮਜ਼ਦੂਰ ਵਰਗ 'ਚ ਭਾਰੀ ਰੋਸ : ਬੋਪਾਰਾਏ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਕਿਸਾਨ ਵਿੰਗ ਦੇ ਪ੍ਰਧਾਨ ਬਲਬੀਰ ਸਿੰਘ ਬੋਪਾਰਾਏ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਇੱਕ ਪਾਸੇ ਮਨਰੇਗਾ ਨੂੰ ਖਤਮ ਕਰਕੇ 'ਵੀ ਬੀ ਜੀ ਰਾਮ ਜੀ' ਰਾਹੀਂ ਕੇਂਦਰੀ ਬਜਟ 'ਚੋਂ ਪੈਣ ਵਾਲਾ 90 ਫੀਸਦੀ ਹਿੱਸਾ ਘਟਾ ਕੇ 60 ਫੀਸਦੀ ਕਰਨ ਵਰਗੇ ਮਜ਼ਦੂਰ ਵਿਰੋਧੀ ਕਦਮਾਂ ਕਦਮਾਂ ਰਾਹੀਂ ਮਜ਼ਦੂਰਾਂ ਦਾ ਰੁਜ਼ਗਾਰ ਖੋਹ ਰਹੀ ਹੈ, ਦੂਜੇ ਪਾਸੇ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਇਨ੍ਹਾਂ ਮਜ਼ਦੂਰ ਵਿਰੋਧੀ ਕਦਮਾਂ ਦੇ ਹੱਕ 'ਚ ਮਤੇ ਪਾਸ ਕਰਵਾ ਕੇ ਪਿੰਡਾਂ 'ਚ ਮਜ਼ਦੂਰਾਂ ਖਿਲਾਫ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਖਿਲਾਫ ਮਜ਼ਦੂਰ ਵਰਗ 'ਚ ਭਾਰੀ ਰੋਸ ਹੈ।ਉਨ੍ਹਾਂ ਆਖਿਆ ਕਿ ਹਰੀ ਕ੍ਰਾਂਤੀ ਅਤੇ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਪੇਂਡੂ ਤੇ ਖੇਤ ਮਜ਼ਦੂਰਾਂ ਨੂੰ 'ਚ ਵਾਧਾ ਕਰਨ ਵਰਗੇ ਕਦਮ ਚੁੱਕਣ ਦੀ



ਸੀ ਪਰ ਕੇਂਦਰ ਸਰਕਾਰ ਉਲਟੀ ਗੰਗਾ ਵਹਾ ਕੇ ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਗਰੀਬ ਅਤੇ ਮਜ਼ਦੂਰ ਲੋਕਾਂ ਨਾਲ ਧੋਖਾ ਕਰ ਰਹੀ ਹੈ ਜਿਸ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

# ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵਿਖੇ 7 ਰੋਜ਼ਾ ਐੱਨ ਐੱਸ ਐੱਸ ਕੈਂਪ ਸ਼ੁਰੂ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਸੇਵਾ ਦੇ ਪੁੰਜ ਬਾਬਾ ਖੜਕ ਸਿੰਘ ਜੀ ਅਤੇ ਬਾਬਾ ਦਰਸ਼ਨ ਸਿੰਘ ਜੀ ਦੁਆਰਾ ਸਥਾਪਿਤ ਅਤੇ ਬਾਬਾ ਸੰਤੋਖ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਬਾਬਾ ਬੁੱਢਾ ਕਾਲਜ, ਬੀੜ ਸਾਹਿਬ ਵਿਖੇ 7 ਰੋਜ਼ਾ ਐੱਨਐੱਸਐੱਸ ਕੈਂਪ ਦੀ ਸ਼ੁਰੂਆਤ ਕੀਤੀ ਗਈ।ਇਸ ਕੈਂਪ ਦੀ ਸ਼ੁਰੂਆਤ ਵਿਚ ਵਿਦਿਆਰਥੀਆਂ ਅਤੇ ਸਟਾਫ਼ ਨੇ ਗੁਰਬਾਣੀ ਪੜ੍ਹ ਕੇ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਤੋਂ ਬਾਅਦ ਪ੍ਰਿੰਸੀਪਲ ਡਾ. ਕਰਨਜੀਤ ਸਿੰਘ ਬੇਦੀ ਨੇ ਐੱਨਐੱਸਐੱਸ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਅਤੇ ਜ਼ਿੰਦਗੀ ਵਿੱਚ ਹਰ ਉਸਾਰੂ ਕੰਮ ਨੂੰ ਮਿਹਨਤ ਅਤੇ ਆਨੰਦ ਨਾਲ ਕਰਨ ਨੂੰ ਸਫਲਤਾ ਦੀ ਕੁੰਜੀ ਦੱਸਿਆ।ਐੱਨਐੱਸਐੱਸ ਇੰਚਾਰਜ ਪ੍ਰੋ. ਅਮਰਪ੍ਰੀਤ ਕੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ 'ਬੇਟੀ ਪੜ੍ਹਾਓ, ਬੇਟੀ ਬਚਾਓ' ਨਾਅਰੇ ਹੇਠ ਇਕ ਰੈਲੀ ਵੀਂ ਕੱਢੀ ਗਈ ਅਤੇ ਵਿਦਿਆਰਥੀਆ ਨੂੰ ਰਿਫਰੈਸ਼ਮੈਂਟ ਦੇਣ ਉਪਰੰਤ ਅਗਲੇ ਦਿਨ ਦੀ ਰੂਪ ਰੇਖਾ ਦੱਸੀ ਗਈ।ਇਸ ਮੌਕੇ ਪ੍ਰੋ. ਅਕਵਿੰਦਰ ਕੌਰ, ਪ੍ਰੋ. ਸੁਰਿੰਦਰ ਸਿੰਘ, ਸੁਖਬੀਰ ਸਿੰਘ, ਨਿਰਵੈਲ ਸਿੰਘ, ਮੈਡਮ ਅਮਨਦੀਪ ਕੌਰ ਆਦਿ ਹਾਜ਼ਰ ਸਨ।




# ਸੜਕਾਂ ਦੇ ਮਾਮਲੇ 'ਚ ਪਿਛਲੇ 50 ਸਾਲਾਂ ਦਾ ਰਿਕਾਰਡ ਟੁੱਟਾ : ਸਰਪੰਚ ਮਨਦੀਪ ਸਿੰਘ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**-ਸੂਬੇ ਦੀ ਮਾਨ ਸਰਕਾਰ ਨੇ ਸੂਬੇ ਵਿੱਚ ਸੜਕਾਂ ਦਾ ਜਾਲ ਵਿਛਾ ਕੇ ਪਿਛਲੇ 50 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਆਪ ਆਗੂ ਸਰਪੰਚ ਮਨਦੀਪ ਸਿੰਘ ਪਰਾਣਾ ਤਨੇਲ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਜੋ ਵਿਕਾਸ ਪੱਖੋਂ ਕਾਫੀ



ਪੱਛੜਦਾ ਜਾ ਰਿਹਾ ਸੀ, ਹੁਣ ਦਿਨ ਪ੍ਰਤੀ ਦਿਨ ਸੂਬੇ ਦਾ ਨੰਬਰ ਵਨ ਹਲਕਾ ਬਣਦਾ ਜਾ ਰਿਹਾ ਹੈ ਜਿਸ ਦਾ ਸਿਹਰਾ ਆਮ ਆਦਮੀ ਪਾਰਟੀ ਹਲਕੇ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਨੂੰ ਜਾਂਦਾ ਹੈ ਜੋ ਹਲਕੇ ਲਈ ਇੱਕ ਉਮੀਦ ਸਾਬਤ ਹੋ ਰਹੇ ਹਨ। ਹਲਕੇ ਲਈ ਕੀਤੇ ਜਾ ਰਹੇ ਵਿਕਾਸ ਕਾਰਜਾਂ ਸਦਕਾ ਸ਼੍ਰੀ ਗਿੱਲ ਨਾਲ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਜੁੜ ਰਹੇ ਹਨ ਅਤੇ ਕਾਫਲਾ ਹੋਰ ਵੀ ਵੱਡਾ ਹੁੰਦਾ ਜਾ ਰਿਹਾ ਹੈ।

# ਭੱਠਲ ਫਾਰਮ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਭਲਕੇ : ਡਾ. ਭੁਪਿੰਦਰ ਸਿੰਘ

**ਪੱਟੀ, (ਬਲਦੇਵ ਸਿੰਘ ਸੰਧੂ)**

ਹਾੜ੍ਹੀ ਦੀਆਂ ਫਸਲਾਂ ਸਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਮਾਣਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਆਈਏਐੱਸ ਦੀ ਅਗਵਾਈ ਹੇਠ ਭੱਠਲ ਫਾਰਮ ਨੌਸ਼ਹਿਰਾ ਪੰਨੂਆਂ ਜ਼ਿਲ੍ਹਾ ਤਰਨ ਤਾਰਨ ਵਿਖੇ 30 ਦਸੰਬਰ ਦਿਨ ਮੰਗਲਵਾਰ ਨੂੰ ਸਵੇਰੇ 10.30 ਵਜੇ ਤੋਂ ਆਯੋਜਿਤ ਕੀਤਾ ਜਾ ਰਿਹਾ ਹੈ।ਮਾਣਯੋਗ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਇਸ ਕੈਂਪ ਦੇ ਮੁੱਖ ਮਹਿਮਾਨ ਹੋਣਗੇ।ਕੈਂਪ ਸਬੰਧੀ ਸਮੂਹ ਸਟਾਫ ਦੀ ਮੀਟਿੰਗ ਕਰਦਿਆਂ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਨੇ ਦੱਸਿਆ ਕਿ ਮੁੱਖ ਖੇਤੀਬਾੜੀ ਅਫਸਰ ਤਰਨਤਰਨ ਡਾ. ਤੇਜਬੀਰ ਸਿੰਘ ਦੀ ਅਗਵਾਈ ਹੇਠ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਕਿਸਾਨਾਂ ਨੂੰ ਹਾੜ੍ਹੀ ਦੀਆਂ ਫਸਲਾਂ, ਬਾਗਬਾਨੀ, ਡੇਅਰੀ ਅਤੇ ਖੇਤੀ ਸਹਾਇਕ ਧੰਦਿਆਂ ਆਦਿ ਬਾਰੇ ਤਕਨੀਕੀ ਜਾਣਕਾਰੀ ਦੇਣਗੇ।ਇਸ ਮੌਕੇ ਵੱਖ-ਵੱਖ ਕਿਸਮ ਦੀਆਂ ਪ੍ਰਦਰਸ਼ਨੀਆਂ ਜਿਵੇਂ ਕਿ ਮੱਛੀ ਪਾਲਣ, ਪਸ਼ੂ ਪਾਲਣ, ਸ਼ਹਿਦ ਮੱਖੀ ਪਾਲਣ, ਭੂਮੀ ਰੱਖਿਆ, ਡੇਅਰੀ, ਸੁਧਰੇ ਹੋਏ ਬੀਜ, ਖਾਦ, ਦਵਾਈਆਂ, ਸੈਲਫ ਹੈਲਪ ਗਰੁੱਪਾਂ ਅਤੇ ਖੇਤੀਬਾੜੀ ਸਬੰਧੀ ਮਸ਼ੀਨਰੀ ਦੇ ਪੰਡਾਲ ਲਗਾਏ ਜਾਣਗੇ ।ਪ੍ਰੈੱਸ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਡਾ. ਭੁਪਿੰਦਰ ਸਿੰਘ ਏਓ ਪੱਟੀ, ਡਾ.



ਪਰਮਿੰਦਰ ਕੌਰ ਏਡੀਓ, ਰਜਿੰਦਰ ਕੁਮਾਰ ਏਈਓ, ਗੁਰਬਰਿੰਦਰ ਸਿੰਘ ਏਡੀਓ, ਮਨਮੋਹਨ ਸਿੰਘ ਏਈਓ, ਅਮਨਦੀਪ ਸਿੰਘ ਏਈਓ, ਦਇਆਪ੍ਰੀਤ ਸਿੰਘ ਏਈਓ, ਹਰਮਨਦੀਪ ਕੌਰ ਏਡੀਓ ਅਤੇ ਗੁਰਪ੍ਰੀਤ ਸਿੰਘ ਬੀਟੀਐੱਮ ਨੇ ਇਸ ਕੈਂਪ ਵਿੱਚ ਕਿਸਾਨਾਂ ਨੂੰ ਸ਼ਾਮਿਲ ਹੋਣ ਲਈ ਸੱਦਾ ਦਿੱਤਾ।

# ਸੀਨੀਅਰ ਸਿਟੀਜ਼ਨ ਅਭਿਆਨ ਟਰੱਸਟ ਨੇ ਵੱਖ-ਵੱਖ ਮਸਲਿਆਂ 'ਤੇ ਕੀਤੀ ਮਹੀਨਾਵਾਰ ਮੀਟਿੰਗ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਸੀਨੀਅਰ ਸਿਟੀਜ਼ਨਜ਼ ਅਭਿਆਨ ਟਰੱਸਟ ਦੀ ਮਹੀਨਾਵਾਰ ਮੀਟਿੰਗ ਚੰਦਰ ਸ਼ੇਖਰ ਸ਼ਰਮਾ ਦੀ ਅਗਵਾਈ ਹੇਠ ਮਯੂਰ ਹੋਟਲ ਵਿਖੇ ਹੋਈ। ਮੀਟਿੰਗ ਵਿੱਚ ਡਾ. ਆਰ.



ਪੀ. ਐੱਸ. ਬੋਪਾਰਾਏ ਵੀ ਵਿਸ਼ੇਸ਼ ਮਹਿਮਾਨ ਤੇ ਤੌਰ ਤੇ ਪਹੁੰਚੇ। ਮੀਟਿੰਗ ਵਿੱਚ ਮਹਿਲਾ ਵਿੰਗ ਨੇ ਵੀ ਹਿੱਸਾ ਲਿਆ, ਸ਼੍ਰੀ ਗੁਲਸ਼ਨ ਕੁਮਾਰ ਚਾਵਲਾ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ। ਸੀਨੀਅਰ ਨਾਗਰਿਕਾਂ ਦੀ ਸਿਹਤ ਅਤੇ ਪ੍ਰਦੂਸ਼ਿਤ ਵਾਤਾਵਰਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਗੋਆ ਵਿੱਚ ਹਾਲ ਹੀ ਵਿੱਚ ਅਗਨੀਕਾਂਡ ਹੋਇਆ ਜਿਸ ਵਿੱਚ ਕਈ ਜਾਨਾਂ ਗਈਆਂ ਹਨ ਉਨ੍ਹਾਂ ਲਈ ਇੱਕ ਮਿੰਟ ਦਾ ਮੌਨ ਰੱਖਿਆ ਗਿਆ। ਪੈਨਸ਼ਨਰ ਸਰਕਾਰ ਵੱਲੋਂ ਉਨ੍ਹਾਂ ਦੇ 16% ਡੀਏ ਦਾ ਭੁਗਤਾਨ ਨਾ ਕਰਨ 'ਤੇ ਬਹੁਤ ਨਾਰਾਜ਼ ਹਨ। ਪੰਜਾਬ ਰੋਡਵੇਜ਼ ਦੇ ਇੰਸਪੈਕਟਰਾਂ ਨੇ ਹਾਈ ਕੋਰਟ ਵਿੱਚ ਕੇਸ ਵੀ ਦਾਇਰ ਕੀਤਾ। ਕੇਸ ਦਾ ਫੈਸਲਾ ਉਨ੍ਹਾਂ ਦੇ ਹੱਕ ਵਿੱਚ ਹੋਇਆ, ਪਰ ਚਾਰ ਮਹੀਨੇ ਬੀਤ ਗਏ ਹਨ ਅਤੇ ਪੈਨਸ਼ਨਰਾਂ ਨੂੰ ਕੋਈ ਇਨਸਾਫ ਨਹੀਂ ਮਿਲਿਆ। ਸੜਕਾਂ ਹਰ ਪਾਸੇ ਟੁੱਟੀਆਂ ਹੋਈਆਂ ਹਨ ਅਤੇ ਖਸਤਾ ਹਾਲਤ ਵਿੱਚ ਹਨ, ਜਿਸ ਕਾਰਨ ਬਹੁਤ ਸਾਰੇ ਸੀਨੀਅਰ ਸਿਟੀਜ਼ਨ ਹਾਦਸੇ ਦਾ ਸ਼ਿਕਾਰ ਹੋ ਰਹੇ ਹਨ। ਇਸ ਮੌਕੇ ਕਮਲ ਸ਼ਰਮਾ ਨੇ ਸਟੇਜ ਸੰਭਾਲੀ।ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਤਿੰਨ ਮੈਂਬਰਾਂ ਲਈ ਇਨਾਮ ਕੱਢੇ ਗਏ ਅਤੇ ਇਹ ਇਨਾਮ ਜਨਕ ਜੋਸ਼ੀ ਦੁਆਰਾ ਦਿੱਤੇ ਗਏ। ਮੀਟਿੰਗ ਵਿੱਚ ਆਉਣ ਵਾਲੇ ਮੈਡੀਕਲ ਕੈਂਪ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਾਰੇ ਮੈਂਬਰਾਂ ਨੇ ਆਪਣੇ ਸੁਝਾਅ ਵੀ ਪੇਸ਼ ਕੀਤੇ। ਇਸ ਮੌਕੇ ਸੰਸਥਾ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਹੋਰ ਵੀ ਇਸ ਮੀਟਿੰਗ ਵਿੱਚ ਮੌਜੂਦ ਸਨ, ਜਿਸ ਵਿੱਚ ਪ੍ਰਦੀਪ ਕੁਮਾਰ, ਡਾ. ਸ਼ਸ਼ੀ ਕਿਰਨ, ਦਿਨੇਸ਼ ਸ਼ਰਮਾ, ਵਿਪਨ ਪੁਰੀ, ਬਲਦੇਵ ਰਾਜ, ਸੁਖਬੀਰ ਸਿੰਘ, ਅਮਰਜੀਤ ਸਿੰਘ ਕਾਲੀਆ, ਮਹਿੰਦਰ ਸਿੰਘ, ਮਨਮੋਹਨ ਸਹਿਗਲ ਵੀ ਮੌਜੂਦ ਸਨ।

# ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸਨੰਗਲ ਵਿਖੇ ਸਾਲਾਨਾ ਖੇਡ ਮੁਕਾਬਲੇ ਕਰਵਾਏ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਧੀਨ ਚੱਲ ਰਹੀ ਸੰਸਥਾ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰਿੰਸੀਪਲ ਸਰਬਜੀਤ ਕੌਰ ਦੀ ਅਗਵਾਈ ਹੇਠ ਬੀਤੇ ਦਿਨੀਂ ਸਾਲਾਨਾ ਖੇਡ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਨੇ ਦੱਸਿਆ ਇਹ ਮੁਕਾਬਲੇ ਸਕੂਲ ਦੇ ਪੀ. ਟੀ. ਆਈ. ਅਮਰੀਕ ਸਿੰਘ ਲੇਹਲ ਦੁਆਰਾ ਖਿਡਾਰੀਆਂ ਨੂੰ ਹਾਊਸਾਂ ਵਿੱਚ ਵੰਡ ਕੇ ਕਰਵਾਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਦੇ ਗਿਆਨੀ ਜਸਵਿੰਦਰ ਸਿੰਘ ਕਲੇਰ ਸਾਮਲ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨਾਂ ਵਿੱਚ ਬਾਬਾ ਅਜੈ ਸਿੰਘ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਗੁਰਜੀਤ ਸਿੰਘ, ਪ੍ਰਚਾਰਕ ਰਾਜਬੀਰ ਕੌਰ, ਇੰਸਪੈਕਟਰ ਗੁਰਵਿੰਦਰ ਸਿੰਘ ਆਦਿ ਸ਼ਾਮਲ ਹੋਏ। ਪ੍ਰਿੰਸੀਪਲ ਸਰਬਜੀਤ ਕੌਰ ਨੇ ਦੱਸਿਆ ਕਿ ਖੇਡਾਂ ਦੌਰਾਨ ਨਰਸਰੀ ਤੋਂ ਤੀਸਰੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ 50 ਮੀਟਰ ਦੌੜ, ਬੈਕ ਦੌੜ, ਚਮਚਾ ਦੌੜ, ਇੱਕ ਲੱਤ ਵਾਲੀ ਦੌੜ ਅਤੇ ਜੰਪਿੰਗ ਦੌੜ ਆਦਿ ਵਿੱਚ ਭਾਗ ਲਿਆ। ਚੌਥੀ ਤੇ ਪੰਜਵੀਂ ਜਮਾਤ ਦੇ (ਅੰਡਰ-11) ਲੜਕੇ/ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਛੇਵੀਂ ਤੋਂ ਅੱਠਵੀਂ ਜਮਾਤ ਦੇ (ਅੰਡਰ-14) ਲੜਕੇ/ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਨੌਵੀਂ ਅਤੇ ਦਸਵੀਂ ਜਮਾਤ (ਅੰਡਰ-17) ਦੇ ਖਿਡਾਰੀਆਂ ਨੂੰ ਹਾਊਸਾਂ ਵਿੱਚ ਵੰਡ ਕੇ ਮੁਕਾਬਲੇ ਕਰਵਾਏ। ਖਿਡਾਰੀਆਂ ਨੇ ਟਰੈਕ ਈਵੈਂਟ ਅਤੇ ਫੀਲਡ ਇਵੈਂਟ ਵਿੱਚ ਭਾਗ ਲਿਆ। ਟਰੈਕ ਇਵੈਂਟ ਵਿੱਚ 100 ਮੀਟਰ, 200 ਮੀਟਰ, 4100 ਮੀਟਰ ਰਿਲੇਅ ਆਦਿ ਵਿੱਚ ਭਾਗ ਲਿਆ। ਫੀਲਡ ਈਵੈਂਟ ਵਿਚ ਲੰਬੀ ਛਾਲ, ਸ਼ਾਟਪੁੱਟ ਅਤੇ ਡਿਸਕਸ ਥਰੋਅ ਦੇ ਮੁਕਾਬਲਿਆਂ ਵਿੱਚ ਹਾਊਸ ਵਾਈਜ਼ ਭਾਗ ਲਿਆ । ਜੇਤੂ ਖਿਡਾਰੀਆਂ ਨੂੰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਦੁਆਰਾ ਇਨਾਮ ਤਕਸੀਮ ਕੀਤੇ ਗਏ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਕਿਹਾ ਖੇਡਾਂ ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ ਅਤੇ ਸਰੀਰ ਨੂੰ ਤੰਦਰੁਸਤੀ ਅਤੇ ਮਾਨਸਿਕ ਤੌਰ 'ਤੇ ਤਾਕਤਵਰ ਬਣਾਉਂਦੀਆਂ ਹਨ। ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ। ਇਸ ਸਮੇਂ ਸਟੇਜ ਸਕੱਤਰ ਦੇ ਭੂਮਿਕਾ ਅਧਿਆਪਕਾ ਜਗਦੀਪ ਕੌਰ ਤੇ ਰਵਨੀਤ ਕੌਰ ਨੇ ਨਿਭਾਈ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸਨ।



# ਸਾਹਿਬਜ਼ਾਦਿਆਂ ਦੀ ਦੁਨੀਆ 'ਚ ਸਭ ਤੋਂ ਵੱਡੀ ਸ਼ਹਾਦਤ : ਰੰਧਾਵਾ ਭੱਟੀਕੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸਰਬੰਸਦਾਨੀ ਕਲਗੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ 'ਚ ਦਿਲ ਕੰਬਾਅ ਦੇਣ ਵਾਲਾ ਸਾਕਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਰਘਬੀਰ ਸਿੰਘ ਰੰਧਾਵਾ ਭੱਟੀਕੇ ਕੈਨੇਡਾ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਅੰਦਰ ਵਿਲੱਖਣ ਹੈ, ਜਿਸਨੇ ਪੂਰੀ ਦੁਨੀਆ ਨੂੰ ਧਾਰਮਿਕ ਪਹਿਰਾ ਦੇਣ ਦੀ ਜਾਚ ਸਿਖਾਈ ਹੈ।ਉਨ੍ਹਾਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਿੱਖ ਕੌਮ 'ਚ ਇਸ ਨੂੰ ਇਤਿਹਾਸਕ ਸ਼ਹਾਦਤ ਦੱਸਿਆ।ਰੰਧਾਵਾ ਨੇ ਕਿਹਾ ਕਿ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੀ ਜੰਗ ਲੜਦੇ ਸ਼ਹੀਦ ਹੋ ਗਏ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਨੀਹਾਂ 'ਚ ਸ਼ਹੀਦ ਕਰ ਦਿੱਤੇ ਗਏ।ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਜ਼ੁਲਮ ਖਿਲਾਫ ਲੜਨ ਤੇ ਸਿੱਖੀ ਸਿਧਾਂਤ 'ਤੇ ਪਹਿਰਾ ਦੇਣ ਦੀ ਪ੍ਰੇਰਨਾ ਦਿੰਦੀ ਹੈ।ਉਨ੍ਹਾਂ ਕਿਹਾ ਕਿ ਇਹ ਸ਼ਹਾਦਤਾਂ ਪੂਰੀ ਦੁਨੀਆ ਅੰਦਰ ਸਭ ਤੋਂ ਵੱਡੀਆਂ ਸ਼ਹਾਦਤਾਂ ਹਨ ਜਿਸ ਦੀ ਹੋਰ ਕਿਧਰੇ ਕੋਈ ਵੀ ਮਿਸਾਲ ਨਹੀਂ ਮਿਲਦੀ।



# ਸਾਹਿਬਜ਼ਾਦਿਆਂ ਦੀ ਯਾਦ 'ਚ ਗੁ. ਬੀਬੀ ਰਜਨੀ ਜੀ ਵਿਖੇ ਲਗਾਇਆ ਵਿਸ਼ਾਲ ਖ਼ੂਨਦਾਨ ਕੈਂਪ

**ਪੱਟੀ, (ਬਲਦੇਵ ਸਿੰਘ ਸੰਧੂ)**

ਮਨੁੱਖਤਾ ਦੀ ਸੇਵਾ ਖ਼ੂਨਦਾਨ ਸੁਸਾਇਟੀ ਪੱਟੀ ਪੰਜਾਬ ਵੱਲੋਂ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਗੁਰਦੁਆਰਾ ਬੀਬੀ ਰਜਨੀ ਜੀ ਪੱਟੀ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ।ਕੈਂਪ ਦੌਰਾਨ ਅੰਮ੍ਰਿਤ ਵੇਲੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਯਾਦ ਕਰਦਿਆਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਆਰੰਭ ਕਰਵਾਏ ਗਏ ਜਿਸ ਦੇ ਭੋਗ ਪੈਣ ਉਪਰੰਤ ਜੈਕਾਰਿਆਂ ਦੀ ਗੂੰਜ ਨਾਲ ਖ਼ੂਨਦਾਨ ਕੈਂਪ ਦੀ ਸ਼ੁਰੂਆਤ ਕੀਤੀ ਗਈ ਜਿਸ ਵਿਚ ਵੱਧ-ਚੜ੍ਹ ਕੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ ਅਤੇ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਮੌਕੇ ਸੰਸਥਾ ਦੇ ਮੁੱਖ ਪ੍ਰਬੰਧਕ ਮਲਕੀਅਤ ਸਿੰਘ ਬੱਬਲ ਨੇ ਦੱਸਿਆ ਕਿ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਮਾਨਵਤਾ ਦੇ ਭਲੇ ਦੀ ਸਿੱਖਿਆ ਦਿੱਤੀ ਹੈ ਅਤੇ ਚਾਰ ਸਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਮੁੱਖ ਰੱਖ ਕੇ ਸਭ ਦੇ ਸਹਿਯੋਗ ਨਾਲ ਇਹ ਉਪਰਾਲਾ ਕੀਤਾ ਗਿਆ।ਇਸ ਮੌਕੇ ਮੈਂਬਰ ਸੁਖਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਬਿਮਾਰੀਆਂ ਨੇ ਵੱਡੇ ਪੱਧਰ 'ਤੇ ਪੈਰ ਪਸਾਰ ਲਏ ਹਨ ਜਿਸ ਕਾਰਨ ਹਸਪਤਾਲਾਂ ਵਿਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਲੋਕਾਂ ਨੂੰ ਬਲੱਡ ਦੀ ਜ਼ਰੂਰਤ ਆਮ ਹੀ ਬਣੀ ਰਹਿੰਦੀ ਹੈ ਤੇ ਬਲੱਡ ਲੈਣ ਲਈ ਲੋਕਾਂ ਨੂੰ ਕਾਫੀ ਮੁਸ਼ਕਲ ਆਉਂਦੀ ਹੈ।ਇਸ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ ਮਨੁੱਖਤਾ ਦੀ ਸੇਵਾ ਖ਼ੂਨਦਾਨ ਸੁਸਾਇਟੀ ਜਿੱਥੇ ਹਰ ਰੋਜ਼ ਹੀ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੀ ਹੈ ਉਥੇ ਹੀ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਇਲਾਕੇ ਦੇ ਨੌਜਵਾਨ ਵੀਰਾਂ ਅਤੇ ਭੈਣਾਂ ਵੱਲੋਂ ਉਤਸ਼ਾਹ ਨਾਲ 422 ਯੂਨਿਟ ਖ਼ੂਨਦਾਨ ਕੀਤਾ ਗਿਆ।ਇਸ ਮੌਕੇ ਸੁਸਾਇਟੀ ਮੈਂਬਰ ਜੱਸਾ ਸਿੰਘ ਨੇ ਕਿਹਾ ਕਿ ਇਸ ਸੰਸਥਾ ਵੱਲੋਂ ਕੀਤੇ ਉਪਰਾਲੇ ਸਦਕਾ ਇਲਾਕੇ ਦੇ ਨੌਜਵਾਨ ਚੰਗੇ ਪਾਸੇ ਵੱਲ ਜਾ ਰਹੇ ਹਨ ।ਉਨ੍ਹਾਂ ਕਿਹਾ ਕਿ ਹਰ ਉਸ ਤੰਦਰੁਸਤ ਇਨਸਾਨ ਨੂੰ ਜਿਸ ਦੀ ਉਮਰ 18 ਤੋਂ 60 ਸਾਲ ਦੀ ਹੈ ਉਸ ਨੂੰ ਜ਼ਰੂਰ ਖ਼ੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਮਨੁੱਖਤਾ ਦੀ ਸੇਵਾ ਖ਼ੂਨਦਾਨ ਸੁਸਾਇਟੀ ਵੱਲੋਂ ਖ਼ੂਨਦਾਨ ਕਰਨ ਵਾਲੇ ਨੌਜਵਾਨਾ ਨੂੰ ਸਰਟੀਫਿਕੇਟ ਅਤੇ ਸ਼ੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮਾਝਾ ਜ਼ੋਨ ਦੇ ਇੰਚਾਰਜ ਪ੍ਰਿੰਸ ਧੁੰਨਾ, ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਪੱਟੀ ਦੇ ਸੇਵਾਦਾਰ ਗੁਰਮੀਤ ਸਿੰਘ ਹੈਪੀ, ਸ਼ਹੀਦ ਕਰਤਾਰ ਸਿੰਘ ਸਰਾਭਾ ਹੈਲਪਿੰਗ ਹੈਂਡ ਸੁਸਾਇਟੀ ਤੋਂ ਇੰਦਰਪ੍ਰੀਤ ਸਿੰਘ ਧਾਮੀ, ਵਿਸ਼ਾਲ ਸੂਦ, ਬਾਬਾ ਦੀਪ ਸਿੰਘ ਕੀਰਤਨ ਦਰਬਾਰ ਸੁਸਾਇਟੀ ਪੱਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਬੱਬੂ, ਭਗਤ ਪੂਰਨ ਸਿੰਘ ਖ਼ੂਨਦਾਨ ਕਮੇਟੀ ਦੇ ਪ੍ਰਧਾਨ ਜਤਿਨ ਸ਼ਰਮਾ, ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦੇ ਮੈਂਬਰ ਭਾਈ ਜਗਜੀਤ ਸਿੰਘ ਅਹਿਮਦਪੁਰ, ਬੀਬੀ ਰਜਨੀ ਜੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਬੀਰ ਸਿੰਘ ਲੋਹਾਰੀਆ, ਐਂਟੀ ਡਰੱਗ ਸੁਸਾਇਟੀ ਦੇ ਆਗੂ ਸਤਨਾਮ ਸਿੰਘ ਮਨਾਵਾਂ, ਹਰਪ੍ਰੀਤ ਸਿੰਘ ਸੰਧੂ, ਸੇਵਾ ਐੱਸਡੀਐੱਮ ਰਣਜੀਤ ਸਿੰਘ, ਜਸਬੀਰ ਸਿੰਘ ਸੰਧੂ, ਮਾਂ ਚਿੰਤਪੁਰਨੀ ਧਰਮਸ਼ਾਲਾ ਕਮੇਟੀ ਤੋਂ ਅਸ਼ੋਕ ਬਜਾਜ, ਚੰਦਨ ਭਾਰਦਵਾਜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਕੈਂਪ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਵਾਲੇ ਇਲਾਕੇ ਦੀਆਂ ਸਮੂਹ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਪਤਵੰਤਿਆਂ ਨੂੰ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਅਮਰ ਸਿੰਘ, ਸੁਖਬੀਰ ਸਿੰਘ, ਜੱਸਾ ਸਿੰਘ, ਪਲਵਿੰਦਰ ਸਿੰਘ ਪਿੰਦਰ, ਕੇਪੀ ਗਿੱਲ, ਗੁਰਦੇਵ ਸਿੰਘ ਖਾਲਸਾ, ਮਾਸਟਰ ਸਰਬਜੀਤ ਸਿੰਘ, ਲਖਵਿੰਦਰ ਸਿੰਘ ਲੱਕੀ, ਮਨਪ੍ਰੀਤ ਸਿੰਘ ਸਾਗਰ, ਸੁਖਪਾਲ ਸਿੰਘ ਅਲਗੋਂ, ਵਿਵੇਕ ਕੁਮਾਰ, ਸਾਹਿਬ ਸਿੰਘ, ਰਣਜੀਤ ਸਿੰਘ, ਬਲਜੀਤ ਸਿੰਘ, ਰਾਜਬੀਰ ਸਿੰਘ, ਸੰਦੀਪ ਸਿੰਘ ਚੋਹਲਾ, ਨਿਸ਼ਾਨ ਦੀਪ ਸਿੰਘ, ਸ਼ਰਨ ਭਿੱਖੀਵਿੰਡ, ਗੁਰਵਿੰਦਰ ਸਿੰਘ ਮਾਸਟਰ, ਜੱਗਾ ਪੇਂਟਰ ਪੱਟੀ, ਚਰਨਜੀਤ ਟੋਨੀ ਖਾਲਸਾ, ਮਲਕੀਤ ਸਿੰਘ, ਭਗਵੰਤ ਸਿੰਘ, ਮਾਸਟਰ ਗੁਲਬਾਗ ਸਿੰਘ ਗੋਰਾ, ਮਲਕੀਤ ਸਿੰਘ, ਗੁਰਪ੍ਰਤਾਪ ਸਿੰਘ, ਸੰਦੀਪ ਸਿੰਘ ਸੰਨੀ, ਗਗਨ ਤਰਨਤਾਰਨ, ਜਗਰੂਪ ਸਿੰਘ, ਸੁਖਪਾਲ ਸਿੰਘ, ਗੋਲਡੀ, ਬੱਬਲੂ ਫੌਜੀ, ਰਾਜੂ, ਮਹਾਂਬੀਰ ਸਿੰਘ, ਸੰਦੀਪ ਸਿੰਘ, ਅੰਮ੍ਰਿਤ, ਅੰਮ੍ਰਿਤਪਾਲ ਸਿੰਘ, ਬੱਬਲੂ, ਰਵਨੀਤ ਸਿੰਘ, ਜਤਿੰਦਰ ਸਿੰਘ, ਜਸ਼ਨਦੀਪ ਸਿੰਘ, ਤਜਿੰਦਰ ਸਿੰਘ, ਸਮਰੱਥਬੀਰ ਸਿੰਘ ਆਦਿ ਹਾਜ਼ਰ ਸਨ ।




# ਜਮਾਤ ਅਹਿਮਦੀਆ ਦਾ 130ਵਾਂ ਤਿੰਨ ਰੋਜ਼ਾ ਸਾਲਾਨਾ ਜਲਸਾ ਸ਼ਾਨੋ-ਸ਼ੌਕਤ ਨਾਲ ਸੰਪੰਨ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਜਮਾਤ ਅਹਿਮਦੀਆ ਦਾ 130ਵਾਂ ਸਾਲਾਨਾ ਜਲਸਾ ਕਾਮਯਾਬੀ ਨਾਲ ਸਮਾਪਤ ਹੋਇਆ।ਇਸ ਤਿੰਨ ਦਿਨਾਂ ਦੇ ਜਲਸੇ ਦਾ ਕੇਂਦਰੀ ਨੁਕਤਾ ਦਰਅਸਲ ਇਮਾਮ ਜਮਾਤ ਅਹਿਮਦੀਆ ਆਲਮਗੀਰ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ, ਖ਼ਲੀਫ਼ਤੁਲ ਮਸੀਹ ਖ਼ਾਮਿਸ ਅਯਦਹੁੱਲਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦਾ ਖ਼ਿਤਾਬ ਹੁੰਦਾ ਹੈ, ਜੋ ਹੁਜ਼ੂਰ ਅਨਵਰ ਯੂਨਾਈਟਿਡ ਕਿੰਗਡਮ ਤੋਂ ਸਿੱਧੇ ਤੌਰ 'ਤੇ ਜਮਾਤ ਅਹਿਮਦੀਆ ਆਲਮਗੀਰ ਦੇ ਸੈਟੇਲਾਈਟ ਟੀਵੀ ਚੈਨਲ ਮੁਸਲਿਮ ਟੈਲੀਵਿਜ਼ਨ ਅਹਮਦੀਆ (ਐੱਮਟੀਏ) ਰਾਹੀਂ ਇਰਸ਼ਾਦ ਫ਼ਰਮਾਉਂਦੇ ਹਨ।ਇਮਾਮ ਜਮਾਤ ਅਹਿਮਦੀਆ ਆਲਮਗੀਰ ਦਾ ਇਹ ਖ਼ਿਤਾਬ ਪੂਰੀ ਦੁਨੀਆ ਵਿੱਚ ਜਮਾਤ ਦੇ ਸੈਟੇਲਾਈਟ ਚੈਨਲਾਂ ਰਾਹੀਂ ਸੁਣਿਆ ਜਾਂਦਾ ਹੈ, ਜਿਸ ਵਿੱਚ ਹੁਜ਼ੂਰ ਅਨਵਰ ਆਪਣੀਆਂ ਕੀਮਤੀ ਨਸੀਹਤਾਂ ਨਾਲ ਦੁਨੀਆ ਭਰ ਦੇ ਅਹਿਮਦੀਆਂ ਨੂੰ ਨਿਵਾਜਦੇ ਹਨ। ਇਮਾਮ ਜਮਾਤ ਅਹਿਮਦੀਆ ਆਲਮਗੀਰ ਨੇ ਦੁਨੀਆ ਭਰ ਵਿੱਚ ਅਮਨ ਦੀ ਸਥਾਪਨਾ ਲਈ ਖ਼ਾਸ ਦੁਆਵਾਂ ਵੀ ਕਰਵਾਈਆਂ।ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿਸਲਾਮ ਨੇ ਇਸ ਜਲਸੇ ਨੂੰ ਖ਼ਾਲਿਸਤਨ ਅੱਲ੍ਹਾਹ ਲਈ ਹੋਣ ਵਾਲਾ ਜਲਸਾ ਬਣਾਉਣ ਦੀ ਖ਼ਾਹਿਸ਼ ਅਤੇ ਦੁਆ ਕੀਤੀ ਹੈ, ਜਿਸ ਵਿੱਚ ਸਾਡੀ ਰੂਹਾਨੀ ਅਤੇ ਇਲਮੀ ਤਰੱਕੀ ਦੇ ਨਾਲ ਨਾਲ ਤਰਬੀਅਤੀ ਮਾਮਲਿਆਂ ਵੱਲ ਵੀ ਧਿਆਨ ਦਿਵਾਇਆ ਜਾਂਦਾ ਹੈ।ਇਸ ਦਾ ਇੱਕ ਬਹੁਤ ਵੱਡਾ ਮਕਸਦ ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਸਲਾਤੁ ਵੱਸਲਾਮ ਨੇ ਫ਼ਰਮਾਇਆ ਕਿ ਆਪਸੀ ਮੁਹੱਬਤ ਅਤੇ ਭਾਈਚਾਰੇ ਦਾ ਰਿਸ਼ਤਾ ਕਾਇਮ ਕਰਨਾ ਵੀ ਹੈ। ਇੱਕ ਦੂਜੇ ਦਾ ਖ਼ਿਆਲ ਰੱਖਣਾ ਅਤੇ ਆਪਣੇ ਭਰਾ ਲਈ ਜੇ ਲੋੜ ਪਏ ਤਾਂ ਆਪਣੇ ਹੱਕ ਛੱਡਣ ਦਾ ਹੌਸਲਾ ਰੱਖਣਾ ਵੀ ਆਪਸੀ ਮੁਹੱਬਤ ਅਤੇ ਭਾਈਚਾਰੇ ਨੂੰ ਵਧਾਉਣ ਦਾ ਇੱਕ ਬਹੁਤ ਵੱਡਾ ਜ਼ਰੀਆ ਹੈ।ਜਲਸਾ ਸਾਲਾਨਾ ਕਾਦਿਆਨ ਆਪਸੀ ਭਾਈਚਾਰੇ ਦਾ ਸਬਕ ਸਿਖਾਉਂਦਾ ਹੈ।ਜੋ ਲੋਕ ਇਸ ਜਲਸੇ ਵਿੱਚ ਸ਼ਾਮਿਲ ਹੁੰਦੇ ਹਨ, ਉਨ੍ਹਾਂ ਦੇ ਅੰਦਰ ਹਮਦਰਦੀ ਦਾ ਜਜ਼ਬਾ ਪੈਦਾ ਹੁੰਦਾ ਹੈ ਅਤੇ ਉਹ ਦੇਸ਼ ਅਤੇ ਕੌਮ ਲਈ ਲਾਭਦਾਇਕ ਵਿਅਕਤੀ ਬਣਨ ਦੀ ਕੋਸ਼ਿਸ਼ ਕਰਦੇ ਹਨ।



# ਵੀਬੀ-ਜੀ ਰਾਮ ਜੀ ਬਿੱਲ ਮਨਰੇਗਾ ਦੀ ਆਤਮਾ 'ਤੇ ਹਮਲਾ : ਪਵਨ ਕੁਮਾਰ ਟੀਨੂ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਆਦਮਪੁਰ ਹਲਕੇ ਦੇ ਇੰਚਾਰਜ, ਪੰਜਾਬ ਸਟੇਟ ਐਗਰੀਕਲਚਰ ਡਿਪਾਰਟਮੈਂਟ ਬੈਂਕ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਪ੍ਰਵਕਤਾ ਪਵਨ ਕੁਮਾਰ ਟੀਨੂ ਨੇ ਕੇਂਦਰ ਸਰਕਾਰ ਵੱਲੋਂ ਪ੍ਰਸਤਾਵਿਤ ਵਿਕਸਿਤ ਭਾਰਤ ਗਾਰੰਟੀ ਫ਼ੋਰ ਰੋਜ਼ਗਾਰ ਐਂਡ ਆਜੀਵਿਕਾ ਮਿਸ਼ਨ ਗ੍ਰਾਮੀਣ (ਵੀਬੀ-ਜੀ ਰਾਮ ਜੀ) ਬਿੱਲ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ।ਉਨ੍ਹਾਂ ਨੇ ਇਸ ਬਿੱਲ ਨੂੰ ਮਨਰੇਗਾ ਵਰਗੇ ਇਤਿਹਾਸਕ ਅਤੇ ਲੋਕਹਿੱਤਕਾਰੀ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਕਰਾਰ ਦਿੰਦਿਆਂ ਇਸ ਨੂੰ ਇੱਕ ਹੋਰ ਕਾਲਾ ਕਾਨੂੰਨ ਦੱਸਿਆ। ਜਲੰਧਰ ਸਥਿਤ ਸਰਕਿਟ ਹਾਊਸ ਵਿੱਚ ਆਯੋਜਿਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਵਨ ਟੀਨੂ ਨੇ ਕਿਹਾ ਕਿ ਮਨਰੇਗਾ ਦੇਸ਼ ਦੇ ਕਰੋੜਾਂ ਗਰੀਬਾਂ ਅਤੇ ਮਜ਼ਦੂਰਾਂ ਲਈ ਸਿਰਫ਼ ਇੱਕ ਯੋਜਨਾ ਨਹੀਂ, ਸਗੋਂ ਜੀਵਨ ਦੀ ਸੁਰੱਖਿਆ ਹੈ। ਇਸ ਤਹਿਤ 100 ਦਿਨਾਂ ਦੇ ਰੋਜ਼ਗਾਰ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਂਦੀ ਰਹੀ ਹੈ, ਪਰ ਭਾਜਪਾ ਸਰਕਾਰ ਦਾ ਇਹ ਨਵਾਂ ਬਿੱਲ ਇਸ ਗਾਰੰਟੀ ਨੂੰ ਖਤਮ ਕਰਨ ਵੱਲ ਵੱਡਾ ਕਦਮ ਹੈ। ਉਨ੍ਹਾਂ ਕਿਹਾ ਕਿ ਵੀਬੀ-ਜੀ ਰਾਮ ਜੀ ਬਿੱਲ ਦੇ ਤਹਿਤ ਹੁਣ ਰੋਜ਼ਗਾਰ ਦੀ ਮਿਆਦ ਕੇਂਦਰ ਸਰਕਾਰ ਦੇ ਬਜਟ 'ਤੇ ਨਿਰਭਰ ਕਰੇਗੀ। ਜੇਕਰ ਬਜਟ ਘੱਟ ਹੋਇਆ ਤਾਂ ਮਜ਼ਦੂਰਾਂ ਨੂੰ 100 ਦਿਨਾਂ ਦੀ ਬਜਾਇ ਘੱਟ ਦਿਨਾਂ ਦਾ ਕੰਮ ਮਿਲੇਗਾ। ਇਸ ਦਾ ਸਿੱਧਾ ਅਰਥ ਹੈ ਕਿ ਗਰੀਬ ਮਜ਼ਦੂਰਾਂ ਦੀ ਆਮਦਨ ਅਨਿਸ਼ਚਿਤ ਹੋ ਜਾਵੇਗੀ ਅਤੇ ਪਿੰਡਾਂ ਵਿੱਚ ਬੇਰੋਜ਼ਗਾਰੀ ਤੇ ਗਰੀਬੀ ਹੋਰ ਵਧੇਗੀ।ਪਵਨ ਟੀਨੂ ਨੇ ਸਵਾਲ ਉਠਾਇਆ ਕਿ ਇੰਨਾ ਮਹੱਤਵਪੂਰਨ ਅਤੇ ਦੂਰਗਾਮੀ ਪ੍ਰਭਾਵ ਵਾਲਾ ਬਿੱਲ ਲਿਆਉਣ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਨਾ ਤਾਂ ਰਾਜ ਸਰਕਾਰਾਂ ਨਾਲ ਸਲਾਹ ਕੀਤੀ ਅਤੇ ਨਾ ਹੀ ਮਜ਼ਦੂਰ ਸੰਗਠਨਾਂ ਜਾਂ ਵਿਸ਼ੇਸ਼ ਗਿਆਨ ਨਾਲ ਵਿਚਾਰ-ਵਟਾਂਦਰਾ ਕੀਤਾ।ਉਨ੍ਹਾਂ ਅੱਗੇ ਕਿਹਾ ਕਿ ਇਸ ਬਿੱਲ ਤਹਿਤ ਮਨਰੇਗਾ ਦੀ ਫੰਡਿੰਗ ਪ੍ਰਣਾਲੀ ਵਿੱਚ ਵੀ ਵੱਡਾ ਬਦਲਾਅ




ਕੀਤਾ ਗਿਆ ਹੈ। ਜਿੱਥੇ ਪਹਿਲਾਂ ਮਨਰੇਗਾ ਲਈ ਪੂਰੀ ਰਕਮ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਂਦੀ ਸੀ, ਹੁਣ ਇਸ ਨਵੇਂ ਬਿੱਲ ਵਿੱਚ 40 ਫੀਸਦੀ ਵਿੱਤੀ ਭਾਰ ਰਾਜ ਸਰਕਾਰਾਂ 'ਤੇ ਥੋਪ ਦਿੱਤਾ ਗਿਆ ਹੈ।ਟੀਨੂ ਨੇ ਕਿਹਾ ਕਿ ਪਹਿਲਾਂ ਹੀ ਘੱਟ ਸਰੋਤਾਂ, ਕਰਜ਼ੇ ਅਤੇ ਹੋਰ ਜ਼ਿੰਮੇਵਾਰੀਆਂ ਨਾਲ ਜੂਝ ਰਹੇ ਰਾਜਾਂ ਲਈ ਇਹ ਭਾਰ ਝੱਲਣਾ ਲਗਭਗ ਅਸੰਭਵ ਹੈ। ਇਸ ਨਾਲ ਮਜ਼ਦੂਰਾਂ ਨੂੰ ਸਮੇਂ 'ਤੇ ਮਜ਼ਦੂਰੀ ਨਾ ਮਿਲਣ ਅਤੇ ਕੰਮ ਬੰਦ ਹੋਣ ਦਾ ਖਤਰਾ ਵੱਧ ਜਾਵੇਗਾ। ਪਵਨ ਟੀਨੂ ਨੇ ਇਸ ਬਿੱਲ ਵਿੱਚ ਸ਼ਾਮਲ ਬਾਇਓਮੈਟ੍ਰਿਕ ਹਾਜ਼ਰੀ ਅਤੇ ਸਮਾਰਟਫੋਨ ਦੀ ਲਾਜ਼ਮੀ ਸ਼ਰਤ 'ਤੇ ਵੀ ਸਖ਼ਤ ਐਤਰਾਜ਼ ਜਤਾਇਆ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਅੱਜ ਵੀ ਨੈੱਟਵਰਕ ਦੀ ਭਾਰੀ ਸਮੱਸਿਆ ਹੈ ਅਤੇ ਹਰ ਮਜ਼ਦੂਰ ਕੋਲ ਸਮਾਰਟਫੋਨ ਹੋਣਾ ਸੰਭਵ ਨਹੀਂ। ਜੇਕਰ ਨੈੱਟਵਰਕ ਨਾ ਹੋਣ ਜਾਂ ਤਕਨੀਕੀ ਖ਼ਾਮੀਆਂ ਕਾਰਨ ਹਾਜ਼ਰੀ ਦਰਜ ਨਾ ਹੋਵੇ, ਤਾਂ ਮਜ਼ਦੂਰ ਦੀ ਮਜ਼ਦੂਰੀ ਕੱਟੀ ਜਾਵੇਗੀ। ਇਹ ਪ੍ਰਣਾਲੀ ਮਜ਼ਦੂਰਾਂ ਨੂੰ ਤਕਨੀਕੀ ਜਾਲ ਵਿੱਚ ਫਸਾ ਕੇ ਉਨ੍ਹਾਂ ਨੂੰ ਕੰਮ ਤੋਂ ਵੰਜਿਤ ਕਰਨ ਦੀ ਸਾਜ਼ਿਸ਼ ਹੈ। ਉਨ੍ਹਾਂ ਕੇਂਦਰ ਸਰਕਾਰ 'ਤੇ ਪੰਜਾਬ ਨਾਲ ਲਗਾਤਾਰ ਭੇਦਭਾਵ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਜਦੋਂ ਪੰਜਾਬ ਬਾੜ੍ਹਾਂ ਅਤੇ ਹੋਰ ਕੁਦਰਤੀ ਆਫ਼ਤਾਂ ਨਾਲ ਜੂਝ ਰਿਹਾ ਸੀ, ਤਦ ਵੀ ਕੇਂਦਰ ਸਰਕਾਰ ਨੇ ਪੰਜਾਬ ਨੂੰ ਉਸਦਾ ਹੱਕ ਨਹੀਂ ਦਿੱਤਾ। ਨਾ ਤਾਂ ਪੂਰਾ ਰਾਹਤ ਪੈਕੇਜ ਦਿੱਤਾ ਗਿਆ ਅਤੇ ਨਾ ਹੀ ਲੰਬਿਤ ਫੰਡ ਜਾਰੀ ਕੀਤੇ ਗਏ। ਹੁਣ ਇਸ ਨਵੇਂ ਬਿੱਲ ਰਾਹੀਂ ਵੀ ਪੰਜਾਬ ਸਮੇਤ ਹੋਰ ਰਾਜਾਂ 'ਤੇ ਵਾਧੂ ਭਾਰ ਪਾ ਕੇ ਉਨ੍ਹਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਵਨ ਟੀਨੂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਜਨਵਿਰੋਧੀ ਬਿੱਲ ਨੂੰ ਲੈ ਕੇ ਆਪਣੇ ਇਲਾਕਿਆਂ ਦੇ ਭਾਜਪਾ ਆਗੂਆਂ ਤੋਂ ਸਵਾਲ ਪੁੱਛਣ ਅਤੇ ਉਨ੍ਹਾਂ ਤੋਂ ਜਵਾਬ ਮੰਗਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਪਾਰਟੀ ਹੈ ਅਤੇ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਲਈ ਹਰ ਪੱਧਰ 'ਤੇ ਸੰਘਰਸ਼ ਕਰੇਗੀ।ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਜ਼ਿਲ੍ਹਾ ਜਲੰਧਰ ਅਰਬਨ ਪ੍ਰਧਾਨ ਅਮ੍ਰਿਤਪਾਲ ਸਿੰਘ, ਸਟੇਟ ਸਕੱਤਰ ਆਤਮ ਪ੍ਰਕਾਸ਼ ਸਿੰਘ ਬਬਲੂ, ਦੋਆਬਾ ਮੀਡੀਆ ਇੰਚਾਰਜ ਤਰਨਦੀਪ ਸਿੰਘ ਸਨੀ ਅਤੇ ਜ਼ਿਲ੍ਹਾ ਮੀਡੀਆ ਇੰਚਾਰਜ ਸੰਜੀਵ ਭਗਤ ਵੀ ਮੌਜੂਦ ਸਨ।

## ਤਿੰਨ ਟਰਾਂਸਫਾਰਮਰਾਂ ਦੀਆਂ ਤਾਰਾਂ ਤੇ ਸਮਾਨ ਚੋਰੀ



**ਮਾਹਿਲਪੁਰ (ਰਜ਼ਦੀ)-** ਬਲਾਕ ਮਾਹਿਲਪੁਰ ਦੇ ਪਿੰਡ ਲਕਸੀਹਾ ਵਿਚ ਅਣਪਛਾਤੇ ਚੋਰਾਂ ਨੇ ਵੱਖ ਵੱਖ ਖੇਤਾਂ 'ਚ ਲੱਗੇ ਬਿਜਲੀ ਦੇ ਤਿੰਨ ਟਰਾਂਸਫਰਮਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਦੀਆਂ ਤਾਰਾਂ ਤੇ ਸਮਾਨ ਚੋਰੀ ਕਰ ਕੇ ਲੈ ਗਏ। ਜਾਣਕਾਰੀ ਅਨੁਸਾਰ ਬਲਜਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਲਕਸੀਹਾ ਨੇ ਦੱਸਿਆ ਕਿ ਪਿੰਡ ਲਕਸੀਹਾ 'ਚ ਗੁਰਬਖਸ਼ ਸਿੰਘ ਤੇ ਮਾਸਟਰ ਜੁਗਿੰਦਰ ਸਿੰਘ ਦੀ ਮੋਟਰ ਤੇ ਲੱਗੇ ਟਰਾਂਸਫਰ ਦੀਆਂ ਤਾਰਾ ਤੇ ਸਮਾਨ ਚੋਰੀ ਕਰਕੇ ਲੈ ਗਏ। ਇਥੇ ਹੀ ਬੱਸ ਨਹੀ ਉਨ੍ਹਾਂ ਉਸੇ ਰਾਤ ਕਮਲਾ ਦੇਵੀ ਦੇ ਖੇਤਾ 'ਚ ਲੱਗੇ ਟਰਾਂਸਫਰ ਸਮਾਨ ਚੋਰੀ ਕਰ ਕੇ ਲੈ ਗਏ। ਇਸ ਸਬੰਧੀ ਥਾਣਾ ਮਾਹਿਲਪੁਰ ਨੂੰ ਸੂਚਿਤ ਕਰ ਦਿੱਤਾ ਗਿਆ।

## ਹਰਸ਼ਦੀਪ ਸਿੰਘ ਭਾਰਤੀ ਫੌਜ 'ਚ ਅਗਨੀਵੀਰ ਵਜੋਂ ਚੁਣੇ

**ਜਲੰਧਰ (ਸ਼ੈਲੀ ਐਲਬਰਟ)-** ਲਾਇਲਪੁਰ ਖਾਲਸਾ ਕਾਲਜ ਦੇ ਐਨ ਸੀ ਸੀ ਕੈਡੇਟ ਹਰਸ਼ਦੀਪ ਸਿੰਘ ਨੂੰ ਭਾਰਤੀ ਫੌਜ ਵਿੱਚ ਅਗਨੀਵੀਰ ਵਜੋਂ ਚੁਣੇ ਜਾਣ ਨਾਲ ਇੱਕ ਹੋਰ ਮਾਣਮੱਤਾ ਪਲ ਪ੍ਰਾਪਤ ਕੀਤਾ ਹੈ। ਹਰਸ਼ਦੀਪ ਸਿੰਘ ਕਾਲਜ ਵਿੱਚ ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨਜ਼ (ਬੀ ਸੀ ਏ) ਦਾ ਵਿਦਿਆਰਥੀ ਹੈ। ਲੁਧਿਆਣਾ ਭਰਤੀ ਕੇਂਦਰ ਵਿੱਚ ਭਰਤੀ ਪ੍ਰਕਿਰਿਆ ਦੇ ਸਾਰੇ ਪੜਾਵਾਂ ਨੂੰ ਸਫਲਤਾਪੂਰਵਕ ਪਾਸ ਕਰਨ ਤੋਂ ਬਾਅਦ ਉਸ ਦੀ ਚੋਣ ਕੀਤੀ ਗਈ ਹੈ। ਇਸ ਮੌਕੇ 'ਤੇ, ਕਾਲਜ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਹਰਸ਼ਦੀਪ ਸਿੰਘ ਨੂੰ ਕਾਲਜ ਪਹੁੰਚਣ 'ਤੇ ਉਸ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ। ਪ੍ਰਿੰਸੀਪਲ ਨੇ ਉਸ ਦੇ ਸਮਰਪਣ, ਅਨੁਸ਼ਾਸਨ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਹਿੰਮਤ ਅਤੇ ਵਚਨਬੱਧਤਾ ਨਾਲ ਦੇਸ਼ ਦੀ ਸੇਵਾ ਕਰੇਗਾ। ਹਰਸ਼ਦੀਪ ਸਿੰਘ ਹੁਣ ਆਪਣੀ ਫੌਜੀ ਸਿਖਲਾਈ ਲਈ ਅੱਗੇ ਵਧੇਗਾ, ਜਿੱਥੇ ਉਹ ਇੱਕ ਅਨੁਸ਼ਾਸਿਤ ਸਿਪਾਹੀ ਵਜੋਂ ਦੇਸ਼ ਦੀ ਸੇਵਾ ਕਰਨ ਲਈ ਤਿਆਰ ਹੋਵੇਗਾ। ਇਹ ਧਿਆਨ ਦੇਣ ਯੋਗ ਹੈ ਕਿ ਉਹ ਲਾਇਲਪੁਰ ਖਾਲਸਾ ਕਾਲਜ ਦਾ ਪੰਜਵਾਂ ਐਨ.ਸੀ.ਸੀ. ਕੈਡੇਟ ਹੈ ਜਿਸਨੂੰ ਭਾਰਤੀ ਫੌਜ ਵਿੱਚ ਚੁਣਿਆ ਗਿਆ ਹੈ।



## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਦੁੱਧ ਦਾ ਲੰਗਰ ਲਗਾਇਆ



**ਅੱਡਾ ਸਰਾਂ (ਜਸਵੀਰ ਕਾਜਲ)-** ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਸਮਰਪਿਤ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਅੱਡਾ ਸਰਾਂ ਦੇ ਦੁਕਾਨਦਾਰਾਂ ਅਤੇ ਇਲਾਕੇ ਦੀਆਂ ਸੰਗਤਾਂ ਵਲੋ ਦੁੱਧ ਦਾ ਅੱਟੁਟ ਲਗਰ ਲਗਾਇਆ ਗਿਆ। ਇਸ ਮੌਕੇ ਬੜੀ ਸ਼ਰਧਾ ਨਾਲ ਰਾਹਗੀਰਾਂ ਨੂੰ ਗਰਮ ਦੁੱਧ ਛਕਾਇਆ ਗਿਆ। ਇਸ ਮੌਕੇ ਅੱਡਾ ਸਰਾਂ ਪ੍ਰਧਾਨ ਅਸ਼ਵਨੀ ਕੁਮਾਰ, ਜਸਵੰਤ ਸਿੰਘ ਚੋਟਾਲਾ, ਐਡਵੋਕੇਟ ਗੁਰਵੀਰ ਸਿੰਘ ਚੋਟਾਲਾ, ਸੈਕਟਰੀ ਮਨਜੀਤ ਸਿੰਘ ਧਾਲੀਵਾਲ , ਡਿੰਪੀ, ਕਾਲਾ, ਕਰਤਾਰ ਸਿੰਘ, ਸਤਨਾਮ ਸਿੰਘ ਬੈਚਾਂ,ਅਮ੍ਰਿਤਪਾਲ ਸਿੰਘ ਧਾਲੀਵਾਲ, ਕਰਮਵੀਰ, ਗੁਰਦੀਪ ਸਿੰਘ ਤਲਵਾਰ ਟੈਲੀਕੋਮ, ਨਰੇਸ਼ ਬੈਚਾਂ, ਅਰਮਨ, ਅਮ੍ਰਿਤ, ਖੱਖ ਫ਼ਰਨੀਚਰ ਹਾਊਸ, ਰਾਮ ਲੁਭਾਇਆ, ਹਰਨੇਕ ਪਾਲੀ ਆਦਿ ਹਾਜ਼ਰ ਸਨ।

## ਨੇਤਰਦਾਨ ਸੇਵਾ ਨੂੰ ਸਮਰਪਤ ਪਰਵਾਰ ਨੂੰ ਕੀਤਾ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਨੇਤਰਹੀਣ ਲੋਕਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਭਰਨ ਲਈ ਲੰਮੇ ਸਮੇਂ ਤੋਂ ਸੇਵਾ ਕਰ ਰਹੀ ਨੇਤਰ ਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਵੱਡਮੁੱਲੀਆਂ ਸੇਵਾਵਾਂ ਨਿਭਾਉਣ ਵਾਲੇ ਸਵਰਗਵਾਸੀ ਅਵਤਾਰ ਸਿੰਘ ਵਧਾਵਨ ਦੀ ਅੰਤਿਮ ਅਰਦਾਸ ਮੌਕੇ ਤੇ ਉਨ੍ਹਾਂ ਦੇ ਪਰਵਾਰ ਨੂੰ



ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਲੋੜਵੰਦ ਲੋਕਾਂ ਲਈ ਖੂਨ ਦਾਨ, ਨੇਤਰ ਦਾਨ ਅਤੇ ਹੋਰ ਅੰਗ ਦਾਨ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਇਕੱਤਰ ਹੋਏ ਲੋਕਾਂ ਅਪੀਲ ਕੀਤੀ ਕਿ ਉਹ ਇਨ੍ਹਾਂ ਸੇਵਾਵਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਅੰਗ ਦਾਨ ਜਾਗਰੂਕਤਾ ਮੁਹਿੰਮ ਦੇਸ਼ ਭਰ ਵਿੱਚ ਚਲਾਈ ਜਾ ਰਹੀ ਹੈ ਤਾਂ ਕਿ ਵੱਧ ਤੋਂ ਵੱਧ ਲੋਕ ਇਸ ਆਧੁਨਿਕ ਯੁੱਗ ਦੇ ਸੱਭ ਤੋਂ ਵੱਡੇ ਦਾਨ - ਅੰਗ ਦਾਨ ਕਰਨ ਦੀ ਵਚਨਬੱਧਤਾ ਕਰਕੇ ਮਨੁੱਖਤਾ ਦੀ ਭਲਾਈ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਣ। ਉਨ੍ਹਾਂ ਕਿਹਾ ਕਿ ਅੰਗ ਦਾਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਨੇਤਰ ਦਾਨ ਐਸੋਸੀਏਸ਼ਨ, ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਤੇ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਗੁਰਪ੍ਰੀਤ ਸਿੰਘ, ਸੰਤੋਸ਼ ਸੈਣੀ, ਜਤਿੰਦਰ ਕੌਰ, ਗੁਰਜੀਤ ਸਿੰਘ ਵਧਾਵਨ, ਸੰਜੀਵ ਤਲਵਾੜ, ਦੀਵਾਨ ਸਿੰਘ ਅਤੇ ਜੁਗਿੰਦਰ ਸਿੰਘ ਰਾਜਾ ਵੱਲੋਂ ਵਧਾਵਨ ਪਰਵਾਰ ਨੂੰ ਸਮਰਪਿਤ ਕੀਤਾ। ਇਸ ਮੌਕੇ ਤੇ ਪਰਵਾਰ ਦੇ ਮੈਂਬਰ ਕੁਲਵੰਤ ਕੌਰ, ਬਿਕਰਮ ਸਿੰਘ, ਵਰਿੰਦਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਸ਼ਹੀਦ ਊਧਮ ਸਿੰਘ ਮੈਮੋਰੀਅਲ ਭਵਨ ਵਿਖੇ ਸ਼ਹੀਦੀ ਦਿਹਾੜਾ ਮਨਾਇਆ

**ਖਰੜ (ਹਰਨਾਮ ਸਿੰਘ ਡੱਲਾ)-** ਬੀਤੇ ਕੱਲ੍ਹ ਊਧਮ ਸਿੰਘ ਮੈਮੋਰੀਅਲ ਭਵਨ ਸੁਸਾਇਟੀ ਸੈਕਟਰ 44 ਸੀ ਵਲੋਂ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਦਾ



ਸ਼ਹੀਦੀ ਦਿਹਾੜਾ ਅਤੇ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਪਹਿਲਾਂ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ ਅਤੇ ਢਾਡੀ ਜਥੇ ਨੇ ਵਾਰਾਂ ਗਾ ਕੇ ਸਮਾਗਮ ਨੂੰ ਅੱਗੇ ਵਧਾਇਆ।ਉੱਥੇ ਵਿਦਵਾਨ, ਚਿੰਤਕ ਡਾਕਟਰ ਪਿਆਰਾ ਲਾਲ ਗਰਗ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਵਰਤਮਾਨ ਸਮੇਂ ਵਿੱਚ ਉਸ ਦੀ ਮਹੱਤਤਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਜਿਸ ਵਿਚ ਇੱਕੋ ਪਰਵਾਰ ਦੀਆਂ ਚਾਰ ਪੀੜ੍ਹੀਆਂ ਨੇ ਸਮਾਜ ਦੇ ਭਲੇ ਲਈ ਆਪਾ ਵਾਰਿਆ ਹੋਵੇ। ਇਸ ਨਾਲ ਦੇ ਉਨ੍ਹਾਂ ਨੇ ਸ਼ਹੀਦ ਊਧਮ ਸਿੰਘ ਦੀ ਲਾਮਿਸਾਲ ਕੁਰਬਾਨੀ ਅਤੇ ਆਜ਼ਾਦੀ ਲਈ ਯੋਗਦਾਨ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਆਪਣੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਸਹਿਜ ਅਤੇ ਦਲੇਰੀ ਦੀ ਇਤਿਹਾਸਕ ਮਿਸਾਲ ਪੈਦਾ ਕੀਤੀ ਸੀ, ਸਾਨੂੰ ਇਨ੍ਹਾਂ ਸ਼ਹਾਦਤਾਂ ਦਾ ਸੁਨੇਹਾ ਪੱਲੇ ਬੰਨ੍ਹਣਾ ਚਾਹੀਦਾ ਹੈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਸਾਇਟੀ ਦੀ ਮਹਿਲਾ ਵਿੰਗ ਦੀ ਕਨਵੀਨਰ ਵੀਨਾ ਜੰਮੂ ਨੇ ਨਿਭਾਈ।

## ਸਭ ਤੋਂ ਛੋਟੀ ਉਮਰ ਦੇ ਬਣੇ ਮੈਂਬਰ ਬਲਾਕ ਸੰਮਤੀ ਡਾ. ਸਾਹਿਲ ਨੂੰ ਕੀਤਾ ਵਿਸ਼ੇਸ਼ ਤੌਰ 'ਤੇ ਸਨਮਾਨਤ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਮੈਂਬਰ ਪਾਰਲੀਮੈਂਟ ਡਾਕਟਰ ਰਾਜ ਕੁਮਾਰ ਚੱਬੇਵਾਲ ਅਤੇ ਡਾਕਟਰ ਇਸ਼ਾਂਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ ਵਲੋਂ ਪਾਰਟੀ ਦਫਤਰ ਵਿਖੇ ਕੀਤੇ ਇੱਕ ਸਮਾਗਮ ਦੌਰਾਨ ਪਿਛਲੇ ਦਿਨੀਂ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਚੁਣੇ ਗਏ ਸਾਰੇ ਹੀ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪਿੰਡ ਜੰਡੋਲੀ ਤੋਂ ਪਿਛਲੇ ਲੰਬੇ ਸਮੇਂ ਤੋਂ ਸਮਾਜ ਭਲਾਈ ਦੇ ਕਾਰਜ ਕਰਦੇ ਡਾਕਟਰ ਕੁਲਵਿੰਦਰ ਜੰਡੋਲੀ ਦੇ ਹੋਣਹਾਰ ਸਪੁੱਤਰ ਸਾਹਿਲ ਜੰਡੋਲੀ ਜੋ ਕਿ ਸਭ ਤੋਂ ਛੋਟੀ ਉਮਰ ਦੇ ਬਲਾਕ ਸੰਮਤੀ ਮੈਂਬਰ ਚੁਣੇ ਗਏ ਹਨ, ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਦੇ ਹੋਏ ਡਾਕਟਰ ਰਾਜ ਕੁਮਾਰ ਚੱਬੇਵਾਲ ਅਤੇ ਡਾਕਟਰ ਇਸ਼ਾਂਕ ਕੁਮਾਰ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਜਤਿੰਦਰ ਕੁਮਾਰ, ਬਲਵੀਰ ਸਿੰਘ ਸਰਪੰਚ ਜੰਡੋਲੀ, ਡਾਕਟਰ ਕੁਲਵਿੰਦਰ, ਕੁਲਵਿੰਦਰ ਜੰਡੋਲੀ ਅਤੇ ਪਾਰਟੀ ਨਾਲ ਜੁੜੀਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਇਲਾਕੇ ਦੇ ਹੋਰ ਮੋਹਤਵਰ ਵਿਅਕਤੀ ਹਾਜ਼ਰ ਸਨ।

## ਜ਼ਿਲ੍ਹਾ ਭਾਸ਼ਾ ਅਫ਼ਸਰ ਤੇ ਅੱਬਾਸ ਧਾਲੀਵਾਲ ਦਰਮਿਆਨ ਉਰਦੂ ਭਾਸ਼ਾ ਦੇ ਵਿਕਾਸ ਲਈ ਚਰਚਾ

**ਕਪੂਰਥਲਾ, ਫਗਵਾੜਾ (ਜਸਵਿੰਦਰ ਢੱਡਾ)-** ਜ਼ਿਲ੍ਹਾ ਭਾਸ਼ਾ ਦਫ਼ਤਰ, ਕਪੂਰਥਲਾ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਜਸਪ੍ਰੀਤ ਕੌਰ ਨੇ ਇੱਥੇ ਮਾਲੇਰਕੋਟਲਾ ਦਾ ਆਪਣਾ ਇੱਕ ਦਿਨਾ ਵਿਸ਼ੇਸ਼ ਦੌਰਾ ਕੀਤਾ। ਉਨ੍ਹਾਂ ਦੇ ਇਸ ਦੌਰੇ ਦਾ ਉਦੇਸ਼ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਪੰਜਾਬੀ ਭਾਸ਼ਾ ਦੇ ਨਾਲ ਨਾਲ ਉਰਦੂ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਵੱਖ-ਵੱਖ ਭਾਸ਼ਾ ਮਾਹਰਾਂ ਨਾਲ ਮੁਲਾਕਾਤ ਕਰਨਾ ਸੀ। ਇਸੇ ਸੰਦਰਭ ਵਿੱਚ ਉਨ੍ਹਾਂ ਸ਼ੁੱਕਰਵਾਰ ਪ੍ਰੋਫੈਸਰ ਇਰਸ਼ਾਦ ਅਹਿਮਦ ਖ਼ਾਨ ਦੇ ਗ੍ਰਹਿ ਵਿਖੇ ਪ੍ਰਸਿੱਧ ਲੇਖਕ, ਕਾਲਮ ਨਵੀਸ, ਵਾਰਤਾਕਾਰ ਤੇ ਕਵੀ ਮੁਹੰਮਦ ਅੱਬਾਸ ਧਾਲੀਵਾਲ



ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਵਿਚਕਾਰ ਮੌਜੂਦਾ ਦੌਰ ਵਿੱਚ ਨੌਜਵਾਨਾਂ ਵਿਚਕਾਰ ਕਿਤਾਬਾਂ ਪੜ੍ਹਨ ਦੇ ਘਟ ਰਹੇ ਰੁਝਾਨ 'ਤੇ ਚਿੰਤਾ ਵਿਅਕਤ ਕੀਤੀ ਗਈ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਦੇ ਨਾਲ ਨਾਲ ਉਰਦੂ ਸਾਹਿਤ ਨੂੰ ਵੀ ਪੜ੍ਹਨ ਲਈ ਪਾਠਕਾਂ ਵਿਸ਼ੇਸ਼ ਤੌਰ ਤੇ ਯੁਵਕਾਂ 'ਚ ਰੁਚੀ ਪੈਦਾ ਕਰਨ ਲਈ ਵੱਖ ਵੱਖ ਤਰੀਕਿਆਂ 'ਤੇ ਗੌਰ ਕੀਤਾ ਗਿਆ। ਇਸ ਸੰਦਰਭ ਵਿੱਚ ਮੁਸ਼ਾਇਰੇ, ਮਿੰਨੀ ਕਹਾਣੀ, ਲਿਖਣ ਮੁਕਾਬਲੇ ਅਤੇ ਉਰਦੂ ਭਾਸ਼ਾ ਨੂੰ ਲੈ ਕੇ ਵੱਖ ਵੱਖ ਵਿਸ਼ਿਆਂ 'ਤੇ ਸੈਮੀਨਾਰ ਕਰਨ ਲਈ ਕਈ ਪ੍ਰਕਾਰ ਦੀਆਂ ਯੋਜਨਾਵਾਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਮੁਹੰਮਦ ਅੱਬਾਸ ਧਾਲੀਵਾਲ ਨੇ ਜ਼ਿਲ੍ਹਾ ਭਾਸ਼ਾ ਅਫ਼ਸਰ ਜਸਪ੍ਰੀਤ ਕੌਰ ਨੂੰ ਇੱਕ ਪੰਜਾਬੀ ਅਨੁਵਾਦ ਵਾਲਾ ਕੁਰਾਨ ਮਜੀਦ ਅਤੇ ਆਪਣੀ ਕਿਤਾਬ ਗੁਲਿਸਤਾਨ-ਏ-ਅੱਬਾਸ ਭੇਟ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਇਰਸ਼ਾਦ ਅਹਿਮਦ ਖ਼ਾਨ, ਸ਼ਹਿਬਾਜ਼ ਖਾਨ, ਮੁਨੱਜ਼ਾ ਇਰਸ਼ਾਦ, ਮਨੀਸ਼ ਕੁਮਾਰ ਬਹਿਲ ਅਤੇ ਸਲਮਾਨ ਵੀ ਮੌਜੂਦ ਸਨ।

## ਹੜ੍ਹਾਂ ਨਾਲ ਨੁਕਸਾਨਗ੍ਰਸਤ ਘਰ ਦਾ ਪਵਾਇਆ ਲੈਂਟਰ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਬੀਤੇ ਸਾਢੇ ਤਿੰਨ ਦਹਾਕਿਆਂ ਤੋਂ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਕਾਰਜਸ਼ੀਲ ਸਰਘੀ ਕਲਾ ਕੇਂਦਰ ਮੁਹਾਲੀ ਅਤੇ ਪੈਗ਼ਾਮ-ਏ-ਨਾਮਾ ਸਾਹਿਤ, ਭਾਸ਼ਾ, ਰੰਗਮੰਚ, ਲੋਕ-ਸਭਿਆਚਾਰ ਅਤੇ ਸਮਾਜ ਭਲਾਈ ਸੰਸਥਾ ਵੱਲੋਂ ਸਾਂਝੇ ਤੌਰ 'ਤੇ ਦੋਵਾਂ ਸੰਸਥਾਵਾਂ ਦੇ ਪ੍ਰਧਾਨ ਨਾਟਕਕਰਮੀ ਸੰਜੀਵਨ ਸਿੰਘ ਅਤੇ ਪੰਜਾਬੀ ਕਵਿੱਤਰੀ ਕੁਲਵਿੰਦਰ ਕੌਰ ਕੋਮਲ (ਦੁਬਈ) ਦੀ ਰਹਿਨੁਮਾਈ ਹੇਠ ਮੁਹਾਲੀ ਜ਼ਿਲ੍ਹੇ ਦੀ ਤਹਿਸੀਲ ਡੇਰਾ ਬੱਸੀ ਦੇ ਪਿੰਡ ਮੰਡੀ ਖਜੂਰ ਦੇ ਲੋੜਵੰਦ ਹੜ੍ਹ ਨਾਲ ਪੂਰੀ ਤਰਾਂ ਨੁਕਸਾਨ ਹੋਏ ਨਿਮਨ ਵਰਗ ਦੇ ਕਿਰਤੀ ਲਖਵਿੰਦਰ ਸਿੰਘ ਦੇ ਘਰ ਦਾ ਲੈਂਟਰ ਸਮਾਜ ਸੇਵੀ ਕ੍ਰਿਸ਼ਣ ਲਾਲ ਸੈਣੀ, ਸਰਘੀ ਪਰਵਾਰ ਦੇ ਰੰਗਕਰਮੀ ਗੁਰਵਿੰਦਰ ਸਿੰਘ ਬੈਂਵਦਾਣ ਅਤੇ ਸਰਬਪ੍ਰੀਤ ਸਿੰਘ ਦੀ ਸ਼ਮੂਲੀਅਤ ਵਿਚ ਪੈ ਗਿਆ ਹੈ। ਸੰਜੀਵਨ ਨੇ ਕਿਹਾ ਕਿ ਸਾਹਿਤਕ, ਰੰਗਮੰਚੀ ਅਤੇ ਸਭਿਆਚਾਰਕ ਕਾਮਿਆਂ ਦਾ ਸਮਾਜਿਕ ਸੰਕਟਾਂ ਅਤੇ ਦਿੱਕਤਾਂ-ਦੁਸ਼ਵਾਰੀਆਂ ਨੂੰ ਮੁਖ਼ਾਤਿਬ ਹੋਣਾ ਇਖ਼ਲਾਕੀ ਅਤੇ ਇਨਸਾਨੀ ਫਰਜ਼। ਇਹ ਜਾਣਕਾਰੀ ਰੰਗਮੰਚ ਅਤੇ ਫਿਲਮ ਅਦਾਕਾਰ ਅਤੇ ਸਰਘੀ ਕਲਾ ਕੇਂਦਰ ਦੇ ਜਨਰਲ ਸਕੱਤਰ ਕੁੱਕੂ ਦੀਵਾਨ ਦਿੰਦੇ ਦੱਸਿਆ ਕਿ ਤਿੰਨ ਲੱਖ ਦੇ ਲਾਗਤ ਦੇ ਲੋਕ-ਭਲਾਈ ਲਈ ਕਾਰਜ ਇਪਟਾ ਦੇ ਮੁੱਢਲੇ ਕਾਰਕੁਨ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਧੀ ਲੋਕ-ਗਾਇਕਾ ਡੌਲੀ ਗੁਲੇਰੀਆਂ, ਸਰਘੀ ਪਰਿਵਾਰ ਦੇ ਰੰਗਕਰਮੀ ਜਸਪਾਲ ਸਿੰਘ (ਤੁਰਕੀਆ), ਲਖਵਿੰਦਰ ਸਿੰਘ, ਰੰਜੀਵਨ ਸਿੰਘ, ਜਸਬੀਰ ਜੱਸਾ, ਨਰਿੰਦਰ ਨਸਰੀਨ, ਦਵਿੰਦਰ



ਢਿੱਲੋਂ, ਰਿਸ਼ਮਰਾਗ ਸਿੰਘ ਅਤੇ ਉਦੈਰਾਗ ਸਿੰਘ ਤੋਂ ਇਲਾਵਾ ਰੰਗਮੰਚ ਅਤੇ ਫਿਲਮ ਅਦਾਕਰਾ ਰਮਨ ਢਿੱਲੋਂ, ਮਸ਼ਹੂਰ ਪੰਜਾਬੀ ਲੇਖਕ ਲੈਕਚਰਾਰ ਜੈ ਪਾਲ, ਗੁਰਮੀਤ ਸਿੰਘ ਗਿੱਲ, ਕਮਲ ਸ਼ਰਮਾ (ਮਟੌਰ), ਸਮਾਜਿਕ ਕਾਰਕੁਨ ਸਰਘੀ ਕਲਾ ਕੇਂਦਰ ਦੇ ਸੀਨੀਅਰ ਮੀਤ ਪ੍ਰਧਾਨ ਅਸ਼ੋਕ ਬਜਹੇੜੀ, ਬਜਹੇੜੀ ਪਿੰਡ ਦੇ ਸਾਬਕਾ ਸਰਪੰਚ ਜਸਪਾਲ ਸਿੰਘ ਵਾਲੀਆ, ਅਮਰਜੀਤ ਸਿੰਘ (ਸੀ ਟੀ ਯੂ) ਦੀ ਵਿੱਤੀ ਅਤੇ ਨੈਤਿਕ ਮਦਦ ਨਾਲ ਸਿਰੇ ਚੜ੍ਹਿਆ।

## ਵਿਕਸਤ ਭਾਰਤ ਦੀ ਤਰੱਕੀ ਨੂੰ ਦੇਖ ਕੇ ਪੂਰੀ ਦੁਨੀਆ ਦੀ ਨਜ਼ਰ ਭਾਰਤ 'ਤੇ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਕਸਿਤ ਭਾਰਤ 2047 ਦੇ ਵਿਜ਼ਨ ਅਨੁਰੂਪ ਅਤੇ ਤਰੱਕੀ ਦੀ ਰਾਹ 'ਤੇ ਤੇਜੀ ਨਾਲ ਅੱਗੇ ਵੱਧਦਾ ਦੇਖ ਕੇ ਪੂਰੀ ਦੁਨੀਆ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਵੇਂ ਵਿਜ਼ਨ ਨੂੰ ਇੱਕ ਨਵੀਂ ਉਮੀਦ ਅਤੇ ਆਸ ਦੇ ਨਾਲ ਦੇਖ ਰਹੀ ਹੈ।ਵਿਗਿਆਨ ਦੇ ਖੇਤਰ ਵਿੱਚ ਵੱਡੀ ਉਪਲਬਧੀਆਂ, ਨਵੇਂ-ਨਵੇਂ ਅਧਿਕਾਰਾਂ ਨਾਲ ਦੁਨੀਆਭਰ ਦੇ ਦੇਸ਼ ਪ੍ਰਭਾਵਿਤ ਹਨ।ਅੱਜ ਦੇਸ਼ ਦੀ ਨੌਜੁਆਨ ਪੀੜੀ ਵਿੱਚ ਨਵਾਂ ਕਰਨ ਦਾ ਜਨੂਨ ਸਪਸ਼ਟ ਨਜ਼ਰ ਆ ਰਿਹਾ ਹੈ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਪਿਪਲੀ ਅਨਾਜ ਮੰਡੀ ਸਥਿਤ ਧਰਮਸ਼ਾਲਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਨ ਕੀ ਬਾਤ ਪ੍ਰੋਗ੍ਰਾਮ ਦੇ 129ਵੇਂ ਏਪਿਸੋਡ ਨੂੰ ਸੁਣ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਮਨ ਕੀ ਬਾਤ ਪ੍ਰੋਗ੍ਰਾਮ ਵਿੱਚ ਪ੍ਰਧਾਨ ਮੰਤਰੀ ਨੇ ਦੇਸ਼ਭਰ ਵਿੱਚ ਹੋਈ ਉਪਲਬਧੀਆਂ ਨਾਲ ਦੇਸ਼ਵਾਸੀਆਂ ਨੂੰ ਜਾਣੂ ਕਰਵਾਇਆ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਵਿੱਚ ਬੋਧੀ ਸਤੂਪ ਦੀ ਆਕ੍ਰਿਤੀ ਮਿਲਣ ਤੇ ਆਰਕੇਲਾਜੀ ਵਿਭਾਗ ਵੱਲੋਂ ਕੀਤੇ ਗਏ ਸ਼ਲਾਘਾਯੋਗ ਕੰਮ ਦੀ ਤਾਰੀਫ ਕੀਤੀ।ਇਸ ਮੌਕੇ ਹਰਿਆਣਾ ਦੇ ਸਾਬਕਾ ਰਾਜਮੰਤਰੀ ਸੁਭਾਸ਼ ਸੁਧਾ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ, ਭਾਜਪਾ ਜਿਲ੍ਹਾ ਪ੍ਰਧਾਨ ਤਿਜੇਂਦਰ ਸਿੰਘ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

## ਰੋਟਰੀ ਆਈ ਬੈਂਕ ਨੇ ਬਲਬੀਰ ਸਿੰਘ ਦੀ ਹਨੇਰੀ ਜ਼ਿੰਦਗੀ ਨੂੰ ਕੀਤਾ ਰੌਸ਼ਨ : ਖੰਨਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਰੋਟਰੀ ਆਈ ਬੈਂਕ ਅਤੇ ਕਾਰਨੀਆ ਟ੍ਰਾਂਸਪਲਾਂਟੇਸ਼ਨ ਸੋਸਾਇਟੀ ਵੱਲੋਂ ਪ੍ਰਧਾਨ ਜੇ ਬੀ ਬਹਿਲ ਦੀ ਅਗਵਾਈ ਹੇਠ ਚਲਾਏ ਜਾ ਰਹੇ ਪ੍ਰੋਜੈਕਟਾਂ ਤਹਿਤ ਤੇਰਾ ਆਸਰਾ ਸੇਵਾ ਘਰ ਵਿੱਚ ਰਹਿੰਦੇ ਬਜ਼ੁਰਗ ਬਲਬੀਰ ਸਿੰਘ, ਜੋ ਪਿਛਲੇ ਲੰਮੇ ਸਮੇਂ ਤੋਂ ਇੱਕ ਅੱਖ ਤੋਂ ਪੀੜਤ ਸਨ ਅਤੇ ਦੂਜੀ ਅੱਖ ਨਾਲ ਵੀ ਬਹੁਤ ਘੱਟ ਨਜ਼ਰ ਆਉਂਦਾ ਸੀ, ਦਾ ਸੋਸਾਇਟੀ ਵੱਲੋਂ ਮੁਫ਼ਤ ਆਪ੍ਰੇਸ਼ਨ ਕਰਵਾਇਆ ਗਿਆ।ਇਸ ਸਬੰਧੀ ਕੰਵਰ ਹਸਪਤਾਲ ਵਿੱਚ ਇੱਕ ਸੰਖੇਪ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਵਿਨਾਸ਼ ਰਾਏ ਖੰਨਾ (ਸਾਬਕਾ ਰਾਜ ਸਭਾ ਮੈਂਬਰ), ਉਨ੍ਹਾਂ ਦੀ ਧਰਮਪਤਨੀ ਮੀਨਾਕਸ਼ੀ ਖੰਨਾ, ਡਾ. ਵਿਜੇਂਦਰ ਕੰਵਰ, ਡਾ. ਦੀਪਾ ਕੰਵਰ, ਡਾ. ਮਨਪ੍ਰੀਤ ਕੌਰ (ਐੱਸ ਐੱਮ ਓ) ਅਤੇ ਚੇਅਰਮੈਨ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਖੰਨਾ ਨੇ ਸੋਸਾਇਟੀ ਦੇ ਕਾਰਜਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਕਿਸੇ ਦੀ ਹਨ੍ਹੇਰੀ ਜ਼ਿੰਦਗੀ ਨੂੰ ਰੌਸ਼ਨ ਕਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਰੋਟਰੀ ਆਈ ਬੈਂਕ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਮੁੱਲ ਅੰਕਣ ਨਹੀਂ ਕੀਤਾ ਜਾ ਸਕਦਾ, ਕਿਉਂਕਿ ਨੇਤਰਦਾਨ ਤੋਂ ਵੱਡਾ ਕੋਈ ਦਾਨ ਨਹੀਂ ਹੁੰਦਾ।

## ਰੰਧਾਵਾ ਨੇ ਸਾਹਿਬਜ਼ਾਦਿਆਂ ਦੀ ਯਾਦ 'ਚ ਲਗਾਏ ਲੰਗਰ 'ਚ ਲਗਾਈ ਹਾਜ਼ਰੀ

**ਡੇਰਾਬੱਸੀ (ਵਿਨੈ ਕੁਮਾਰ ਜੈਨ)-** ਡੇਰਾਬੱਸੀ ਮੁਸਲਿਮ ਵੈੱਲਫੇਅਰ ਕਮੇਟੀ ਰਜਿ: 8360 ਵੱਲੋਂ ਡੇਰਾਬੱਸੀ ਦੇ ਗੁਲਾਬਗੜ੍ਹ ਰੋਡ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿੱਚ ਲਗਾਏ ਲੰਗਰ ਵਿੱਚ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ। ਆਯੋਜਿਤ ਲੰਗਰ ਧਾਰਮਿਕ ਏਕਤਾ ਅਤੇ ਭਾਈਚਾਰੇ ਦਾ ਇੱਕ ਸੁੰਦਰ ਪ੍ਰਦਰਸ਼ਨ ਸੀ ਕਿਉਂਕਿ ਇਸ ਮੌਕੇ ਮੁਸਲਿਮ ਭਾਈਚਾਰੇ ਦੇ ਲੋਕ ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ



ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਇਕਜੁੱਟ ਹੋਏ ਸਨ। ਇਸ ਸਮਾਗਮ ਦਾ ਆਯੋਜਨ ਡੇਰਾਬੱਸੀ ਮੁਸਲਿਮ ਵੈੱਲਫੇਅਰ ਕਮੇਟੀ ਰਜਿ: 8360 ਵੱਲੋਂ ਕੀਤਾ ਗਿਆ ਸੀ ਜੋ ਵੱਖ-ਵੱਖ ਭਾਈਚਾਰਿਆਂ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਦੀ ਹੈ।ਇਹ ਲੰਗਰ ਹਰ ਸਾਲ ਸਿੱਖ ਮੁਸਲਿਮ ਸਾਂਝ ਅਤੇ ਜਮਾਤ-ਏ-ਸਲਮਾਨੀ ਬਿਰਾਦਰੀ ਵੱਲੋਂ ਲਗਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਸਿੱਖ-ਮੁਸਲਿਮ ਏਕਤਾ ਦੇ ਨਾਂ 'ਤੇ ਮਨੁੱਖਤਾ ਦੀ ਸੇਵਾ ਲਈ ਲੰਗਰ ਲਾਇਆ ਹੈ।ਵਿਧਾਇਕ ਰੰਧਾਵਾ ਨੇ ਇਸ ਲੰਗਰ ਰਾਹੀਂ ਭਾਈਚਾਰੇ ਨੂੰ ਇਕੱਠਾ ਕਰਨ ਦੇ ਯਤਨਾਂ ਲਈ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ।



## ਮਿਊਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਨੇ ਵਜਾਇਆ ਸੰਘਰਸ਼ ਦਾ ਬਿਗਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਮਿਊਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੀ ਮੀਟਿੰਗ ਈਸੜੇ ਭਵਨ ਲੁਧਿਆਣਾ ਵਿਚ ਕੁਲਵੰਤ ਸਿੰਘ ਸੋਈ ਸਰਪ੍ਰਸਤ ਦੀ ਪ੍ਰਧਾਨਗੀ ਹੇਠ ਹੋਈ। ਸਰਕਾਰ ਵੱਲੋਂ ਮੀਟਿੰਗ 13.12.2025 ਤੋਂ 15.12.2025 ਤੋਂ 15.12.2025 ਤੋਂ ਵਧਾ ਕੇ 19.12.2025, 19.12.2025 ਤੋਂ 22.12.2025 ਅਤੇ 22.12.2025 ਤੋਂ ਵਧਾ ਕੇ 12.01.2026 ਮੀਟਿੰਗ ਦਾ ਸਮਾਂ ਦਿੱਤਾ ਗਿਆ। ਪ੍ਰੈੱਸ ਦੇ ਨਾ ਬਿਆਨ ਜਾਰੀ ਕਰਦਿਆ ਕਨਵੀਨਰ ਰਮੇਸ਼ ਗੈਂਜੰਡ ਨੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਫੈਸਲਾ ਲੈ ਕੇ ਦੱਸਿਆ ਕਿ ਸਰਕਾਰ ਦੁਆਰਾ 4 ਵਾਰ ਮੀਟਿੰਗ ਰੱਖ ਕੇ ਅੱਗੇ ਪਾਈ ਜਾ ਰਹੀ ਹੈ। ਸਰਕਾਰ ਵੱਲੋਂ ਜੋ 12 ਜਨਵਰੀ 2026 ਦੀ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ ਜੇਕਰ ਅੱਗੇ ਵਧਾਇਆ ਜਾਂਦਾ ਹੈ ਤਾਂ ਪੰਜਾਬ ਵਿਚ ਮਿਤੀ 19.01.2026 ਤੋਂ 21.01.2026 ਤੱਕ ਅਰਥੀ ਫੂਕ, ਪੀਪਾ ਖੜਕਾਊ ਰੋਸ ਰੈਲੀਆਂ ਕੀਤੀਆ ਜਾਣਗੀਆਂ।ਇਸ ਮੀਟਿੰਗ ਵਿਚ ਅਸ਼ੋਕ ਸਾਰਵਾਨ, ਗੋਪਾਲ ਥਾਪਰ, ਸੋਮਨਾਥ ਚੱਬੜ, ਬੂਟਾ ਰਾਮ, ਰਜਿੰਦਰ ਗੱਗੂ, ਸੋਮਨਾਥ ਆਦੀਆ, ਲਲਿਤ ਕੁਮਾਰ, ਸਲਾਹਕਾਰ ਕੁਲਦੀਪ ਸ਼ਰਮਾ ਅਤੇ ਹੋਰ ਵੀ ਮੁਲਾਜ਼ਮ ਸ਼ਾਮਲ ਸਨ।

## ਮਨਰੇਗਾ 'ਚ ਬਦਲਾਅ ਮਜ਼ਦੂਰਾਂ ਦੇ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਕਮਜ਼ੋਰ ਕਰਨ ਲਈ ਚੁੱਕਿਆ ਗਿਆ ਕਦਮ : ਖੋਸਲਾ

**ਬਲਾਚੌਰ (ਜਸਵਿੰਦਰ ਬੈਂਸ)-** ਕਾਰਪੋਰੇਟ ਘਰਾਣਿਆਂ ਪੱਖੀ ਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਨੂੰ ਕੁਚਲਣ ਵਾਲੀ ਕੇਂਦਰ ਸਰਕਾਰ ਵੱਲੋ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਨੂੰ ਖਤਮ ਕਰਨ ਅਤੇ ਇਸ ਦੀ ਥਾਂ ਤੇ ਅਖੌਤੀ ਵਿਕਾਸਿਤ ਭਾਰਤ ਗਰੰਟੀ ਵਾਰ ਇੰਪਲਾਇਮੈਂਟ ਐਂਡ ਲਾਈਵਲੀਹੁੱਡ ਮਿਸ਼ਨ ਗ੍ਰਾਮੀਣ ਲਗਾਉਣ ਦਾ ਫੈਸਲੇ ਮਨਰੇਗਾ ਵਿੱਚ ਬਦਲਾਅ ਪੇਂਡੂ ਮਜ਼ਦੂਰਾਂ ਦੇ ਅਧਿਕਾਰਾਂ, ਮਾਣ-ਸਨਮਾਨ



ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਨੂੰ ਕਮਜ਼ੋਰ ਕਰਨ ਲਈ ਚੁੱਕਿਆ ਗਿਆ ਇੱਕ ਕਦਮ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਪ੍ਰਵੇਸ਼ ਖੋਸਲਾ ਬਲਾਚੌਰ ਨੇ ਕੀਤਾ। ਉਹਨਾਂ ਆਖਿਆ ਕਿ ਕੇਂਦਰ ਸਰਕਾਰ ਸ਼ੁਰੂ ਤੋਂ ਹੀ ਮਜ਼ਦੂਰਾਂ ਦੇ ਹੱਕਾਂ ਤੇ ਹਿੱਤਾ ਨੂੰ ਕੁਚਲਣ ਵਿੱਚ ਲੱਗੀ ਹੋਈ ਹੈ ਕਿਉਂਕਿ ਸਰਕਾਰ ਵੱਲੋਂ ਮਨਰੇਗਾ ਸਕੀਮ ਦਾ ਨਾਂਅ ਬਦਲਣ ਤੱਕ ਸੀਮਤ ਨਹੀਂ ਸਗੋਂ ਹੌਲੀ ਹੌਲੀ ਇਹ ਸਕੀਮ ਨੂੰ ਖਤਮ ਕਰਨ ਦੀ ਕੋਝੀ ਚਾਲ ਹੈ। ਸਰਕਾਰ ਵੱਲੋਂ ਪਹਿਲਾਂ ਕਿਰਤੀ ਪੱਖੀ 44 ਲੇਬਰ ਕਾਨੂੰਨਾਂ ਨੂੰ ਚਾਰ ਕੋਡਾਂ ਵਿਚ ਬਦਲ ਦਿੱਤਾ ਹੈ ਅਤੇ ਬਾਅਦ ਨਰੇਗਾ ਵਰਗੇ ਕਾਨੂੰਨ ਨੂੰ ਵੀ ਖਤਮ ਕਰ ਦਿੱਤਾ ਹੈ। ਨਰੇਗਾ ਕਾਨੂੰਨ 100 ਦਿਨਾਂ ਦਾ ਗਰੰਟੀ ਰੁਜ਼ਗਾਰ ਪ੍ਰਾਪਤ ਕਰਕੇ ਦੇਸ਼ ਦੇ ਲੱਖਾਂ ਕਿਰਤੀ ਗਰੀਬ ਲੋਕਾ ਦਾ ਚੁੱਲਾ ਚੱਲਦਾ ਸੀ। ਪਰੰਤੂ ਕੇਂਦਰ ਸਰਕਾਰ ਨੇ ਇਸ ਕਾਨੂੰਨ ਦਾ ਨਾਂਅ ਹੀ ਨਹੀਂ ਬਦਲਿਆ ਬਲਕਿ ਸਾਜ਼ਸਾਨਾ ਢੰਗ ਨਾਲ ਇਸ ਕਾਨੂੰਨ ਨੂੰ ਹੀ ਕਥਿਤ ਤੌਰ ਤੇ ਖਤਮ ਕਰ ਦਿੱਤਾ ਹੈ। ਇਹ ਯਕੀਨੀ ਬਣਾਇਆ ਜਾਣਾ ਅਤੀ ਜਰੂਰੀ ਹੈ ਕਿ ਇੱਕ ਮਜ਼ਦੂਰ ਸੁਖਾਲੇ ਤਰੀਕੇ ਨਾਲ ਜੀਵਨ ਬਿਤਾ ਸਕੇ ਅਤੇ ਉਸ ਦੇ ਘਰ ਪਰਿਵਾਰ ਗੁਜਾਰਾ ਚੰਗੇ ਤਰੀਕੇ ਨਾਲ ਚੱਲ ਸਕੇ।

## ਸਾਲਾਨਾ ਖੂਨਦਾਨ ਕੈਂਪ ਲਗਾਇਆ

**ਫਗਵਾੜਾ (ਡਾ. ਰਮਨ)-** ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਗੁਰੂਦੁਆਰਾ ਸਿੰਘ ਸਭਾ ਅਰਬਨ ਅਸਟੇਟ ਫਗਵਾੜਾ ਅਤੇ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ਫਗਵਾੜਾ ਦੇ ਸਹਿਯੋਗ ਨਾਲ ਅੱਠਵਾਂ ਸਾਲਾਨਾ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ । ਸਿੰਘ ਸਭਾ




ਪ੍ਰਧਾਨ ਹਰਵਿੰਦਰ ਸਿੰਘ ਵਾਲੀਆ ਅਤੇ ਕਲੱਬ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਦੀ ਪ੍ਰਧਾਨਗੀ ਹੇਠ ਆਯੋਜਿਤ ਇਸ ਖੂਨਦਾਨ ਕੈਂਪ ਵਿੱਚ ਵਿਸ਼ੇਸ਼ ਰੂਪ ਵਿੱਚ ਪਹੁੰਚੇ ਸੀਨੀਅਰ ਅਕਾਲੀ ਲੀਡਰ ਰਣਜੀਤ ਸਿੰਘ ਖੁਰਾਨਾ ਨੇ ਕਿਹਾ ਕਿ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਬਿਆਨ ਕਰਨ ਲਈ ਸ਼ਬਦ ਵੀ ਘੱਟ ਪੈ ਜਾਂਦੇ ਹਨ, ਅਜਿਹੀ ਸ਼ਹਾਦਤ ਅੱਗੇ ਖੂਨਦਾਨ ਦੀ ਸੂਈ ਦਾ ਦਰਦ ਕੋਈ ਮਾਇਨੇ ਨਹੀਂ ਰੱਖਦਾ । ਕੌਂਸਲਰ ਰਵੀ ਸਿੱਧੂ, ਇੰਦਰਜੀਤ, ਬਲਵੀਰ ਠਾਕੁਰ, ਡੀ.ਐਸ. ਪੀ. ਹਰਜੀਤ ਸਿੰਘ, ਗੁਰਪ੍ਰੀਤ ਕੌਰ ਜੰਡੂ ਅਤੇ ਸਿਟੀ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਖੁਰਾਨਾ ਨੇ ਕਿਹਾ ਕਿ ਸ਼ਹਾਦਤ ਦਾ ਖੂਨ ਅੱਜ ਖੂਨਦਾਨ ਦੇ ਰੂਪ ਵਿੱਚ ਮਾਨਵਤਾ ਦੀ ਜਾਨ ਬਚਾਉਣ ਦੇ ਕੰਮ ਆ ਰਿਹਾ ਹੈ। ਪ੍ਰੋਜੈਕਟ ਡਾਇਰੈਕਟਰਾਂ ਪ੍ਰਿੰਸੀਪਲ ਸਤਵਿੰਦਰ ਪਾਲ ਸਿੰਘ ਗੀਹਲ, ਐੱਨ ਕੇ ਸ਼ਰਮਾ, ਨੀਰਜ ਬਖਸ਼ੀ ਦੇ ਯਤਨਾਂ ਸਦਕਾ 64 ਖੂਨਦਾਨੀਆਂ ਵਲੋਂ ਦਿੱਤੇ ਗਏ ਸਵੈ ਇੱਛਤ ਖੂਨਦਾਨ ਵਿੱਚ ਸਰਕਾਰੀ ਸਕੂਲ ਗੁਰਾਇਆ ਦੇ 4 ਵਿਦਿਆਰਥੀਆਂ ਸਹਿਤ 10 ਖੂਨਦਾਨੀਆਂ ਨੇ ਪਹਿਲੀ ਵਾਰ ਖੂਨਦਾਨ ਕੀਤਾ ਅਤੇ ਡੀ ਐੱਸ ਪੀ ਹਰਜੀਤ ਸਿੰਘ ਰੰਧਾਵਾ ਨੇ ਆਪਣੀ ਪਤਨੀ ਅਨੂਪ ਕੌਰ ਅਤੇ ਬੇਟੀ ਅਰਪਨ ਕੌਰ ਸਮੇਤ ਖੂਨਦਾਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਸਮੂਹ ਖੂਨਦਾਨੀਆਂ ਲਈ ਡਾਇਟ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ, ਜਨਰਲ ਸਕੱਤਰ ਸੁਖਜਿੰਦਰ ਸਿੰਘ ਧਾਲੀਵਾਲ, ਇਕਬਾਲ ਸਿੰਘ ਪਰਮਾਰ, ਦਵਿੰਦਰ ਸਿੰਘ ਸੈਣੀ, ਸ਼ਰਨਜੀਤ ਸਿੰਘ, ਪ੍ਰਿੰਸੀਪਲ ਸਤਵਿੰਦਰ ਸਿੰਘ, ਲੈਕ.ਹਰਜਿੰਦਰ ਗੋਗਨਾ ਦੀ ਅਗਵਾਈ ਵਿੱਚ ਹਰਗੋਬਿੰਦ ਨਗਰ ਬਲੱਡ ਸੈਂਟਰ ਦੀ ਟੀਮ ਹਾਜ਼ਰ ਸੀ ।

## ਉਦਯੋਗ ਤੇ ਵਣਜ ਮੰਤਰੀ ਵੱਲੋਂ ਐੱਮ ਐੱਸ ਐੱਮ ਈਜ਼ ਨਾਲ ਮੁਲਾਕਾਤ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਸੰਜੀਵ ਅਰੋੜਾ ਨੇ ਐੱਮ ਐੱਸ ਐੱਮ ਈ (ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ) ਸੈਕਟਰ 'ਤੇ ਕੇਂਦ੍ਰਿਤ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੂਬੇ ਭਰ ਦੇ ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ (ਐੱਮ ਐੱਸ ਐੱਮ ਈ) ਲਈ ਸਹਾਇਕ, ਪਾਰਦਰਸ਼ੀ ਅਤੇ ਸੁਖਾਵਾਂ ਵਾਤਾਵਰਣ ਸਿਰਜਣ ਲਈ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ। ਇਸ ਦੌਰਾਨ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਐੱਮ



ਐੱਸ ਐੱਮ ਈ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਉਪਾਵਾਂ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਸ ਉੱਦਮ ਲਈ ਮਜ਼ਬੂਤ ਨੀਤੀ ਜ਼ਰੀਏ ਸਹਾਇਤਾ, ਸਰਲ ਅਤੇ ਸਮਾਂਬੱਧ ਰੈਗੂਲੇਟਰੀ ਪ੍ਰਕਿਰਿਆਵਾਂ ਅਤੇ ਇਨਵੈਸਟ ਪੰਜਾਬ ਰਾਹੀਂ ਪ੍ਰੋਜੈਕਟਾਂ ਨੂੰ ਤੁਰੰਤ ਮਨਜ਼ੂਰੀਆਂ ਅਤੇ ਸੁਚਾਰੂ ਢੰਗ ਨਾਲ ਇਨ੍ਹਾਂ ਦੇ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਸਹਾਇਤਾ ਦੇਣਾ ਸ਼ਾਮਲ ਹੈ। ਉਨ੍ਹਾਂ ਅੱਗੇ ਦੱਸਿਆ ਕਿ ਐੱਮਐੱਸਐੱਮਈ ਪੰਜਾਬ ਦੀ ਉਦਯੋਗਿਕ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਜੋ ਰੋਜ਼ਗਾਰ ਦੇ ਨਵੇਂ ਮੌਕੇ ਸਿਰਜਣ, ਨਵੀਨਤਾ ਅਤੇ ਸੰਤੁਲਿਤ ਖੇਤਰੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਦੁੱਧ ਦਾ ਲੰਗਰ ਲਗਾਇਆ



**ਆਦਮਪੁਰ (ਪਰਮਜੀਤ ਸਿੰਘ)-** ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਨਿੱਘੀ ਯਾਦ ਵਿੱਚ ਰਾਮ ਮੁਹੰਮਦ ਸਿੰਘ ਆਜ਼ਾਦ ਯੂਥ ਕਲੱਬ ਆਦਮਪੁਰ ਦੋਆਬਾ ਵੱਲੋਂ ਜਾਗ੍ਰਿਤੀ ਚੈਰੀਟੇਬਲ ਸੁਸਾਇਟੀ ਆਦਮਪੁਰ ਦੇ ਵਿਸ਼ੇਸ਼ ਸਹਿਯੋਗ ਨਾਲ ਦੁੱਧ ਦੇ ਲੰਗਰ ਆਦਮਪੁਰ ਵਿਖੇ ਲਗਾਏ ਗਏ। ਜਿਸ ਦੌਰਾਨ ਸੇਵਾ ਕਰਦੇ ਹੋਏ ਸਮਾਜ ਸੇਵਕ ਮਨਮੋਹਨ ਸਿੰਘ ਬਾਬਾ, ਸਮਾਜ ਸੇਵਕ ਪੰਕਜ ਹਨੀ, ਵਿਜੈ ਯਾਦਵ, ਅਮਰੀਕ ਸਾਬੀ, ਹਰਵਿੰਦਰ ਗਰੇਵਾਲ, ਹਰਜਿੰਦਰ ਸਿੰਘ, ਜਿੰਦ ਪਾਲ, ਗਗਨ, ਰਾਹੁੱਲ, ਟੀਨੂੰ ਭੱਟੀ, ਕੁਲਦੀਪ ਭੱਟੀ, ਰੋਹਿੱਤ ਭੱਟੀ, ਚਰਨਜੀਤ ਕਰਨ, ਮੰਗਾ ਚਾਂਦਲਾ, ਹਰਿੰਦਰ ਸਿੰਘ, ਸਾਹਿਲ ਭੱਟੀ, ਸਤਵੀਰ ਲਾਲੀ, ਮਨੀ ਕਪੂਰ ਤੇ ਹੋਰ ਸਾਥੀ ਹਾਜ਼ਰ ਸਨ।

## ਮਨਰੇਗਾ ਕਾਨੂੰਨ ਖਤਮ ਕਰਨ ਤੇ ਪਿੰਡਾਂ 'ਚ ਰੋਸ ਪ੍ਰਦਰਸ਼ਨ



**ਮਹਿਤਪੁਰ (ਰਾਜਾ)-** ਕੇਂਦਰ ਸਰਕਾਰ ਵੱਲੋਂ ਮਨਰੇਗਾ ਦਾ ਭੋਗ ਪਾ ਕੇ ਜੀ ਰਾਮ ਜੀ ਕਾਨੂੰਨ ਉੱਪਰ ਗ੍ਰਾਮ ਸਭਾਵਾਂ ਰਾਹੀਂ ਮੋਹਰ ਲਵਾਉਣ ਦੀ ਕੋਸ਼ਿਸ਼ ਤਹਿਸੀਲ ਮਹਿਤਪੁਰ ਅਤੇ ਜਲੰਧਰ ਜ਼ਿਲ੍ਹੇ ਵਿੱਚ ਮਜ਼ਦੂਰਾਂ ਦੇ ਵਿਰੋਧ ਕਾਰਨ ਕਿਸੇ ਵੀ ਪਿੰਡ ਵਿੱਚ ਕੇਂਦਰ ਵੱਲੋਂ ਭੇਜੇ ਗਏ ਗ੍ਰਾਮ ਸਭਾ ਦਾ ਮਤਾ ਨਹੀਂ ਪੈ ਸਕਿਆ। ਮਹਿਤਪੁਰ ਤਹਿਸੀਲ ਦੇ ਵੱਖ-ਵੱਖ ਪਿੰਡਾਂ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਤਹਿਸੀਲ ਪ੍ਰਧਾਨ ਕਸ਼ਮੀਰ ਮੰਡਿਆਲਾ, ਵਾਈਸ ਪ੍ਰਧਾਨ ਬਖਸ਼ੋ ਖੈਰਸ਼ਾਦਪੁਰ, ਤਹਿਸੀਲ ਸਕੱਤਰ ਵਿਜੇ ਬਾਠ, ਇਸਤਰੀ ਜਾਗਰਤੀ ਮੰਚ ਦੀ ਜ਼ਿਲਾ ਪ੍ਰਧਾਨ ਅਨੀਤਾ ਸੰਧੂ, ਤੋਂ ਇਲਾਵਾ ਮਨਰੇਗਾ ਮਜ਼ਦੂਰ ਆਗੂ, ਹਰਵਿੰਦਰ ਕੌਰ, ਜਸਵਿੰਦਰ ਮੈਹਿਸਪੁਰ, ਪੂਜਾ ਵੇਹਰਾ, ਸੋਮਾ ਰਾਣੀ, ਬਖਸ਼ੋ ਮੰਡਿਆਲਾ, ਦੀ ਅਗਵਾਈ ਹੇਠ ਕੇਂਦਰ ਵੱਲੋਂ ਪਿੰਡਾਂ ਵਿੱਚ ਗ੍ਰਾਮ ਸਭਾਵਾਂ ਕਰਵਾ ਕੇ ਜੀ ਰਾਮ ਜੀ ਕਾਨੂੰਨ ਉੱਪਰ ਮੋਹਰ ਲਵਾਉਣ ਦੀ ਕੋਸ਼ਿਸ਼ ਇੱਕ ਹਫਤੇ ਤੋਂ ਮਜ਼ਦੂਰ ਯੂਨੀਅਨ ਵੱਲੋਂ ਪਿੰਡਾਂ ਵਿੱਚ ਚਲਾਈ ਮੁਹਿੰਮ ਕਾਰਨ ਪੂਰੀ ਤਰਾਂ ਅਸਫਲ ਰਹੀ। ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਇਹ ਮਹਿਤਪੁਰ ਵਿੱਚ ਮਨਰੇਗਾ ਮੇਟਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨਰੇਗਾ ਵਰਕਰ ਨੂੰ ਸੱਦਾ ਦਿੱਤਾ ਕਿ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਪੰਜਾਬ ਭਰ ਵਿੱਚ ਦਿੱਤੇ ਜਾ ਰਹੇ 6 ਤੇ 7 ਜਨਵਰੀ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਜੀ ਰਾਮ ਜੀ ਕਾਨੂੰਨ ਪੰਜਾਬ ਵਿਰੋਧ ਕਰਨ ਦੇ ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ ਨੂੰ ਸਫਲ ਬਣਾਉਣ।

## ਦੋ ਕਾਰਾਂ ਤੇ ਟਿੱਪਰ 'ਚ ਟੱਕਰ, ਤਿੰਨ ਗੰਭੀਰ ਜ਼ਖ਼ਮੀ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)-** ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐੱਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਐੱਮ ਡੀ ਟੀ ਡਿਵਾਈਸ ਤੋਂ ਸੂਚਨਾ ਮਿਲੀ ਕਿ ਅੱਡਾ ਰਾਏਪੁਰ ਰਸੂਲਪੁਰ ਵਿਖੇ ਕਾਰ ਟਿੱਪਰ ਅਤੇ ਇੱਕ ਹੋਰ ਕਾਰ ਦਾ ਭਿਆਨਕ ਹਾਦਸਾ ਹੋ ਗਿਆ ਹੈ। ਜਿਸ ਵਿੱਚ ਤਿੰਨ ਵਿਅਕਤੀ ਜ਼ਖਮੀ ਹੋ ਗਏ ਹਨ। ਸੂਚਨਾ ਉਪਰੰਤ ਐੱਸ ਐੱਸ ਐੱਫ ਟੀਮ ਨੇ ਮੌਕੇ ਤੇ ਜਾ ਕੇ ਦੇਖਿਆ ਤਾਂ ਇੱਕ ਟਿੱਪਰ ਨੰਬਰ ਯੂਪੀ 17 ਏਟੀ 0825 ਜਿਸ ਨੂੰ ਮਥੁਰਾ ਦਾਸ ਪੁੱਤਰ ਬਿਲਸ ਪ੍ਰਸਾਦ ਵਾਸੀ ਜ਼ਿਲ੍ਹਾ ਅਲਵਰ ਬਿਹਾਰ ਚਲਾ ਰਿਹਾ ਸੀ ਜੋ ਕਿ ਪਠਾਨਕੋਟ ਵਲੋਂ ਜਲੰਧਰ ਵੱਲ ਨੂੰ ਜਾ ਰਿਹਾ ਸੀ ਅਤੇ ਅੱਡਾ ਰਾਏਪੁਰ ਰਸੂਲਪੁਰ ਵਿਖੇ ਰੋਡ ਤੇ ਬਣੇ ਕੱਟ ਤੋਂ ਯੂ ਟਰਨ ਲੈਣ ਲੱਗਿਆ ਸੀ। ਨਾਲ ਇੱਕ ਕਾਰ ਜੋ ਕਿ ਪਠਾਨਕੋਟ ਵਾਲੀ ਸਾਈਡ ਤੋਂ ਜਲੰਧਰ ਵੱਲ ਨੂੰ ਜਾ ਰਹੀ ਸੀ ਨੰਬਰ ਡੀ ਐੱਲ 3 ਸੀ-ਡੀ ਸੀ-4867 ਜਿਸ ਨੂੰ ਰਿਹਾਨ ਖਾਨ ਪੁੱਤਰ ਇਸਮਾਈਲ ਖਾਨ ਵਾਸੀ ਸੰਗਮ ਬਿਹਾਰ ਦਿੱਲੀ ਚਲਾ ਰਿਹਾ ਸੀ। ਜਿਸ ਦੀ ਰੋਡ ਵਿਚਕਾਰ ਬਣੇ ਕੱਟ ਤੋਂ ਯੂ ਟਰਨ ਲੈ ਰਹੇ ਟਿੱਪਰ ਨਾਲ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਬੇਕਾਬੂ ਹੋ ਕੇ ਦੂਸਰੀ ਸਾਈਡ ਜਲੰਧਰ ਵਾਲੀ ਸਾਈਡ ਤੋਂ ਆ ਰਹੀ ਕਾਰ ਨੰਬਰ ਯੂਪੀ 80ਐਫ ਬੀ 6685 ਜਿਸ ਨੂੰ ਅਮਿਤ ਦਾਨੀ ਪੁੱਤਰ ਐਮਪੀ ਦਾਨੀ ਵਾਸੀ ਆਗਰਾ ਚਲਾ ਰਿਹਾ ਸੀ। ਨਾਲ ਭਿਆਨਕ ਟੱਕਰ ਹੋ ਗਈ। ਜਿਸ ਕਾਰਨ ਟੱਕਰ ਦੌਰਾਨ ਕਾਰ ਕਈ ਵਾਰ ਪਲਟੀਆਂ ਖਾ ਕੇ ਸਿੱਧੀ ਹੋ ਗਈ ਹਾਦਸੇ ਵਿੱਚ ਕਾਰ ਵਿੱਚ ਸਵਾਰ ਤਿੰਨ ਵਿਅਕਤੀ ਜ਼ਖਮੀ ਹੋਏ ਜਿਨਾਂ ਨੂੰ ਐੱਸ ਐੱਸ ਐੱਫ ਵੱਲੋਂ ਫਸਟ ਏਡ ਉਪਰੰਤ ਪ੍ਰਾਈਵੇਟ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਜ਼ਖਮੀਆਂ ਦੀ ਪਹਿਚਾਣ ਐਮ ਪੀ ਦਾਨੀ ਪੁੱਤਰ ਪੀ ਪੀ ਦਾਨੀ, ਮੁਦਿਤਾ,ਅਤੇ ਸੋਨੀਆ ਦਾਨੀ ਪਤਨੀ ਅਮਿਤ ਦਾਨੀ ਵਜੋਂ ਹੋਈ ਹੈ।



## ਜਾਨਵਰਾਂ ਨੂੰ ਠੰਢ ਤੋਂ ਬਚਾਉਣ ਲਈ ਕੀਤੇ ਵਿਸ਼ੇਸ਼ ਪ੍ਰਬੰਧ



**ਚੰਡੀਗੜ੍ਹ, (ਗੁਰਜੀਤ ਬਿੱਲਾ)-** ਸਰਦੀਆਂ ਦੀ ਆਮਦ ਅਤੇ ਖ਼ਰਾਬ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਨੇ ਛੱਤਬੀੜ ਦੇ ਮਹਿੰਦਰ ਚੌਧਰੀ ਜ਼ੂਆਲੋਜੀਕਲ ਪਾਰਕ ਵਿੱਚ ਜਾਨਵਰਾਂ ਲਈ ਸਾਫ਼-ਸੁਥਰੇ ਅਤੇ ਸੁਰੱਖਿਆਤਮਕ ਵਾਤਾਵਰਣ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਮਾਸਾਹਾਰੀ ਜਾਨਵਰਾਂ ਬਾਘ, ਚੀਤੇ, ਸ਼ੇਰ ਅਤੇ ਹੋਰਨਾਂ ਬਿੱਲੀ ਪ੍ਰਜਾਤੀਆਂ ਲਈ ਰਾਤ ਦੇ ਆਸਰਾ ਸਥਾਨਾਂ ਵਿੱਚ ਰੂਮ ਹੀਟਰ ਅਤੇ ਹੀਟ ਕੰਵੈਕਟਰਾਂ ਦੀ ਵਿਵਸਥਾ ਕੀਤੀ ਗਈ ਹੈ। ਸਾਰੀਆਂ ਖਿੜਕੀਆਂ ਅਤੇ ਖੁੱਲ੍ਹਿਆਂ ਥਾਵਾਂ ਨੂੰ ਪੌਲੀਥੀਨ ਸ਼ੀਟ ਜਾਂ ਫਾਈਬਰ ਸ਼ੀਟ ਅਤੇ ਸਰਕੰਡੇ ਘਾਹ ਦੀ ਛੱਤ ਨਾਲ ਢੱਕਿਆ ਗਿਆ ਹੈ। ਸਾਰੇ ਵਧੇਰੀ ਉਮਰ ਅਤੇ ਛੋਟੀ ਉਮਰ ਦੇ ਜਾਨਵਰਾਂ ਲਈ ਵਿਸ਼ੇਸ਼ ਤਾਪਮਾਨ ਨਿਯੰਤਰਣ ਪ੍ਰਬੰਧ ਕੀਤੇ ਗਏ ਹਨ।

## ਬੀਬੀ ਸੁਰਜੀਤ ਕੌਰ ਭੁੰਗਰਨੀ ਨੂੰ ਨਮ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪਿੰਡ ਭੁੰਗਰਨੀ ਦੇ ਉਘੇ ਸਮਾਜ ਸੇਵਕ ਸਤਪਾਲ ਸਿੰਘ ਭੁੰਗਰਨੀ ਸਿੱਖ ਮਿਸ਼ਨਰੀ ਕਾਲਜ ਸਰਕਲ ਭੁੰਗਰਨੀ ਦੇ ਇੰਚਾਰਜ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪੂਜਨੀਕ ਮਾਤਾ ਬੀਬੀ ਸੁਰਜੀਤ ਕੌਰ ਭੁੰਗਰਨੀ ਬੀਤੀ ਦਿਨੀਂ ਅਕਾਲ ਚਲਾਣਾ ਕਰ ਗਏ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਪੱਤਰਕਾਰ ਭਾਈਚਾਰਾ, ਸਿਆਸੀ ਆਗੂਆਂ ਅਤੇ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਪੁੱਤਰ ਸਤਪਾਲ ਸਿੰਘ ਭੁੰਗਰਨੀ, ਅਵਤਾਰ ਸਿੰਘ ਫਗਵਾੜਾ ਭੁੰਗਰਨੀ ਵਾਲਿਆਂ ਦੇ ਦੱਸਿਆ ਕਿ ਬੀਬੀ ਸੁਰਜੀਤ ਕੌਰ ਭੁੰਗਰਨੀ ਨੂੰ ਨਵ ਅੱਖਾਂ ਨਾਲ ਪਿੰਡ ਭੁੰਗਰਨੀ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਇਲਾਕੇ ਭਰ ਤੋਂ ਵੱਖ ਵੱਖ ਪ੍ਰਮੁੱਖ ਸਖਸ਼ੀਅਤਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਅੰਤਿਮ ਸੰਸਕਾਰ ਮੌਕੇ ਇਲਾਕੇ ਭਰ ਤੋਂ ਵੱਡੀ ਗਿਣਤੀ ਵਿਚ ਸੱਜਣ ਮਿੱਤਰ, ਰਿਸ਼ਤੇਦਾਰ ਅਤੇ ਪਿੰਡ ਵਾਸੀ ਹਾਜ਼ਰ ਸਨ।

